@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 29 September 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 29 ਸਤੰਬਰ 2025, 15 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 320, qpatrika@gmail.com ਫੋਨ : 9971359517 www.qaumipatrika.org

## ਸ਼ਹੀਦ ਭਗਤ ਸਿੰਘ ਵਿਰਾਸਤੀ ਕੰਪਲੈਕਸ ਜਲਦ ਕੀਤਾ ਜਾਵੇਗਾ ਲੋਕਾਂ ਨੂੰ ਸਮਰਪਿਤ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਖਟਕੜ ਕਲਾਂ 28 ਸਤੰਬਰ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ਼ਹੀਦ-ਆਜ਼ਮ ਭਗਤ ਸਿੰਘ ਨੂੰ ਉਨ੍ਹਾਂ ਦੇ ਜਨਮ ਦਿਵਸ 'ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਆਉਣ ਵਾਲੇ ਮਹੀਨਿਆਂ ਵਿੱਚ ਮਹਾਨ ਸ਼ਹੀਦ ਦੇ ਜੱਦੀ ਪਿੰਡ ਵਿਖੇ ਸ਼ਹੀਦ ਭਗਤ ਸਿੰਘ ਵਿਰਾਸਤੀ ਕੰਪਲੈਕਸ ਸੂਬੇ ਨੂੰ ਸਮਰਪਿਤ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਸ਼ਹੀਦ-ਏ-ਆਜ਼ਮ ਦੇ ਜਨਮ ਦਿਵਸ 'ਤੇ ਅਜਾਇਬ ਘਰ ਵਿੱਚ ਸਥਾਪਿਤ ਕੀਤਾ ਗਿਆ 100 ਫੁੱਟ ਉੱਚਾ ਤਿਰੰਗਾ ਝੰਡਾ ਵੀ ਲੋਕਾਂ ਨੂੰ ਸਮਰਪਿਤ ਕੀਤਾ। ਉਨ੍ਹਾਂ ਕਿਹਾ ਕਿ ਇਹ 30 ⊘ 20 ਫੁੱਟ ਆਕਾਰ ਦਾ ਕੌਮੀ ਝੰਡਾ ਸ਼ਹੀਦ ਭਗਤ ਸਿੰਘ ਵਿਰਾਸਤੀ ਕੰਪਲੈਕਸ ਦਾ ਹਿੱਸਾ ਹੈ, ਜੋ ਸਾਰਿਆਂ ਲਈ ਸਤਿਕਾਰਤ ਇਸ ਸਥਾਨ ਦਾ ਮਾਣ-ਸਨਮਾਨ ਹੋਰ ਵਧਾਏਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕੰਪਲੈਕਸ ਦਾ ਕੰਮ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਿਹਾ ਹੈ, ਜੋ ਬਹੁਤ ਜਲਦ ਪੂਰਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ 51.70 ਕਰੋੜ ਰੁਪਏ ਦੀ ਲਾਗਤ ਨਾਲ ਬਣਾਇਆ ਜਾ ਰਿਹਾ ਇਹ ਕੰਪਲੈਕਸ ਸ਼ਹੀਦ-ਏ-ਆਜ਼ਮ ਨੂੰ ਨਿਮਰ ਸ਼ਰਧਾਂਜਲੀ ਹੈ। ਸ਼ਹੀਦ ਭਗਤ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਹਾਨ ਸ਼ਹੀਦ ਨੇ ਭਾਰਤ ਨੂੰ ਵਿਦੇਸ਼ੀ ਸਾਮਰਾਜਵਾਦ ਦੀਆਂ ਗੁਲਾਮੀ ਦੀਆਂ ਬੇੜੀਆਂ ਤੋਂ ਆਜ਼ਾਦ ਕਰਵਾਉਣ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦਿੱਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਮਹੱਤਵਪੂਰਨ ਪ੍ਰਾਜੈਕਟ ਦੇਸ਼ ਦੀ ਨਿਰਸਵਾਰਥ ਸੇਵਾ ਵਾਸਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਵਜੋਂ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਇਸ ਮਹੱਤਵਪੂਰਨ ਪਹਿਲ ਦਾ ਉਦੇਸ਼ ਸਾਡੀ ਮਿੱਟੀ ਦੇ ਮਹਾਨ ਸਪੂਤ ਦੀ ਬੇਮਿਸਾਲ ਵਿਰਾਸਤ ਨੂੰ ਸੰਭਾਲਣਾ ਅਤੇ ਵੱਧ ਤੋਂ ਵੱਧ ਪ੍ਰਫੁੱਲਤ ਕਰਨਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਕੰਪਲੈਕਸ ਸਿਰਫ਼ ਇੱਕ ਸਮਾਰਕ ਨਹੀਂ, ਸਗੋਂ ਇੱਕ ਵਿਲੱਖਣ ਅਨੁਭਵ ਹੋਵੇਗਾ ਕਿਉਂਕਿ ਇਹ ਸੈਲਾਨੀਆਂ ਨੂੰ ਮਾਤ ਭੂਮੀ ਲਈ ਸ਼ਹੀਦ ਭਗਤ ਸਿੰਘ ਦੀ ਮਹਾਨ ਕੁਰਬਾਨੀ, ਉਨ੍ਹਾਂ ਦੀ ਡੂੰਘੀ ਸੂਝ-ਬੂਝ ਅਤੇ ਦਲੇਰਾਨਾ ਭਾਵਨਾ ਬਾਰੇ ਨੇੜਿਓਂ ਜਾਣਨ ਦਾ ਮੌਕਾ ਦੇਵੇਗਾ। ਮੁੱਖ ਮੰਤਰੀ ਨੇ ਦੁਹਰਾਇਆ ਕਿ ਇਸ ਸਮਾਰਕ ਵਿੱਚ ਇੱਕ ਗ੍ਰੈਂਡ ਥੀਮੈਟਿਕ ਗੇਟ, ਸ਼ਹੀਦ ਭਗਤ ਸਿੰਘ ਅਜਾਇਬ ਘਰ ਨੂੰ ਉਨ੍ਹਾਂ ਦੇ ਜੱਦੀ ਘਰ ਨਾਲ ਜੋੜਦਾ 350 ਮੀਟਰ ਲੰਬੀ ਵਿਰਾਸਤੀ ਲਾਂਘਾ ਹੋਵੇਗਾ, ਜੋ ਸ਼ਹੀਦ-ਏ-ਆਜ਼ਮ ਦੇ ਜੀਵਨ ਅਤੇ ਭਾਰਤ ਦੇ ਆਜ਼ਾਦੀ ਸੰਘਰਸ਼ ਨੂੰ ਮੂਰਤੀ-ਕਲਾ, 2ਡੀ/3ਡੀ ਕੰਧ ਕਲਾ ਰਾਹੀਂ ਬਿਆਨ ਕਰਦਿਆਂ ਬਸਤੀਵਾਦੀ ਯੁੱਗ ਦੇ ਭਾਰਤ ਦੇ ਸਾਰ ਨੂੰ ਦਰਸਾਏਗੀ। ਉਨ੍ਹਾਂ ਕਿਹਾ ਕਿ ਇਸ ਵਿੱਚ 700 ਸੀਟਾਂ ਵਾਲਾ ਪੂਰੀ ਤਰ੍ਹਾਂ ਏਅਰ-ਕੰਡੀਸ਼ਨਡ ਆਡੀਟੋਰੀਅਮ ਵੀ ਹੋਵੇਗਾ ਅਤੇ ਨਾਲ ਹੀ ਸ਼ਹੀਦ ਭਗਤ ਸਿੰਘ ਦੇ ਲਾਇਲਪੁਰ (ਹੁਣ ਪਾਕਿਸਤਾਨ ਵਿੱਚ) ਵਿਚਲੇ ਜੱਦੀ ਘਰ ਦਾ ਇਕ ਮਾਡਲ ਵੀ ਬਣਾਇਆ ਜਾ ਰਿਹਾ ਹੈ। ਇਸ ਦੇ ਨਾਲ ਹੀ ਵਿਰਾਸਤੀ ਗਲੀ ਵਿੱਚ ਉਨ੍ਹਾਂ ਦੇ ਜੱਦੀ ਪਿੰਡ ਦੀ ਝਲਕ ਬਾਖੂਬੀ ਢੰਗ ਨਾਲ ਪੇਸ਼ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਤੋਂ ਇਲਾਵਾ ਖਟਕੜ ਕਲਾਂ ਵਿਖੇ ਮਹਾਨ ਸ਼ਹੀਦ ਦੇ ਜੱਦੀ ਘਰ ਨੂੰ ਸੁਰੱਖਿਅਤ ਢੰਗ ਨਾਲ ਬਹਾਲ ਕੀਤਾ ਜਾ ਰਿਹਾ ਹੈ। ਇਸਦੇ ਨਾਲ ਹੀ ਸੈਲਾਨੀਆਂ ਨੂੰ ਪਿਛਲੇ ਸਮੇਂ 'ਚ ਲਿਜਾ ਕੇ ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਇਨਕਲਾਬੀ ਜੋਸ਼ ਦਾ ਸਾਖੀ ਬਣਾਉਣ ਲਈ ਉਨ੍ਹਾਂ ਦੇ ਅਦਾਲਤੀ ਮੁਕੱਦਮੇ ਦੀ ਡਿਜੀਟਲ ਝਲਕ ਵੀ ਤਿਆਰ ਕੀਤੀ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਮੌਜੂਦਾ ਲਾਇਬ੍ਰੇਰੀ ਦਾ ਵੀ ਆਧੁਨਿਕਰਨ ਅਤੇ ਡਿਜੀਟਾਈਜ਼ ਕੀਤਾ ਜਾ ਰਿਹਾ ਹੈ ਤਾਂ ਜੋ ਇਸਦੇ ਅਨੁਭਵ ਨੂੰ ਹੋਰ ਬਿਹਤਰ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਕੰਪਲੈਕਸ ਵਿਖੇ ਹੋਰ ਸਹੂਲਤਾਂ ਵਿੱਚ ਇੱਕ ਟੂਰਿਸਟ ਫੈਸੀਲੀਟੇਸ਼ਨ ਸੈਂਟਰ, ਬਾਗਬਾਨੀ ਲੈਂਡਸਕੇਪਿੰਗ, ਸੰਗੀਤਕ ਫੁਹਾਰਾ ਅਤੇ ਢੁਕਵੀਂ ਪਾਰਕਿੰਗ ਥਾਂ ਹੋਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੂਬਾ ਸਰਕਾਰ ਦਾ ਫਰਜ਼ ਹੈ ਕਿ ਉਹ ਮਾਤ ਭੂਮੀ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ ਦੀ ਵਿਰਾਸਤ ਨੂੰ ਕਾਇਮ ਰੱਖੇ।



### 10,000 ਰੁਪਏ ਨਾਲ ਸਨਮਾਨ ਨਹੀਂ ਖਰੀਦਿਆ ਜਾ ਸਕਦਾ, ਪ੍ਰਿਯੰਕਾ ਗਾਂਧੀ ਨੇ ਵਿਰੋਧੀ ਧਿਰ 'ਤੇ ਵਿੰਨ੍ਹਿਆ ਨਿਸ਼ਾਨਾ

ਨੈਸ਼ਨਲ ਡੈਸਕ 28 ਸਤੰਬਰ। ਕਾਂਗਰਸ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਬਿਹਾਰ ਦੀ ਆਪਣੀ ਫੇਰੀ ਦੌਰਾਨ ਪਟਨਾ ਦੇ ਸਦਾਕਤ ਆਸ਼ਰਮ 'ਚ 200 ਤੋਂ ਵੱਧ ਔਰਤਾਂ ਨਾਲ ਗੱਲਬਾਤ ਕੀਤੀ। ਪ੍ਰਿਯੰਕਾ ਦੀ ਫੇਰੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਔਰਤਾਂ ਦੇ ਮੁੱਦਿਆਂ 'ਤੇ ਕੇਂਦ੍ਰਿਤ ਸੀ, ਜਿੱਥੇ ਉਨ੍ਹਾਂ ਨੇ ਸੱਤਾਧਾਰੀ ਪਾਰਟੀ 'ਤੇ ਸਿੱਧਾ ਹਮਲਾ ਕੀਤਾ ਅਤੇ ਕਾਂਗਰਸ ਪਾਰਟੀ ਵੱਲੋਂ ਕਈ ਵਾਅਦੇ ਕੀਤੇ। ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਨਕਦੀ ਨਾਲ ਸਨਮਾਨ ਨਹੀਂ ਖਰੀਦਿਆ ਜਾ ਸਕਦਾ। ਉਨ੍ਹਾਂ ਕਿਹਾ, ਸਨਮਾਨ ਦਾ ਮਤਲਬ ਇਹ ਨਹੀਂ ਹੈ ਕਿ ਤੁਸੀਂ ਚੋਣਾਂ




ਤੋਂ ਪਹਿਲਾਂ 10,000 ਰੁਪਏ ਦਿਓ। ਸਨਮਾਨ ਉਦੋਂ ਹੋਵੇਗਾ ਜਦੋਂ ਤੁਹਾਡੀ ਜ਼ਿੰਦਗੀ ਸੁਧਰੇਗੀ, ਕੁੜੀਆਂ ਸੁਰੱਖਿਅਤ ਮਹਿਸੂਸ ਕਰਨਗੀਆਂ, ਅਤੇ ਜਦੋਂ ਤੁਸੀਂ ਬੋਲੋਗੇ ਤਾਂ ਤੁਹਾਨੂੰ ਨਿਆਂ ਮਿਲੇਗਾ। ਕਾਂਗਰਸ ਨੇਤਾ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਭਾਜਪਾ 'ਤੇ ਵੀ ਸਵਾਲ ਉਠਾਏ। ਉਨ੍ਹਾਂ ਕਿਹਾ ਕਿ ਪਿਛਲੇ 20 ਸਾਲਾਂ ਵਿੱਚ ਸਰਕਾਰ ਨੇ ਔਰਤਾਂ ਨੂੰ ਸੁਰੱਖਿਆ ਅਤੇ ਸਮਾਨਤਾ ਦੀ ਭਾਵਨਾ ਪ੍ਰਦਾਨ ਨਹੀਂ ਕੀਤੀ ਹੈ। ਜਦੋਂ ਤੁਸੀਂ ਆਪਣੀ ਆਵਾਜ਼ ਉਠਾਉਂਦੇ ਹੋ, ਤਾਂ ਪੁਲਸ ਤੁਹਾਨੂੰ ਰੋਕਣ ਲਈ ਆਉਂਦੀ ਹੈ। ਕੀ ਤੁਸੀਂ ਅਪਰਾਧੀ ਹੋ ਕਿ ਤੁਹਾਨੂੰ ਕੁੱਟਿਆ ਜਾਂਦਾ ਹੈ ਅਤੇ ਪੁਲਸ ਸਟੇਸ਼ਨ ਲਿਜਾਇਆ ਜਾਂਦਾ ਹੈ?

### ਪ੍ਰਧਾਨ ਮੰਤਰੀ ਮੋਦੀ ਨੂੰ ਗਊ ਹੱਤਿਆਰਾ ਕਹਿ ਕੇ ਫਸ ਗਏ ਸ਼ੰਕਰਾਚਾਰੀਆ ਅਵਿਮੁਕਤੇਸ਼ਵਰਾਨੰਦ !

ਨੈਸ਼ਨਲ ਡੈਸਕ 28 ਸਤੰਬਰ। ਮੱਧ ਪ੍ਰਦੇਸ਼ ਦੀ ਜਬਲਪੁਰ ਜ਼ਿਲ੍ਹਾ ਅਦਾਲਤ ਨੇ ਸ਼ੰਕਰਾਚਾਰੀਆ ਅਵਿਮੁਕਤੇਸ਼ਵਰਾਨੰਦ ਸਰਸਵਤੀ ਨੂੰ ਸੰਮਨ ਭੇਜੇ ਹਨ ਅਤੇ ਉਨ੍ਹਾਂ ਨੂੰ 12 ਨਵੰਬਰ ਨੂੰ ਅਦਾਲਤ ਵਿੱਚ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਹੈ। ਇਹ ਹੁਕਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਾਸ਼ਟਰਪਤੀ ਅਤੇ ਜਗਦਗੁਰੂ ਸਵਾਮੀ ਰਾਮਭਦਰਚਾਰੀਆ ਵਿਰੁੱਧ ਅਪਮਾਨਜਨਕ ਅਤੇ ਗੁੰਮਰਾਹਕੁੰਨ ਟਿੱਪਣੀਆਂ ਕਰਨ ਦੇ ਮਾਮਲੇ ਦੇ ਸੰਬੰਧ ਵਿੱਚ ਹੈ। ਰਿਪੋਰਟਾਂ ਅਨੁਸਾਰ, ਸ਼ੰਕਰਾਚਾਰੀਆ ਅਵਿਮੁਕਤੇਸ਼ਵਰਾਨੰਦ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਗਊ ਹੱਤਿਆਰਾ ਕਿਹਾ ਸੀ। ਉਨ੍ਹਾਂ ਰਾਸ਼ਟਰਪਤੀ ਦੇ ਆਦੇਸ਼ਾਂ 'ਤੇ ਵੀ ਸਵਾਲ ਉਠਾਏ ਸਨ ਅਤੇ ਉਨ੍ਹਾਂ 'ਤੇ ਜਗਦਗੁਰੂ ਰਾਮਭਦਰਚਾਰੀਆ ਬਾਰੇ ਗੁੰਮਰਾਹਕੁੰਨ ਜਾਣਕਾਰੀ ਫੈਲਾਉਣ ਦਾ ਦੋਸ਼ ਲਗਾਇਆ ਗਿਆ ਸੀ। ਇਸ ਮਾਮਲੇ ਵਿੱਚ ਸੇਵਾਮੁਕਤ ਕਰਮਚਾਰੀ ਨੇਤਾ ਰਾਮਪ੍ਰਕਾਸ਼ ਅਵਸਥੀ ਦੁਆਰਾ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਸ਼ੰਕਰਾਚਾਰੀਆ ਨੇ ਨਾ ਸਿਰਫ਼ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਵਿਰੁੱਧ ਅਪਮਾਨਜਨਕ ਟਿੱਪਣੀਆਂ ਕੀਤੀਆਂ, ਸਗੋਂ ਜਗਦਗੁਰੂ ਰਾਮਭਦਰਚਾਰੀਆ ਬਾਰੇ ਗਲਤ ਜਾਣਕਾਰੀ ਵੀ ਫੈਲਾਈ। ਅਦਾਲਤ ਨੇ ਸੂਚਨਾ ਤਕਨਾਲੋਜੀ ਐਕਟ ਦੀ ਧਾਰਾ 256, 399, 302, ਅਤੇ ਧਾਰਾ 661 ਅਤੇ 71 ਦੇ ਤਹਿਤ ਮਾਮਲੇ ਦੀ ਸੁਣਵਾਈ ਕਰਦੇ ਹੋਏ ਸੰਮਨ ਜਾਰੀ ਕੀਤੇ। ਸ਼ੰਕਰਾਚਾਰੀਆ ਅਵਿਮੁਕਤੇਸ਼ਵਰਾਨੰਦ ਸਰਸਵਤੀ ਹੁਣ 12 ਨਵੰਬਰ ਨੂੰ ਅਦਾਲਤ ਵਿੱਚ ਪੇਸ਼ ਹੋਣਗੇ।

## ਘੁਸਪੈਠੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਦੁਆਉਣਾ ਚਾਹੁੰਦੇ ਹਨ ਰਾਹੁਲ ਤੇ ਲਾਲੂ : ਸ਼ਾਹ

ਕੌਮੀ ਪਤ੍ਰਿਕਾ

ਪਟਨਾ/ਅਰਰੀਆ, 28 ਸਤੰਬਰ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਾਂਗਰਸ ਦੇ ਨੇਤਾ ਰਾਹੁਲ ਗਾਂਧੀ ਤੇ ਉਨ੍ਹਾਂ ਦੀ ਸਹਿਯੋਗੀ ਪਾਰਟੀ ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ 'ਤੇ ਘੁਸਪੈਠੀਆਂ ਨੂੰ ਵੋਟ ਪਾਉਣ ਦਾ ਅਧਿਕਾਰ ਦੁਆਉਣ ਦੀ ਕੋਸ਼ਿਸ਼ ਕਰਨ ਦਾ ਸ਼ਨੀਵਾਰ ਦੋਸ਼ ਲਾਇਆ। ਅਰਰੀਆ ਜ਼ਿਲੇ 'ਚ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਸ਼ਾਹ ਨੇ ਕਿਹਾ ਕਿ ਜੇ ਰਾਸ਼ਟਰੀ ਜਮਹੂਰੀ ਗੱਠਜੋੜ ਦੋ-ਤਿਹਾਈ ਬਹੁਮਤ ਨਾਲ ਸੱਤਾ 'ਚ ਵਾਪਸ ਆਉਂਦਾ ਹੈ ਤਾਂ ਹਰ ਘੁਸਪੈਠੀਏ ਨੂੰ ਬਿਹਾਰ ਤੋਂ ਬਾਹਰ ਕੱਢ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਕੁਝ ਸਮਾਂ ਪਹਿਲਾਂ ਇੱਥੇ ਇਕ ਯਾਤਰਾ ਕੱਢੀ ਸੀ। ਇਸ ਯਾਤਰਾ ਦਾ ਮੰਤਵ ਚੋਣ ਕਮਿਸ਼ਨ ਦੀ ਵਿਸ਼ੇਸ਼ ਤੀਬਰ ਵੋਟਰ ਸੂਚੀ ਸੋਧ ਪ੍ਰਕਿਰਿਆ ਦਾ ਵਿਰੋਧ ਕਰਨਾ ਸੀ। ਕਮਿਸ਼ਨ ਵੋਟਰ ਸੂਚੀ 'ਚੋਂ ਘੁਸਪੈਠੀਆਂ ਦੇ ਨਾਂ ਹਟਾਉਣਾ ਚਾਹੁੰਦਾ ਹੈ। ਸ਼ਾਹ ਵੋਟਰ ਅਧਿਕਾਰ ਯਾਤਰਾ ਦਾ ਹਵਾਲਾ ਦੇ ਰਹੇ ਸਨ। ਇਸ ਅਧੀਨ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਅਤੇ ਲਾਲੂ ਦੇ ਪੁੱਤਰ ਤੇ ਉਨ੍ਹਾਂ ਦੇ ਸਿਆਸੀ ਜਾਨਸ਼ੀਨ ਮੰਨੇ ਜਾਂਦੇ ਤੇਜਸਵੀ ਯਾਦਵ ਨੇ 25 ਜ਼ਿਲਿਆਂ 'ਚ 1,300 ਕਿਲੋਮੀਟਰ ਦੀ



ਯਾਤਰਾ ਕੀਤੀ ਸੀ। ਸ਼ਾਹ ਨੇ ਇਹ ਵੀ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਇਸ ਖੇਤਰ ਵਿਚ ਪਾਰਟੀ ਦਾ ਪ੍ਰਦਰਸ਼ਨ ਚੰਗਾ ਸੀ, ਪਰ ਇਸ ਵਾਰ ਵਰਕਰਾਂ ਨੂੰ 160 ਤੋਂ ਵੱਧ ਸੀਟਾਂ ਦੇ ਟੀਚੇ ਨੂੰ ਹਾਸਲ ਕਰਨ ਲਈ ਹੋਰ ਵੀ ਵਧੀਆ ਪ੍ਰਦਰਸ਼ਨ ਕਰਨਾ ਪਵੇਗਾ। ਚੋਣ ਕਮਿਸ਼ਨ ਵੱਲੋਂ 243 ਮੈਂਬਰੀ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਲਈ ਤਰੀਕਾਂ ਦਾ ਐਲਾਨ ਜਲਦੀ ਹੀ ਕੀਤੇ ਜਾਣ ਦੀ ਉਮੀਦ ਹੈ।

### ਸੁਖਬੀਰ ਸਿੰਘ ਬਾਦਲ ਨੇ ਕੀਤਾ ਬਿਆਸ ਦਰਿਆ ਦੇ ਬੰਨ੍ਹ ਦਾ ਦੌਰਾ

ਗੁਰਦਾਸਪੁਰ, 28 ਸਤੰਬਰ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਡੇਰਾ ਬਾਬਾ ਨਾਨਕ ਦੇ 137 ਪਿੰਡਾਂ ਵਾਸਤੇ ਮੱਕੀ ਦੇ ਅਚਾਰ ਦੀਆਂ 250 ਟਰਾਲੀਆਂ ਰਵਾਨਾ ਕੀਤੀਆਂ। ਇਸ ਤੋਂ ਇਲਾਵਾ ਉਨ੍ਹਾਂ ਹਰਿਗੋਬਿੰਦਪੁਰ ਹਲਕੇ ਦੇ ਪਿੰਡ ਬਹਾਦਰਪੁਰ ਰਾਜੋਆ ਵਿਖੇ ਬਿਆਸ ਦਰਿਆ ਦੇ ਬੰਨ੍ਹ ਦਾ ਵੀ ਦੌਰਾ ਕੀਤਾ। ਉਨ੍ਹਾਂ ਨੇ ਪ੍ਰਭਾਵਿਤ ਪਿੰਡਾਂ ਵਾਸਤੇ ਸੈਂਕੜੇ ਫੋਗਿੰਗ ਮਸ਼ੀਨਾਂ ਵੀ ਭੇਜੀਆਂ ਤੇ ਯੂਥ ਅਕਾਲੀ ਦਲ ਦੇ ਮੈਬਰਾਂ ਨੂੰ ਆਖਿਆ ਕਿ ਉਹ ਇਸ ਸਾਰੀ ਮੁਹਿੰਮ ਦੀ ਆਪ ਨਿੱਜੀ ਤੌਰ 'ਤੇ ਨਿਗਰਾਨੀ ਕਰਨ। ਬਾਦਲ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਨਾਲ ਫੋਨ 'ਤੇ ਗੱਲਬਾਤ ਵੀ ਕੀਤੀ ਤੇ ਉਨ੍ਹਾਂ ਦੇ ਧਿਆਨ ਵਿਚ ਭੱਖਦੇ ਮਸਲੇ ਲਿਆਂਦੇ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਰ ਮਦਦ ਦਾ ਭਰੋਸਾ ਦੁਆਇਆ। ਉਨ੍ਹਾਂ ਕਿਹਾ ਕਿ ਪੰਜਾਬ ਸਾਡਾ ਘਰ ਹੈ। ਇਸੇ ਲਈ ਅਸੀਂ ਹੜ੍ਹਾਂ ਦੇ ਪਹਿਲੇ ਦਿਨ ਤੋਂ ਮੋਹਰੀ ਹੋ ਕੇ ਬੰਨ੍ਹ ਪੂਰ ਰਹੇ ਹਾਂ, ਬੰਨ੍ਹਾਂ ਨੂੰ ਮਜ਼ਬੂਤ ਕਰ ਰਹੇ ਹਾਂ ਤੇ ਰਾਹਤ ਸਮੱਗਰੀ ਪ੍ਰਦਾਨ ਕਰ ਰਹੇ ਹਾਂ।

### ਭਾਰਤੀ ਫ਼ੌਜ ਦਾ ਵੱਡਾ ਕਦਮ ! ਪਾਕਿਸਤਾਨ ਬਾਰਡਰ 'ਤੇ ਤਾਇਨਾਤ ਹੋਵੇਗਾ 'ਅਨੰਤ ਸ਼ਸਤਰ'

ਨਵੀਂ ਦਿੱਲੀ 28 ਸਤੰਬਰ। ਭਾਰਤੀ ਫ਼ੌਜ ਨੇ ਹਵਾਈ ਰੱਖਿਆ ਨੂੰ ਮਜ਼ਬੂਤ ??ਕਰਨ ਲਈ ਇਕ ਵੱਡਾ ਕਦਮ ਚੁੱਕਿਆ ਹੈ। ਪਾਕਿਸਤਾਨ ਅਤੇ ਚੀਨ ਸਰਹੱਦਾਂ 'ਤੇ ਹਵਾਈ ਖਤਰਿਆਂ ਦਾ ਮੁਕਾਬਲਾ ਕਰਨ ਲਈ 'ਅਨੰਤ ਸ਼ਸਤਰ' ਸਰਫੇਸ-ਟੂ-ਏਅਰ ਮਿਜ਼ਾਈਲ ਸਿਸਟਮ ਖਰੀਦਣ ਲਈ 30,000 ਕਰੋੜ ਰੁਪਏ ਦਾ ਟੈਂਡਰ ਜਾਰੀ ਕੀਤਾ ਗਿਆ ਹੈ। ਇਸ ਨੂੰ ਪੱਛਮੀ (ਪਾਕਿਸਤਾਨ) ਅਤੇ ਉੱਤਰੀ (ਚੀਨ) ਸਰਹੱਦਾਂ 'ਤੇ ਤਾਇਨਾਤ ਕੀਤਾ ਜਾਏਗਾ। ਇਹ ਸਿਸਟਮ ਡਿਫੈਂਸ ਰਿਸਰਚ ਐਂਡ ਡਿਵੈੱਲਪਮੈਂਟ ਆਰਗੇਨਾਈਜੇਸ਼ਨ (ਡੀ. ਆਰ. ਡੀ. ਓ.) ਨੇ ਵਿਕਸਤ ਕੀਤਾ ਹੈ। ਪਹਿਲਾਂ ਇਸ ਨੂੰ ਕੁਇੱਕ ਰਿਐਕਸ਼ਨ ਸਰਫੇਸ-ਟੂ-ਏਅਰ ਮਿਜ਼ਾਈਲ ਕਿਹਾ ਜਾਂਦਾ ਸੀ। ਇਹ ਸਿਸਟਮ ਆਪ੍ਰੇਸ਼ਨ ਸਿੰਧੂਰ ਦੌਰਾਨ ਪਾਕਿਸਤਾਨੀ ਡਰੋਨ ਹਮਲਿਆਂ ਨੂੰ ਰੋਕਣ ਵਿਚ ਮੁੱਖ ਭੂਮਿਕਾ ਨਿਭਾਅ ਚੁੱਕਾ ਹੈ। ਮਈ, 2025 ਵਿਚ ਹੋਏ ਆਪ੍ਰੇਸ਼ਨ ਸਿੰਧੂਰ ਦੇ ਤੁਰੰਤ ਬਾਅਦ ਡਿਫੈਂਸ ਐਕਵੀਜ਼ਿਸ਼ਨ ਕੌਂਸਲ ਨੇ ਇਸ ਸਵਦੇਸ਼ੀ ਸਿਸਟਮ ਨੂੰ ਖਰੀਦਣ ਦੀ ਪ੍ਰਵਾਨਗੀ ਦਿੱਤੀ। 'ਅਨੰਤ ਸ਼ਸਤਰ' ਸਿਸਟਮ ਬਹੁਤ ਤੇਜ਼ ਹੈ। ਇਹ ਚਲਦੇ-ਫਿਰਦੇ ਟਾਰਗੈੱਟ ਨੂੰ ਲੱਭ ਅਤੇ ਟਰੈਕ ਕਰ ਸਕਦਾ ਹੈ। ਇਸ ਦੀ ਰੇਂਜ ਲੱਗਭਗ 30 ਕਿਲੋਮੀਟਰ ਹੈ। ਇਹ ਛੋਟੇ ਡਰੋਨਾਂ ਤੋਂ ਲੈ ਕੇ ਵੱਡੇ ਜਹਾਜ਼ਾਂ ਤੱਕ ਨੂੰ ਨਿਸ਼ਾਨਾ ਬਣਾ ਸਕਦਾ ਹੈ।

## 'ਇੱਕ ਮੌਲਾਨਾ ਭੁੱਲ ਗਿਆ ਕਿ ਸੂਬੇ 'ਚ ਸੱਤਾ ਕਿਸਦੀ ਹੈ': ਮੁੱਖ ਮੰਤਰੀ ਯੋਗੀ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਯੂਪੀ 28 ਸਤੰਬਰ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਇੱਕ ਦਿਨ ਪਹਿਲਾਂ ਬਰੇਲੀ ਵਿੱਚ ਪੁਲਸ ਅਤੇ ਸਥਾਨਕ ਲੋਕਾਂ ਵਿਚਕਾਰ ਹੋਈਆਂ ਝੜਪਾਂ 'ਤੇ ਸਖ਼ਤ ਰੁਖ਼ ਅਪਣਾਉਂਦੇ ਹੋਏ ਉਹ ਦੰਗਾਕਾਰੀਆਂ ਨੂੰ ਅਜਿਹਾ ਸਬਕ ਸਿਖਾਉਣਗੇ ਕਿ ਆਉਣ ਵਾਲੀਆਂ ਪੀੜ੍ਹੀਆਂ ਦੰਗਾ ਕਰਨਾ ਭੁੱਲ ਜਾਣ। ਇੱਕ ਮੀਡੀਆ ਸੰਗਠਨ ਦੇ ਵਿਕਸਤ ਉੱਤਰ ਪ੍ਰਦੇਸ਼ ਵਿਜ਼ਨ-2024 ਪ੍ਰੋਗਰਾਮ ਵਿੱਚ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਇੱਕ ਸਖ਼ਤ ਸੰਦੇਸ਼ ਦਿੱਤਾ ਹੈ ਕਿ ਕਾਨੂੰਨ ਵਿਵਸਥਾ ਵਿੱਚ ਕਿਸੇ ਵੀ ਤਰ੍ਹਾਂ ਦੀ ਵਿਘਨ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਹਨਾਂ ਨੇ ਬਿਨਾਂ ਕਿਸੇ ਦਾ ਨਾਮ ਲਏ ਚੇਤਾਵਨੀ ਦਿੱਤੀ, ਤੁਸੀਂ ਕੱਲ੍ਹ ਬਰੇਲੀ ਵਿੱਚ ਦੇਖਿਆ ਹੋਵੇਗਾ... ਉਹ ਮੌਲਾਨਾ ਭੁੱਲ ਗਿਆ ਕਿ ਸੱਤਾ ਵਿੱਚ ਕੌਣ ਹੈ। ਉਸਨੇ ਸੋਚਿਆ ਸੀ ਕਿ ਉਹ ਧਮਕੀਆਂ ਦੇਵੇਗਾ ਅਤੇ ਸੜਕਾਂ ਨੂੰ ਜਾਮ ਕਰੇਗਾ। ਮੈਂ ਕਿਹਾ ਸੀ ਕਿ ਨਾ ਤਾਂ ਕੋਈ ਨਾਕਾਬੰਦੀ ਹੋਵੇਗੀ, ਨਾ ਕਰਫਿਊ... ਮੈਂ ਤੁਹਾਨੂੰ ਅਜਿਹਾ ਸਬਕ ਸਿਖਾਵਾਂਗਾ ਕਿ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਭੁੱਲ ਜਾਣਗੀਆਂ ਕਿ ਦੰਗੇ ਕਿਵੇਂ ਕਰਨੇ ਹਨ। ਯੋਗੀ ਦੀ ਇਹ ਚੇਤਾਵਨੀ ਇਤੇਹਾਦ-ਏ-ਮਿਲਤ ਕੌਂਸਲ ਦੇ ਮੁਖੀ ਮੌਲਾਨਾ ਤੌਕੀਰ ਰਜ਼ਾ ਖਾਨ ਵਾਂਗ ਜਾਪਦੀ ਹੈ, ਜਿਨ੍ਹਾਂ ਨੇ ਸ਼ੁਰੂ ਵਿੱਚ ਆਈ ਲਵ ਮੁਹੰਮਦ ਮੁਹਿੰਮ ਦੇ ਸਮਰਥਨ ਵਿੱਚ ਵਿਰੋਧ ਪ੍ਰਦਰਸ਼ਨਾਂ ਦਾ ਸੱਦਾ ਦਿੱਤਾ ਸੀ। ਬਰੇਲੀ ਵਿੱਚ ਸ਼ੁੱਕਰਵਾਰ ਦੀ



ਨਮਾਜ਼ ਤੋਂ ਬਾਅਦ ਇੱਕ ਮਸਜਿਦ ਦੇ ਬਾਹਰ ਇਕੱਠੇ ਹੋਏ ਸਥਾਨਕ ਲੋਕਾਂ ਅਤੇ ਪੁਲਸ ਵਿਚਕਾਰ ਝੜਪ ਹੋ ਗਈ। ਜ਼ਿਲ੍ਹਾ ਮੈਜਿਸਟ?ਰੇਟ ਅਵਿਨਾਸ਼ ਸਿੰਘ ਨੇ ਪੁਸ਼ਟੀ ਕੀਤੀ ਕਿ ਭਾਰਤੀ ਸਿਵਲ ਸੁਰੱਖਿਆ ਕੋਡ ਦੀ ਧਾਰਾ 163 ਲਾਗੂ ਹੈ, ਜਿਸ ਲਈ ਕਿਸੇ ਵੀ ਮਾਰਚ ਜਾਂ ਪ੍ਰਦਰਸ਼ਨ ਲਈ ਲਿਖਤੀ ਇਜਾਜ਼ਤ ਦੀ ਲੋੜ ਹੁੰਦੀ ਹੈ। ਇਸ ਦੇ ਬਾਵਜੂਦ, ਕੁਝ ਲੋਕ ਸੜਕਾਂ 'ਤੇ ਉਤਰ ਆਏ ਅਤੇ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਕਾਰਨ ਪੁਲਸ ਨੂੰ ਸਖ਼ਤ ਕਾਰਵਾਈ ਕਰਨੀ ਪਈ ਅਤੇ 24 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਸ ਨੇ ਪੁਸ਼ਟੀ ਕੀਤੀ ਕਿ ਸਥਾਨਕ ਮੌਲਵੀ ਅਤੇ ਇਤੇਹਾਦ-ਏ-ਮਿਲਤ ਕੌਂਸਲ ਦੇ ਮੁਖੀ ਮੌਲਾਨਾ ਤੌਕੀਰ ਰਜ਼ਾ ਦੇ ਸੱਦੇ ਤੋਂ ਬਾਅਦ ਆਈ ਲਵ ਮੁਹੰਮਦ ਮੁਹਿੰਮ ਦੇ ਸਮਰਥਨ ਵਿੱਚ ਕਈ ਪ੍ਰਦਰਸ਼ਨਕਾਰੀ ਮਸਜਿਦ ਦੇ ਬਾਹਰ ਇਕੱਠੇ ਹੋਏ ਸਨ। ਇਹ ਵਿਵਾਦ 9 ਸਤੰਬਰ ਨੂੰ ਕਾਨਪੁਰ ਵਿੱਚ ਦਰਜ ਇੱਕ ਐਫਆਈਆਰ ਨਾਲ ਸਬੰਧਤ ਹੈ। ਕਾਨਪੁਰ ਪੁਲਸ ਨੇ 4 ਸਤੰਬਰ ਨੂੰ ਬਾਰਾਫਾਥਾ ਜਲੂਸ ਦੌਰਾਨ ਕਾਨਪੁਰ ਦੀ ਇੱਕ ਗਲੀ 'ਤੇ ਆਈ ਲਵ ਮੁਹੰਮਦ ਲਿਖਿਆ ਬੋਰਡ ਲਗਾਉਣ ਦੇ ਦੋਸ਼ ਵਿੱਚ ਨੌਂ ਨਾਮਜ਼ਦ ਅਤੇ 15 ਅਣਪਛਾਤੇ ਵਿਅਕਤੀਆਂ ਵਿਰੁੱਧ ਐਫਆਈਆਰ ਦਰਜ ਕੀਤੀ ਸੀ। ਜਨਤਕ ਮੀਟਿੰਗ ਦੇ ਪਿੱਛੇ ਦੇ ਮਨੋਰਥ 'ਤੇ ਸਵਾਲ ਉਠਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ, ਇਹ ਸਿਸਟਮ ਨੂੰ ਅਧਰੰਗ ਕਰਨ ਦਾ ਕਿਹੋ ਜਿਹਾ ਤਰੀਕਾ ਹੈ? 2017 ਤੋਂ ਪਹਿਲਾਂ ਉੱਤਰ ਪ੍ਰਦੇਸ਼ ਵਿੱਚ ਇਹ ਆਮ ਸੀ ਪਰ 2017 ਤੋਂ ਬਾਅਦ, ਅਸੀਂ ਕਰਫਿਊ ਵੀ ਨਹੀਂ ਲਗਾਉਣ ਦਿੱਤਾ।

### ਸੋਨਮ ਵਾਂਗਚੁਕ ਦੇ ਪਾਕਿਸਤਾਨ ਨਾਲ ਸਬੰਧ ਸਨ ! ਲੱਦਾਖ ਦੇ ਡੀਜੀਪੀ ਨੇ ਕੀਤਾ ਵੱਡਾ ਖੁਲਾਸਾ

ਨੈਸ਼ਨਲ ਡੈਸਕ 28 ਸਤੰਬਰ। ਇੱਕ ਸਨਸਨੀਖੇਜ਼ ਬਿਆਨ ਵਿੱਚ ਲੱਦਾਖ ਦੇ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਐਸਡੀ ਸਿੰਘ ਜਾਮਵਾਲ ਨੇ ਸਿੱਖਿਆ ਸ਼ਾਸਤਰੀ ਅਤੇ ਸਮਾਜਿਕ ਕਾਰਕੁਨ ਸੋਨਮ ਵਾਂਗਚੁਕ 'ਤੇ ਗੰਭੀਰ ਦੋਸ਼ ਲਗਾਏ। ਡੀਜੀਪੀ ਨੇ ਦਾਅਵਾ ਕੀਤਾ ਕਿ ਸੋਨਮ ਵਾਂਗਚੁਕ ਦੇ ਪਾਕਿਸਤਾਨ ਨਾਲ ਸਬੰਧ ਸਨ ਅਤੇ ਉਨ੍ਹਾਂ ਨੇ ਗੁਆਂਢੀ ਦੇਸ਼ਾਂ ਦੀਆਂ ਹਾਲੀਆ ਯਾਤਰਾਵਾਂ 'ਤੇ ਚਿੰਤਾ ਪ੍ਰਗਟ ਕੀਤੀ। ਇਹ ਖੁਲਾਸਾ ਹਾਲ ਹੀ ਵਿੱਚ ਵਾਂਗਚੁਕ ਨੂੰ ਰਾਸ਼ਟਰੀ ਸੁਰੱਖਿਆ ਐਕਟ (ਐਨਐਸਏ) ਤਹਿਤ ਗ੍ਰਿਫ਼ਤਾਰ ਕੀਤੇ ਜਾਣ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਨੂੰ ਰਾਜ ਦਾ ਦਰਜਾ ਦੇਣ ਦੀ ਮੰਗ ਕਰਦਿਆਂ ਭੁੱਖ ਹੜਤਾਲ ਤੋਂ ਬਾਅਦ ਜੋਧਪੁਰ ਕੇਂਦਰੀ ਜੇਲ੍ਹ ਭੇਜੇ ਜਾਣ ਤੋਂ ਬਾਅਦ ਹੋਇਆ ਹੈ। ਲੇਹ ਵਿੱਚ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ, ਡੀਜੀਪੀ ਐਸਡੀ ਸਿੰਘ ਜਾਮਵਾਲ ਨੇ ਖੁਲਾਸਾ ਕੀਤਾ ਕਿ ਪੁਲਿਸ ਨੇ ਪਹਿਲਾਂ ਇੱਕ ਪਾਕਿਸਤਾਨੀ ਖੁਫੀਆ ਅਧਿਕਾਰੀ (ਪੀਆਈਓ) ਨੂੰ ਗ੍ਰਿਫ਼ਤਾਰ ਕੀਤਾ ਸੀ ਜੋ ਕਥਿਤ ਤੌਰ 'ਤੇ ਸੋਨਮ ਵਾਂਗਚੁਕ ਦੇ ਸੰਪਰਕ ਵਿੱਚ ਸੀ। ਡੀਜੀਪੀ ਨੇ ਕਿਹਾ, ਅਸੀਂ ਹਾਲ ਹੀ ਵਿੱਚ ਇੱਕ ਪਾਕਿਸਤਾਨੀ ਪੀਆਈਓ ਨੂੰ ਗ੍ਰਿਫ਼ਤਾਰ ਕੀਤਾ ਹੈ ਜੋ ਸਰਹੱਦ ਪਾਰ ਰਿਪੋਰਟਾਂ ਭੇਜ ਰਿਹਾ ਸੀ। ਸਾਡੇ ਕੋਲ ਇਸ ਦੇ ਰਿਕਾਰਡ ਹਨ। ਉਹ (ਸੋਨਮ ਵਾਂਗਚੁਕ) ਪਾਕਿਸਤਾਨ ਵਿੱਚ ਇੱਕ ਸਮਾਗਮ ਵਿੱਚ ਸ਼ਾਮਲ ਹੋਇਆ ਅਤੇ ਬੰਗਲਾਦੇਸ਼ ਵੀ ਗਿਆ। ਇਹ ਗੰਭੀਰ ਸਵਾਲ ਉਠਾਉਂਦਾ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਡੀਜੀਪੀ ਐਸਡੀ ਸਿੰਘ ਜਾਮਵਾਲ ਨੇ 24 ਸਤੰਬਰ ਨੂੰ ਲੇਹ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਦੌਰਾਨ ਹੋਈ ਹਿੰਸਾ ਲਈ ਸੋਨਮ ਵਾਂਗਚੁਕ ਨੂੰ ਵੀ ਦੋਸ਼ੀ ਠਹਿਰਾਇਆ। ਉਨ੍ਹਾਂ ਦੋਸ਼ ਲਗਾਇਆ ਕਿ ਵਾਂਗਚੁਕ ਨੇ ਭੀੜ ਨੂੰ ਭੜਕਾਇਆ, ਜਿਸ ਕਾਰਨ ਪ੍ਰਦਰਸ਼ਨਕਾਰੀਆਂ ਨੇ ਵਾਹਨਾਂ ਅਤੇ ਸਥਾਨਕ ਭਾਜਪਾ ਦਫਤਰ ਨੂੰ ਅੱਗ ਲਗਾ ਦਿੱਤੀ। ਹਿੰਸਾ ਵਿੱਚ ਚਾਰ ਲੋਕ ਮਾਰੇ ਗਏ ਅਤੇ ਲਗਭਗ 80 ਹੋਰ ਜ਼ਖਮੀ ਹੋ ਗਏ। ਡੀਜੀਪੀ ਜਾਮਵਾਲ ਨੇ ਅੱਗੇ ਕਿਹਾ, ਸੋਨਮ ਵਾਂਗਚੁਕ ਦਾ ਭੜਕਾਉਣ ਦਾ ਇਤਿਹਾਸ ਰਿਹਾ ਹੈ। ਉਨ੍ਹਾਂ ਨੇ ਅਰਬ ਸਪਰਿੰਗ, ਨੇਪਾਲ ਅਤੇ ਬੰਗਲਾਦੇਸ਼ ਦਾ ਜ਼ਿਕਰ ਕੀਤਾ। ਉਨ੍ਹਾਂ ਦੁਆਰਾ ਪ੍ਰਦਾਨ ਕੀਤੇ ਗਏ ਫੰਡਾਂ ਦੀ ਐਫਸੀਆਰਏ ਦੀ ਸੰਭਾਵਿਤ ਉਲੰਘਣਾ ਲਈ ਜਾਂਚ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਨੇ ਲੱਦਾਖ ਵਿੱਚ ਹਾਲ ਹੀ ਵਿੱਚ ਹੋਈ ਅਸ਼ਾਂਤੀ ਲਈ ਸੋਨਮ ਵਾਂਗਚੁਕ ਨੂੰ ਵੀ ਦੋਸ਼ੀ ਠਹਿਰਾਇਆ ਹੈ। ਸਰਕਾਰ ਨੇ ਉਨ੍ਹਾਂ 'ਤੇ ਭੜਕਾਊ ਬਿਆਨ ਦੇਣ ਅਤੇ ਅਧਿਕਾਰੀਆਂ ਅਤੇ ਲੱਦਾਖੀ ਪ੍ਰਤੀਨਿਧੀਆਂ ਵਿਚਕਾਰ ਚੱਲ ਰਹੀ ਗੱਲਬਾਤ ਦਾ ਵਿਰੋਧ ਕਰਨ ਵਾਲੇ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਸਮੂਹਾਂ ਨਾਲ ਸਹਿਯੋਗ ਕਰਨ ਦਾ ਦੋਸ਼ ਲਗਾਇਆ ਹੈ।

### ਕਰੂਰ ਰੈਲੀ ਹਾਦਸਾ : ਅਦਾਕਾਰ ਤੇ ਸਿਆਸਤਦਾਨ ਵਿਜੇ ਥਲਾਪਤੀ ਨੇ ਮੁਆਵਜ਼ੇ ਦਾ ਕੀਤਾ ਐਲਾਨ

ਨੈਸ਼ਨਲ ਡੈਸਕ 28 ਸਤੰਬਰ। ਤਮਿਲਨਾਡੂ ਦੇ ਕਰੂਰ 'ਚ ਸ਼ਨੀਵਾਰ ਸ਼ਾਮ ਨੂੰ ਅਦਾਕਾਰ ਤੇ ਸਿਆਸਤਦਾਨ ਵਿਜੇ ਦੀ ਰੈਲੀ ਦੌਰਾਨ ਭਿਆਨਕ ਭਾਜੜ ਪੈ ਗਈ। ਮੁੱਖ ਮੰਤਰੀ ਐੱਮ.ਕੇ. ਸਟਾਲਿਨ ਦੇ ਅਨੁਸਾਰ ਇਸ ਹਾਦਸੇ 'ਚ 39 ਲੋਕਾਂ ਦੀ ਜਾਨ ਚਲੀ ਗਈ ਹੈ, ਜਿਨ੍ਹਾਂ 'ਚ 16 ਔਰਤਾਂ ਅਤੇ 10 ਬੱਚੇ ਵੀ ਸ਼ਾਮਲ ਹਨ। 51 ਲੋਕ ਗੰਭੀਰ ਜ਼ਖ਼ਮੀ ਹਨ ਅਤੇ ਆਈਸੀਯੂ 'ਚ ਦਾਖ਼ਲ ਹਨ। ਮਰਨ ਵਾਲਿਆਂ ਦੀ ਗਿਣਤੀ ਹੋਰ ਵਧਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਅਜਿਹੀ ਸਥਿਤੀ ਵਿੱਚ ਵਿਜੇ ਨੇ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਜ਼ਖਮੀਆਂ ਲਈ ਮੁਆਵਜ਼ੇ ਦਾ ਐਲਾਨ ਕੀਤਾ ਹੈ। ਵਿਜੇ ਨੇ ਭਗਦੜ ਵਿੱਚ ਮਾਰੇ ਗਏ ਲੋਕਾਂ ਲਈ 20-20 ਲੱਖ ਰੁਪਏ ਅਤੇ ਜ਼ਖਮੀਆਂ ਲਈ 2-2 ਲੱਖ ਰੁਪਏ ਦਾ ਐਲਾਨ ਕੀਤਾ ਹੈ। ਵਿਜੇ ਨੇ ਸੋਸ਼ਲ ਮੀਡੀਆ 'ਤੇ ਲਿਖਿਆ, ਮੇਰੇ ਦਿਲ ਦੇ ਨੇੜੇ ਦੇ ਸਾਰੇ ਲੋਕਾਂ ਨੂੰ ਸ਼ੁਭਕਾਮਨਾਵਾਂ। ਮੇਰਾ ਦਿਲ ਅਤੇ ਮਨ ਕੱਲ੍ਹ ਕਰੂਰ ਵਿੱਚ ਵਾਪਰੀ ਘਟਨਾ ਤੋਂ ਬਹੁਤ ਦੁਖੀ ਹੈ। ਇਸ ਬਹੁਤ ਹੀ ਦੁਖਦਾਈ ਸਥਿਤੀ ਵਿੱਚ, ਮੈਂ ਆਪਣੇ ਰਿਸ਼ਤੇਦਾਰਾਂ ਨੂੰ ਗੁਆਉਣ ਦੇ ਦਰਦ ਨੂੰ ਪ੍ਰਗਟ ਕਰਨ ਦੇ ਘਾਟੇ ਵਿੱਚ ਹਾਂ। ਮੇਰੀਆਂ ਅੱਖਾਂ ਅਤੇ ਮਨ ਦਰਦ ਨਾਲ ਭਰੇ ਹੋਏ ਹਨ। ਉਨ੍ਹਾਂ ਕਿਹਾ, ਮੇਰੇ ਰਿਸ਼ਤੇਦਾਰੋ, ਤੁਹਾਡੇ ਸਾਰਿਆਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕਰਦੇ ਹੋਏ, ਜਿਨ੍ਹਾਂ ਨੇ ਆਪਣੇ ਨਜ਼ਦੀਕੀਆਂ ਨੂੰ ਗੁਆ ਦਿੱਤਾ ਹੈ, ਮੈਂ ਤੁਹਾਡੇ ਨਾਲ ਇਹ ਡੂੰਘਾ ਦੁੱਖ ਸਾਂਝਾ ਕਰਦਾ ਹਾਂ। ਇਹ ਇੱਕ ਅਜਿਹਾ ਨੁਕਸਾਨ ਹੈ ਜਿਸਦੀ ਭਰਪਾਈ ਅਸੀਂ ਨਹੀਂ ਕਰ ਸਕਦੇ। ਸਾਨੂੰ ਕੋਈ ਵੀ ਦਿਲਾਸਾ ਦੇਵੇ, ਅਸੀਂ ਆਪਣੇ ਰਿਸ਼ਤੇਦਾਰਾਂ ਦੇ ਨੁਕਸਾਨ ਨੂੰ ਸਹਿਣ ਨਹੀਂ ਕਰ ਸਕਦੇ। ਫਿਰ ਵੀ ਤੁਹਾਡੇ ਪਰਿਵਾਰ ਦਾ ਮੈਂਬਰ ਹੋਣ ਦੇ ਨਾਤੇ, ਮੈਂ ਉਨ੍ਹਾਂ ਸਾਰੇ ਰਿਸ਼ਤੇਦਾਰਾਂ ਦੇ ਪਰਿਵਾਰਾਂ ਨੂੰ 20-20 ਲੱਖ ਰੁਪਏ ਅਤੇ ਉਨ੍ਹਾਂ ਸਾਰਿਆਂ ਨੂੰ 2-2 ਲੱਖ ਰੁਪਏ ਦੇਣਾ ਚਾਹੁੰਦਾ ਹਾਂ ਜੋ ਆਪਣੇ ਅਜ਼ੀਜ਼ਾਂ ਨੂੰ ਗੁਆ ਚੁੱਕੇ ਹਨ

## ਚੈਤਨਿਆਨੰਦ ਸਰਸਵਤੀ ਗ੍ਰਿਫ਼ਤਾਰ: ਦਿੱਲੀ ਪੁਲਸ ਨੇ ਆਗਰਾ ਤੋਂ ਫੜਿਆ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 28 ਸਤੰਬਰ। ਦਿੱਲੀ ਦੇ ਇੱਕ ਨਿੱਜੀ ਮੈਨੇਜਮੈਂਟ ਸੰਸਥਾਨ ਵਿੱਚ ਵਿਦਿਆਰਥਣਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ੀ ਸਵਾਮੀ ਚੈਤਨਿਆਨੰਦ ਸਰਸਵਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਨੂੰ ਆਗਰਾ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਵਿਦਿਆਰਥਣਾਂ ਦੇ ਦੋਸ਼ਾਂ ਤੋਂ ਬਾਅਦ ਪੁਲਸ ਉਸਦੀ ਭਾਲ ਕਰ ਰਹੀ ਸੀ। ਉਸਦਾ ਆਖਰੀ ਟਿਕਾਣਾ ਆਗਰਾ ਵਿੱਚ ਸੀ, ਜਿਸ ਕਾਰਨ ਪੁਲਸ ਨੇ ਆਗਰਾ ਅਤੇ ਆਸਪਾਸ ਦੇ ਇਲਾਕਿਆਂ ਵਿੱਚ ਤਲਾਸ਼ੀ ਮੁਹਿੰਮ ਚਲਾਈ। ਪੁਲਸ ਮੁਤਾਬਕ, ਵਿਦਿਆਰਥਣਾਂ ਨਾਲ ਜਿਨਸੀ ਸ਼ੋਸ਼ਣ ਦੇ ਦੋਸ਼ੀ ਸਵਾਮੀ ਚੈਤਨਿਆਨੰਦ ਸਰਸਵਤੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਹ ਗ੍ਰਿਫ਼ਤਾਰੀ ਬੀਤੀ ਰਾਤ ਲਗਭਗ 3:30 ਵਜੇ ਇੱਕ ਹੋਟਲ ਤੋਂ ਕੀਤੀ ਗਈ। ਉਹ ਪਿਛਲੇ ਕਈ ਦਿਨਾਂ ਤੋਂ ਆਗਰਾ ਵਿੱਚ ਲੁਕਿਆ ਹੋਇਆ ਸੀ। ਇਸ ਸਮੇਂ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਉਸ ਦੀ ਡਾਕਟਰੀ ਜਾਂਚ ਕੀਤੀ ਜਾ ਰਹੀ ਹੈ। ਆਰਥਿਕ ਤੌਰ 'ਤੇ ਕਮਜ਼ੋਰ ਵਰਗ ਕੋਟੇ ਦੀ ਇੱਕ ਵਿਦਿਆਰਥਣ ਨੇ ਮਾਰਚ 2025 ਵਿੱਚ ਇੱਕ ਸ਼ਿਕਾਇਤ ਦਰਜ ਕਰਵਾਈ ਸੀ, ਜਿਸ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਉਸ ਨੂੰ ?60,000 ਦਾਨ ਕਰਨ ਦੇ ਬਾਵਜੂਦ ਵਾਧੂ ਰਕਮ ਦੇਣ ਲਈ ਕਿਹਾ ਗਿਆ ਸੀ। ਦੱਖਣ-ਪੱਛਮੀ ਦਿੱਲੀ ਦੇ ਇੱਕ ਮੈਨੇਜਮੈਂਟ ਇੰਸਟੀਚਿਊਟ ਦੇ ਸਾਬਕਾ ਪ੍ਰਧਾਨ ਚੈਤਨਿਆਨੰਦ (62) ਨੇ ਸੰਸਥਾ ਦੇ ਅੰਦਰ ਵਫ਼ਾਦਾਰਾਂ ਦਾ ਇੱਕ ਨੈੱਟਵਰਕ ਬਣਾਇਆ ਹੋਇਆ ਸੀ ਅਤੇ ਉਨ੍ਹਾਂ ਨੂੰ ਉਨ੍ਹਾਂ ਅਹੁਦਿਆਂ 'ਤੇ ਨਿਯੁਕਤ ਕੀਤਾ ਸੀ ਜਿਨ੍ਹਾਂ ਲਈ ਉਹ ਯੋਗ ਵੀ ਨਹੀਂ ਸਨ। ਚੈਤਨਿਆਨੰਦ ਨੇ ਉਸ ਨੂੰ ਕਿਹਾ ਸੀ ਕਿ ਜਾਂ ਤਾਂ 60,000 ਰੁਪਏ ਹੋਰ ਅਦਾ ਕਰੇ, ਇੱਕ ਸਾਲ ਲਈ ਸੰਸਥਾ ਲਈ ਬਿਨਾਂ ਤਨਖਾਹ ਦੇ ਕੰਮ ਕਰੇ ਜਾਂ ਕਾਲਜ ਛੱਡ ਦੇਵੇ। ਪ੍ਰਾਈਵੇਟ ਮੈਨੇਜਮੈਂਟ ਇੰਸਟੀਚਿਊਟ ਦੇ ਪ੍ਰਸ਼ਾਸਨ ਨੇ ਕਿਹਾ ਕਿ 30 ਤੋਂ ਵੱਧ ਵਿਦਿਆਰਥਣਾਂ ਨਾਲ ਇੱਕ ਵਰਚੁਅਲ ਮੀਟਿੰਗ ਵਿੱਚ ਕਈਆਂ ਨੇ ਚੈਤਨਿਆਨੰਦ ਦੁਆਰਾ ਜਿਨਸੀ



ਸ਼ੋਸ਼ਣ, ਛੇੜਛਾੜ ਅਤੇ ਧਮਕੀਆਂ ਦੀ ਰਿਪੋਰਟ ਕੀਤੀ। ਇਸ ਤੋਂ ਬਾਅਦ 4 ਅਗਸਤ ਨੂੰ ਚੈਤਨਿਆਨੰਦ ਵਿਰੁੱਧ ਐੱਫਆਈਆਰ ਦਰਜ ਕੀਤੀ ਗਈ ਸੀ। ਚੈਤਨਿਆਨੰਦ ਦੇਰ ਰਾਤ ਵਿਦਿਆਰਥਣਾਂ ਨੂੰ ਆਪਣੇ ਕੁਆਰਟਰਾਂ ਵਿੱਚ ਆਉਣ ਲਈ ਮਜਬੂਰ ਕਰਦਾ ਸੀ, ਜੇਕਰ ਉਹ ਅਜਿਹਾ ਨਹੀਂ ਕਰਦੀਆਂ ਸਨ ਤਾਂ ਉਨ੍ਹਾਂ ਨੂੰ ਫੇਲ੍ਹ ਕਰਨ ਦੀ ਧਮਕੀ ਦਿੰਦਾ ਸੀ। ਨਾਲ ਹੀ ਚੈਤਨਿਆਨੰਦ ਨੇ ਆਪਣੀ ਟੀਮ ਵਿੱਚ ਕਈ ਔਰਤਾਂ ਨੂੰ ਵੀ ਰੱਖਿਆ ਹੋਇਆ ਸੀ, ਜਿਹੜੀਆਂ ਕਾਲਜ ਵਿਦਿਆਰਥਣਾਂ ਦੀ ਚੈਟ ਡਿਲੀਟ ਕਰਵਾਉਂਦੀਆਂ ਸਨ। ਪੁਲਸ ਨੂੰ ਚੈਟ ਡਿਲੀਟ ਕਰਵਾਉਣ ਦੇ ਸਬੂਤ ਵੀ ਹੱਥ ਲੱਗੇ ਹਨ। ਚੈਤਨਿਆਨੰਦ ਨੇ ਵਿਦਿਆਰਥਣਾਂ ਨੂੰ ਲੰਡਨ ਦੀਆਂ ਯਾਤਰਾਵਾਂ ਦਾ ਲਾਲਚ ਵੀ ਦਿੱਤਾ ਸੀ। ਉਹ ਵਿਦਿਆਰਥਣਾਂ ਨੂੰ ਕਹਿੰਦਾ ਸੀ ਕਿ ਉਹ ਉਨ੍ਹਾਂ ਨੂੰ ਲੰਡਨ ਲੈ ਜਾਵੇਗਾ ਅਤੇ ਉਨ੍ਹਾਂ ਨੂੰ ਕੋਈ ਪੈਸਾ ਵੀ ਖਰਚ ਨਹੀਂ ਕਰਨਾ ਪਵੇਗਾ। ਚੈਤਨਿਆਨੰਦ ਨੇ ਆਪਣੇ ਖਿਲਾਫ ਲੱਗੇ ਦੋਸ਼ਾਂ ਸਬੰਧੀ ਦਿੱਲੀ ਦੀ ਇੱਕ ਅਦਾਲਤ ਵਿੱਚ ਜ਼ਮਾਨਤ ਪਟੀਸ਼ਨ ਦਾਇਰ ਕੀਤੀ ਸੀ। ਹਾਲਾਂਕਿ, ਸ਼ੁੱਕਰਵਾਰ ਨੂੰ ਅਦਾਲਤ ਨੇ ਉਸਦੀ ਅਗਾਊਂ ਜ਼ਮਾਨਤ ਪਟੀਸ਼ਨ ਰੱਦ ਕਰ ਦਿੱਤੀ। ਵਧੀਕ ਸੈਸ਼ਨ ਜੱਜ ਹਰਦੀਪ ਕੌਰ ਨੇ ਕਿਹਾ ਕਿ ਜਾਂਚ ਆਪਣੇ ਸ਼ੁਰੂਆਤੀ ਪੜਾਅ ਵਿੱਚ ਹੈ ਅਤੇ ਪੁਲਸ ਲਈ ਧੋਖਾਧੜੀ, ਸਾਜ਼ਿਸ਼ ਅਤੇ ਫੰਡਾਂ ਦੀ ਦੁਰਵਰਤੋਂ ਦੇ ਰੈਕੇਟ ਦਾ ਪਰਦਾਫਾਸ਼ ਕਰਨ ਲਈ ਹਿਰਾਸਤ ਵਿੱਚ ਪੁੱਛਗਿੱਛ ਕਰਨਾ ਜ਼ਰੂਰੀ ਹੈ।

# ਭਿਆਨਕ ਹਾਦਸੇ ‘ਚ ਜਲੰਧਰ ਦੇ 3 ਦੋਸਤਾਂ ਦੀ ਮੌਤ, ਗੁਰਜਿੰਦਰ ਸਿੰਘ ਦੀ ਅੱਜ ਸੀ ਕੈਨੇਡਾ ਦੀ ਫਲਾਈਟ

ਜਲੰਧਰ 28 ਸਤੰਬਰ। ਹਰਿਆਣਾ ਦੇ ਮਹੇਂਦਰਗੜ੍ਹ ‘ਚ ਨੈਸ਼ਨਲ ਹਾਈਵੇਅ ‘ਤੇ 152ਡੀ ‘ਤੇ ਸਕਾਰਪੀਓ ਕਾਰ ਨੇ ਟਰੱਕ ਨੂੰ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿਚ ਜਲੰਧਰ ਦੇ ਰਹਿਣ ਵਾਲੇ 3 ਦੋਸਤਾਂ ਦੀ ਮੌਤ ਹੋ ਗਈ ਅਤੇ ਇਕ ਜਖਮੀ ਹੋ ਗਿਆ. ਜਿਸ ਨੂੰ ਗੰਭੀਰ ਹਾਲਤ ‘ਚ ਰੋਹਤਕ ਪੀ.ਜੀ.ਆਈ. ਰੈਫਰ ਕੀਤਾ ਗਿਆ ਹੈ। ਸਖਤ ਮਿਹਨਤ ਅਤੇ ਕੰਮ ਪ੍ਰਤੀ ਲਗਨ ਨੇ ਕਾਫੀ ਅਰਸੇ ਬਾਅਦ ਜਾ ਕੇ ਜੋ ਨਾਇਬ ਸਲਮਾਨੀ ਜੋ ਨਾਂ ਬਣਾਇਆ ਉਹ ਹਰਿਆਣਾ ਦੇ ਮਹੇਂਦਰਗੜ੍ਹ ਹਾਈਵੇ ’ਤੇ ਹੋਏ ਦਰਦਨਾਕ ਸੜਕ ਹਾਦਸੇ ’ਚ ਕੁਝ ਹੀ ਸੈਕੇਂਡ ’ਚ ਨਿਗਲ ਲਿਆ। ਪਹਿਲਾਂ ਨੌਕਰੀ ਫਿਰ ਖੁਦ ਦਾ ਸੈਲੂਨ ਅਤੇ ਨਵਾਂ ਸੈਲੂਨ ਬਣਾਉਣ ਦੀ ਤਿਆਰੀ ਕਰ ਰਹੇ ਨਾਇਬ ਦਾ ਕੋਈ ਹੀ ਸ਼ਹਿਰ ਦਾ ਯੰਗਸਟਰ ਹੋਵੇਗਾ ਜੋ ਉਸ ਨੂੰ ਨਹੀਂ ਜਾਣਦਾ ਹੋਵੇਗਾ। ਇਸੇ ਹਾਦਸੇ ’ਚ ਦਮ ਤੋੜਣ ਵਾਲੇ ਨਾਇਬ ਦੇ ਦੋਸਤ ਗੁਰਜਿੰਦਰ ਸਿੰਘ ਵਾਸੀ ਜੰਡੂਸਿੰਘਾ ਦੀ ਤਾਂ ਸੋਮਵਾਰ ਦੀ ਕੈਨੇਡਾ ਦੇ ਲਈ ਫਲਾਈਟ ਸੀ। ਜਿਵੇਂ ਹੀ ਐਤਵਾਰ ਸਵੇਰੇ ਇਸ ਹਾਦਸੇ ਦੀ ਖਬਰ ਜਲੰਧਰ ਪਹੁੰਚੀ ਤਾਂ ਨਾਇਬ ਨੂੰ ਜਾਨਣ ਵਾਲੇ ਸਾਰੇ ਨੌਜਵਾਨ ਅਤੇ ਲੋਕ ਮਾਯੂਸ ਹੋ ਗਏ। ਨਾਇਬ ਦੀ ਗੱਲ ਕਰੀਏ ਤਾਂ ਸਹਾਰਨਪੁਰ ਦਾ ਰਹਿਣ ਵਾਲਾ ਨਾਇਬ ਗੁਰੂ ਨਾਨਕ ਪੁਰਾ ’ਚ ਰਹਿੰਦਾ ਸੀ। ਉਹ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਕੁਝ ਨਾਇਬ ਦਿਲਕੁਸ਼ਾ ਮਾਰਕੀਟ ਸਥਿਤ ਹੇਅਰ ਸੈਲੂਨ ’ਚ ਕੰਮ ਕਰਦੇ ਸਨ। ਸਖਤ ਮਿਹਨਤ ਕਰਕੇ, ਉਸਨੇ ਪੈਸੇ ਬਚਾਏ ਅਤੇ ਸਾਸਤਰੀ ਮਾਰਕੀਟ ’ਚ ਨਾਇਬ ਹੇਅਰ ਸੈਲੂਨ ਨਾਮ ਦਾ ਆਪਣਾ ਸੈਲੂਨ ਖੋਲ੍ਹਿਆ। ਉਸ ਨੇ ਆਪਣੇ ਤਜਰਬੇ ਨਾਲ ਲੋਕਾਂ ਦਾ



ਦਿਲ ਜਿੱਤ ਲਿਆ ਅਤੇ ਜਲੰਧਰ ਦੇ ਜ਼ਿਆਦਾਤਰ ਨੌਜਵਾਨ ਨਾਇਬ ਹੇਅਰ ਸੈਲੂਨ ’ਚ ਜਾਣ ਲੱਗੇ। ਕੁਝ ਸਮੇਂ ਬਾਅਦ, ਇਹ ਹੇਅਰ ਸੈਲੂਨ ਮਾਰਕੀਟ ’ਚ ਇੱਕ ਬ੍ਰਾਂਡ ਬਣ ਗਿਆ ਸੀ। ਕੁਝ ਦਿਨ ਪਹਿਲਾਂ ਉਸ ਨੇ ਆਪਣੇ ਸੈਲੂਨ ਦੇ ਉਪਰਲੇ ਫਰਸ ’ਤੇ ਇਕ ਦੁਕਾਨ ਖਰੀਦੀ ਸੀ, ਜਿਸ ’ਚ ਉਹ ਔਰਤਾਂ ਲਈ ਸੈਲੂਨ ਬਣਾਉਣਾ ਚਾਹੁੰਦਾ ਸੀ ਅਤੇ ਇਸ ਦਾ ਡਿਜਾਈਨ ਵੀ ਤਿਆਰ ਕਰ ਲਿਆ ਸੀ। ਨਾਇਬ ਦੀ ਮੌਤ ਨੇ ਸ਼ਹਿਰ ਦੇ ਨੌਜਵਾਨਾਂ ਤੋਂ ਲੈ ਕੇ ਉਸ ਦੇ ਹਰ ਇਕ ਗ੍ਰਾਹਕ ਨੂੰ ਝਿੰਜੋੜ ਕੇ ਰੱਖ ਦਿੱਤਾ। ਨਾਇਬ ਦੀ ਲਾਸ਼ ਨੂੰ ਮਹੇਂਦਰਗੜ੍ਹ ਦੇ ਸਿਵਲ ਹਸਪਤਾਲ ’ਚ ਰੱਖਿਆ ਗਿਆ ਹੈ। ਅੱਜ ਉਸ ਦੀ ਲਾਸ਼ ਉਥੋਂ ਲਿਜਾਇਆ ਜਾਵੇਗਾ।

ਨਾਇਬ ਦੇ ਨਾਲ-ਨਾਲ ਉਸ ਦੇ ਦੋਸਤ ਅਜੇ ਵਾਸੀ ਕਰਤਾਰਪੁਰ ਅਤੇ ਗੁਰਜਿੰਦਰ ਸਿੰਘ ਵਾਸੀ ਜੰਡੂਸਿੰਘਾ ਦੀ ਵੀ ਮੌਤ ਦੀ ਖਬਰ ਪਹੁੰਚੀ ਜਦਕਿ ਇਕ ਹੋਰ ਨੌਜਵਾਨ ਜਖਮੀ ਦੱਸਿਆ ਗਿਆ। ਜਿਵੇਂ ਹੀ ਨਾਇਬ ਦੇ ਦੋਸਤ ਗੁਰਜਿੰਦਰ ਸਿੰਘ ਦੇ ਘਰ ਜੰਡੂਸਿੰਘਾ ਇਸ ਘਟਨਾ ਦੀ ਖਬਰ ਦੇਣ ਪਹੁੰਚੇ ਤਾਂ ਪਤਾ ਲੱਗਾ ਕਿ ਉਸ ਦੀ ਤਾਂ ਸੋਮਵਾਰ ਨੂੰ ਕੈਨੇਡਾ ਦੀ ਫਲਾਈਟ ਸੀ। ਉਸ ਦੀ ਸਾਰੀ ਪੈਕਿੰਗ ਵੀ ਹੋ ਚੁੱਕੀ ਸੀ। ਅਜੇ ਅਤੇ ਨਾਇਬ ਇਕੱਠੇ ਜਿੰਮ ਜਾਂਦੇ ਸਨ। ਅਕਸਰ ਅਜੇ ਨਾਇਬ ਦੇ ਨਾਲ ਹੀ ਹੁੰਦਾ ਸੀ ਅਤੇ ਉਸ ਦੇ ਸੈਲੂਨ ’ਚ ਵੀ ਉਸ ਨੂੰ ਮਿਲਣ ਦੇ ਲਈ ਆਉਂਦਾ ਰਹਿੰਦਾ ਸੀ। ਨਾਇਬ ਦੇ ਦੋਸਤ ਅਰਪਣ ਨੇ ਦੱਸਿਆ ਕਿ ਅਜਮੇਰ ਜਾਣ ਲਈ ਨਾਇਬ ਨੇ ਉਸ ਨੂੰ ਵੀ ਫੋਨ ਕੀਤਾ ਸੀ। ਇਹ ਸ਼ਾਇਦ ਘੁੰਮਣ ਦੇ ਲਈ ਉਸ ਦਾ ਪਹਿਲੇ ਟ੍ਰਿਪ ਹੋਵੇਗਾ ਜਿਸ ’ਚ ਉਹ ਸੈਲੂਨ ਛੱਡ ਦੋ ਦਿਨ ਬਾਹਰ ਰਿਹਾ ਹੋਵੇ। ਅਰਪਣ ਨੇ ਕਿਹਾ ਕਿ ਪਹਿਲਾਂ ਤਾਂ ਉਸ ਨੇ ਹਾਂ ਕਰ ਦਿੱਤੀ ਪਰ ਬਾਅਦ ’ਚ ਘਰ ਵਾਲਿਆਂ ਜਾਣ ਤੋਂ ਮਨ੍ਹਾਂ ਕਰ ਦਿੱਤਾ ਕਿਉਂਕਿ ਉਸ ਦੇ ਆਫਿਸ ’ਚ ਲੱਕੜੀ ਦਾ ਕੰਮ ਹੋਣਾ ਸੀ। ਅਰਪਣ ਨੇ ਕਿਹਾ ਕਿ ਹੋ ਸਕਦਾ ਹੈ ਕਿ ਜੇਕਰ ਉਹ ਹੁੰਦਾ ਤਾਂ ਗੱਡੀ ਵੀ ਉਹੀ ਡਰਾਈਵਰ ਕਰ ਰਿਹਾ ਹੁੰਦਾ ਅਤੇ ਇਹ ਹਾਦਸਾ ਨਾ ਹੁੰਦਾ। ਅਰਪਣ ਨੇ ਵੀ ਕਿਹਾ ਕਿ ਉਸ ਅਜੇ ਤਕ ਭਰੋਸਾ ਨਹੀਂ ਹੋ ਰਿਹਾ ਹੈ ਕਿ ਨਾਇਬ ਹੁਣ ਇਸ ਦੁਨੀਆ ’ਚ ਨਹੀਂ ਰਿਹਾ। ਓਧਰ ਨਾਇਬ ਦੇ ਚੌਥੇ ਦੋਸਤ ਦੀ ਹਾਲਤ ਵੀ ਗੰਭੀਰ ਹੈ ਜਿਸ ਨੂੰ ਰੋਹਤਕ ’ਚ ਦਾਖਲ ਕਰਵਾਇਆ ਗਿਆ ਹੈ।

## ਚੋਰੀ ਦੇ ਮੋਟਰਸਾਈਕਲ ਸਮੇਤ 2 ਕਥਿਤ ਚੋਰ ਕਾਬੂ

ਫਿਰੋਜ਼ਪੁਰ 28 ਸਤੰਬਰ। ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਮੁਹਿੰਮ ਦੇ ਤਹਿਤ ਪੁਲਸ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ 2 ਕਥਿਤ ਚੋਰਾਂ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕੀਤਾ ਹੈ। ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਸ਼ਰਮਾ ਸਿੰਘ ਨੇ ਦੱਸਿਆ ਕਿ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਅਤੇ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰਦੇ ਹੋਏ ਖਾਈ ਵਾਲਾ ਅੱਡਾ ਨੇੜੇ ਪੁੱਜੀ ਤਾਂ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਕਿ ਸੰਜੂ ਪੁੱਤਰ ਜੋਧਾ ਅਤੇ ਸਨਮ ਪੁੱਤਰ ਸੋਨੂੰ ਵਾਸੀ ਬਸਤੀ ਆਵਾ ਫਿਰੋਜ਼ਪੁਰ ਸ਼ਹਿਰ, ਮੋਟਰਸਾਈਕਲ ਚੋਰੀ ਕਰ ਕੇ ਅੱਗੇ ਵੇਚਣ ਦਾ ਧੰਦਾ ਕਰਦੇ ਹਨ,




ਜੋ ਇਸ ਸਮੇਂ ਚੋਰੀ ਕੀਤਾ ਹੋਇਆ ਮੋਟਰਸਾਈਕਲ ਵੇਚਣ ਲਈ ਕਿਲਾ ਰੋਡ ’ਤੇ ਬਸਤੀ ਭੱਟੀਆਂ ਵਾਲੀ ਦੇ ਏਰੀਆ ਵਿਚ ਇਕ ਡੇਅਰੀ ਦੇ ਕੋਲ ਖੜੇ ਹਨ। ਇਸ ਦੌਰਾਨ ਪੁਲਸ ਵੱਲੋਂ ਤੁਰੰਤ ਉਥੇ ਰੇਡ ਕਰਦੇ ਹੋਏ ਨਾਮਜਦ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ, ਜਿਨ੍ਹਾਂ ਤੋਂ ਇਕ ਚੋਰੀ ਕੀਤਾ ਹੋਇਆ ਬਿਨਾਂ ਨੰਬਰੀ ਸਪਲੈਂਡਰ ਮੋਟਰਸਾਈਕਲ ਬਰਾਮਦ ਹੋਇਆ। ਕਾਬੂ ਕੀਤੇ ਵਿਅਕਤੀਆਂ ਤੋਂ ਪੁਲਸ ਵੱਲੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ।

## ਮੀਟਰ ਰੀਡਰਾਂ ਪਾਸੋਂ ਰਿਸ਼ਵਤ ਲੈਣ ਵਾਲੇ ਨਿੱਜੀ ਕੰਪਨੀ ਦੇ ਸੁਪਰਵਾਈਜਰ ਖਿਲਾਫ ਵਿਭਾਗ ਦੀ ਸਖਤ ਕਾਰਵਾਈ

ਪਟਿਆਲਾ 28 ਸਤੰਬਰ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਨਿਰਦੇਸ਼ਾਂ ਤਹਿਤ ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਿਟਡ (ਪੀ.ਐੱਸ.ਪੀ.ਸੀ.ਐੱਲ.) ਵੱਲੋਂ ਭ੍ਰਿਸ਼ਟਾਚਾਰ ਖਿਲਾਫ ਵਿੱਢੀ ਗਈ ਹੈ। ਇਸੇ ਮੁਹਿੰਮ ਹੇਠ ਗਿੱਦੜਬਾਹਾ ਵਿਖੇ ਨਿੱਜੀ ਮੀਟਰ ਰੀਡਿੰਗ ਕੰਪਨੀ (ਐਕਸਪਲੋਰ-ਟੈਕ ਸਰਿਵਸਿਜ ਲਿਮਿਟਡ) ਦੇ ਸੁਪਰਵਾਈਜਰ ਬਾਲ ਕ੍ਰਿਸ਼ਨ ਵਿਰੁੱਧ ਮੀਟਰ ਰੀਡਰਾਂ ਪਾਸੋਂ ਰੁਪਏ ਮੰਗਣ ਸਬੰਧੀ ਪ੍ਰਾਪਤ ਹੋਈ ਸ਼ਿਕਾਇਤ ਤੋਂ ਬਾਅਦ ਤੁਰੰਤ ਕਾਰਵਾਈ ਕਰਦਿਆਂ ਸੇਵਾਵਾਂ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਜਾਣਕਾਰੀ ਦਿੰਦਿਆਂ ਮੁੱਖ ਇੰਜੀਨੀਅਰ ਇਨਫੋਰਸਮੈਂਟ ਇੰਜੀ: ਇੰਦਰਪਾਲ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਦੀ ਪੜਤਾਲ ਇੰਜੀ. ਗਗਨਦੀਪ ਸਿੰਗਲਾ, ਵਧੀਕ ਨਿਗਰਾਨ ਇੰਜੀਨੀਅਰ ਲਾਗੂ ਕਰਨ-1 ਬਠਿੰਡਾ ਪਾਸੋਂ ਕਰਵਾਈ ਗਈ ਸੀ। ਇਸ ਦੌਰਾਨ ਕੰਪਨੀ ਅਧੀਨ ਕੰਮ ਕਰਦੇ ਮੀਟਰ ਰੀਡਰਾਂ ਦੇ ਬਿਆਨ, ਉਨ੍ਹਾਂ ਪਾਸੋਂ ਪੇਸ਼ ਕੀਤੀ




ਗਈ ਆਵਾਜ-ਰਿਕਾਰਡ ਅਤੇ ਹੋਰ ਸਬੂਤਾਂ ਨੂੰ ਪੜਤਾਲਿਆ ਗਿਆ। ਪੜਤਾਲ ਦੌਰਾਨ ਮੀਟਰ ਰੀਡਿੰਗ ਕੰਪਨੀ ਦਾ ਸੁਪਰਵਾਈਜਰ ਬਾਲ ਕ੍ਰਿਸ਼ਨ ਰੀਡਿੰਗ ਡਾਟਾ ਪਾਏ ਜਾਣ ਸਬੰਧੀ ਰਿਸ਼ਵਤ ਲੈਣ ਦਾ ਦੋਸ਼ੀ ਪਾਇਆ ਗਿਆ। ਪੀ.ਐੱਸ.ਪੀ.ਸੀ.ਐੱਲ. ਵੱਲੋਂ ਸਬੰਧਤ ਸੁਪਰਵਾਈਜਰ ਨੂੰ ਕੰਪਨੀ ਦੀਆਂ ਸੇਵਾਵਾਂ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਇਸ ਮੌਕੇ ਪੀ.ਐੱਸ.ਪੀ.ਸੀ.ਐੱਲ. ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਇੰਜੀ. ਬਲਦੇਵ ਸਿੰਘ ਸਰਾਂ ਨੇ ਸਪੱਸ਼ਟ ਸ਼ਬਦਾਂ ’ਚ ਸੰਦੇਸ਼ ਦਿੰਦਿਆਂ ਕਿਹਾ ਕਿ ਕੋਈ ਵੀ ਅਧਿਕਾਰੀ/ਕਰਮਚਾਰੀ ਜਿਹੜਾ ਆਪਣਾ ਕੰਮ ਈਮਾਨਦਾਰੀ ਨਾਲ ਨਾ ਕਰਦਾ ਪਾਇਆ ਗਿਆ, ਉਸ ਨੂੰ ਕਿਸੇ ਵੀ ਹਾਲਤ ’ਚ ਬਖਸ਼ਿਆ ਨਹੀਂ ਜਾਵੇਗਾ।

## ਸੈਂਟਰਲ ਜੇਲ੍ਹ ਛੱਡਣ ਲਿਆਂਦਾ ਜਾ ਰਿਹਾ ਕਤਲ ਦਾ ਦੋਸ਼ੀ ਮੁਲਾਜ਼ਮਾਂ ਦੀ ਕਸਟਡੀ ’ਚੋਂ ਭੱਜਿਆ, ਹੋ ਗਈ ਫੜਲੋ-ਫੜਲੋ

ਲੁਧਿਆਣਾ 28 ਸਤੰਬਰ। ਤਾਜਪੁਰ ਰੋਡ ਵਿਖੇ ਪੁਲਸ ਮੁਲਾਜ਼ਮਾਂ ਦੀ ਹਿਰਾਸਤ ’ਚੋਂ ਇਕ ਅਪਰਾਧੀ ਭੱਜ ਨਿਕਲਿਆ। ਮੁਲਾਜ਼ਮਾਂ ਦੇ ਰੌਲਾ ਪਾਉਣ ’ਤੇ ਲੋਕਾਂ ਨੇ ਉਸਮ ਨੂੰ ਫੜ ਲਿਆ ਅਤੇ ਮੁਲਾਜ਼ਮਾਂ ਹਵਾਲੇ ਕਰ ਦਿੱਤਾ। ਜਾਣਕਾਰੀ ਮੁਤਾਬਕ ਸੈਂਟਰਲ ਜੇਲ੍ਹ ’ਚ ਮੁਲਜ਼ਮ ਕਤਲ ਦੇ ਦੋਸ਼ ਕੇਸ ’ਚ ਬੰਦ ਹੈ। ਉਸ ਨੂੰ ਪੁਲਸ ਦੀ ਹਿਰਾਸਤ ’ਚ ਨਵਾਂਸ਼ਹਿਰ ਪੇਸ਼ੀ ਲਈ ਭੇਜਿਆ ਗਿਆ ਸੀ। ਪੇਸ਼ੀ ਭੁਗਤਣ ਤੋਂ ਬਾਅਦ ਮੁਲਜ਼ਮ ਨੂੰ ਸੈਂਟਰਲ ਜੇਲ੍ਹ ਛੱਡਣ ਲਈ ਪੁਲਸ



ਹਿਰਾਸਤ ’ਚ ਲਿਆਂਦਾ ਜਾ ਰਿਹਾ ਸੀ। ਮੌਕਾ ਦੇਖ ਕੇ ਤਾਜਪੁਰ ਰੋਡ ’ਤੇ ਇਕ ਧਾਰਮਿਕ ਅਸਥਾਨ ਨੇੜੇ ਮੁਲਜ਼ਮ ਪੁਲਸ ਹਿਰਾਸਤ ਤੋਂ ਭੱਜ ਨਿਕਲਿਆ। ਪੁਲਸ ਮੁਲਾਜ਼ਮਾਂ ਨੇ ‘ਫੜੋ ਫੜੋ’ ਦਾ ਰੌਲਾ ਪਾਇਆ ਤਾਂ ਸਥਾਨਕ ਲੋਕ ਵੀ ਉਸ ਨੂੰ ਫੜਨ ਲਈ ਪਿੱਛੇ ਭੱਜ ਪਏ ਅਤੇ ਥੋੜ੍ਹੀ ਦੂਰ ਜਾ ਕੇ ਉਸ ਨੂੰ ਦਬੋਚ ਲਿਆ ਅਤੇ ਗੱਡੀ ’ਚ ਪਾ ਕੇ ਸੈਂਟਰਲ ਜੇਲ੍ਹ ਲੈ ਗਏ। ਓਧਰ, ਜੇਲ੍ਹ ਦੇ ਡਿਪਟੀ ਸੁਪਰਡੈਂਟ ਬਲਬੀਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਘਟਨਾ ਹੋਈ ਹੈ। ਮੁਲਜ਼ਮ ਦਾ ਨਾਂ ਵਿਕਰਮਜੀਤ ਸਿੰਘ ਹੈ, ਜਿਸ ’ਤੇ ਕਤਲ ਦੇ ਦੋਸ਼ ਦਾ ਕੇਸ ਫਗਵਾੜਾ ’ਚ ਦਰਜ ਹੈ। ਉਸ ਨੂੰ ਨਵਾਂਸ਼ਹਿਰ ਪੇਸ਼ੀ ਲਈ ਭੇਜਿਆ ਗਿਆ ਸੀ ਅਤੇ ਵਾਪਸ ਸੈਂਟਰਲ ਜੇਲ੍ਹ ਆਉਂਦੇ ਸਮੇਂ ਮੁਲਜ਼ਮ ਨੇ ਇਸ ਘਟਨਾ ਨੂੰ ਅੰਜਾਮ ਦਿੱਤਾ।

## ਹਲਵਾਰਾ ਏਅਰਪੋਰਟ ਪ੍ਰਾਜੈਕਟ: ਆਖਿਰ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ’ਚ ਸ਼ੁਰੂ ਹੋਇਆ ਕੰਮ

ਲੁਧਿਆਣਾ 28 ਸਤੰਬਰ। ਹਲਵਾਰਾ ਏਅਰਪੋਰਟ ਪ੍ਰਾਜੈਕਟ ’ਚ ਆਖਿਰ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ’ਤੇ ਵੀ ਕੰਮ ਸ਼ੁਰੂ ਹੋ ਗਿਆ ਹੈ। ਇੱਥੇ ਜ਼ਿਕਰਯੋਗ ਹੋਵੇਗਾ ਕਿ ਹਲਵਾਰਾ ਏਅਰਪੋਰਟ ਪ੍ਰਾਜੈਕਟ ’ਚ ਮੁੱਖ ਰੂਪ ਵਿਚ ਟਰਮੀਨਲ ਬਿਲਡਿੰਗ ਤੋਂ ਇਲਾਵਾ ਐਪ੍ਰਨ, ਟੈਕਸੀ-ਵੇ, ਪਾਰਕਿੰਗ, ਬਿਜਲੀ, ਪਬਲਿਕ ਹੈਲਥ ਦੇ ਕੰਮ ਸ਼ਾਮਲ ਹਨ। ਇਸ ਸਬੰਧ ਵਿਚ ਪੀ. ਡਬਲਯੂ. ਡੀ. ਵਿਭਾਗ ਦੇ ਅਧਿਕਾਰੀਆਂ ਨੇ ਪਿਛਲੇ ਦਿਨੀਂ ਡੀ. ਸੀ. ਵੱਲੋਂ ਬੁਲਾਈ ਗਈ ਰਿਵਿਊ ਮੀਟਿੰਗ ਦੇ ਦੌਰਾਨ ਜੋ ਸਟੇਟਸ ਰਿਪੋਰਟ ਪੇਸ਼ ਕੀਤੀ ਸੀ ਉਸ ਦੇ ਮੁਤਾਬਕ ਇਕ ਹਿੱਸੇ ਦਾ ਕੰਮ ਲਗਭਗ ਪੂਰਾ ਹੋ ਗਿਆ ਹੈ। ਜਿਥੋਂ ਤੱਕ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ਦਾ ਸਵਾਲ ਹੈ, ਜਿਥੇ ਰਨ-ਵੇਅ ’ਤੇ ਨਵੇਂ ਸਿਰੇ ਤੋਂ ਸੜਕ ਬਣਾਉਣ ਦੇ ਨਾਲ ਡਰੇਨੇਜ ਸਿਸਟਮ ਦੇ ਨਿਰਮਾਣ ਕੰਮ ਬਾਕੀ ਹੈ। ਇਹ ਕੰਮ ਏਅਰਫੋਰਸ ਵੱਲੋਂ ਆਪਣੇ ਤੌਰ ’ਤੇ ਐੱਮ. ਈ. ਐੱਸ. ਈ. ਜਰੀਏ ਕਰਵਾਇਆ ਜਾਵੇਗਾ, ਜਿਸ ਤੋਂ ਬਾਅਦ ਹੀ ਬਾਕੀ ਦਾ ਕੰਮ ਪੂਰਾ ਹੋ ਸਕਦਾ ਹੈ ਪਰ ਏਅਰਫੋਰਸ ਦੇ ਹੈੱਡ ਆਫਿਸ ਵੱਲੋਂ ਮਨਜ਼ੂਰੀ ਮਿਲਣ ’ਚ ਹੋਈ ਦੇਰੀ ਕਾਰਨ ਇਸ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਫਿਕਸ ਕੀਤੀ ਗਈ ਡੈੱਡਲਾਈਨ ਮੁਤਾਬਕ ਕੰਮ ਮੁਕੰਮਲ ਨਹੀਂ ਹੋ ਸਕਿਆ। ਇਸ ਦੇ ਮੱਦੇਨਜ਼ਰ



ਡੀ. ਸੀ. ਸਾਕਸ਼ੀ ਸਾਹਨੀ ਵੱਲੋਂ ਏਅਰਫੋਰਸ ਸਟੇਸ਼ਨ ’ਤੇ ਜਾ ਕੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ, ਜਿਸ ਤੋਂ ਬਾਅਦ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ’ਚ ਕੰਮ ਆਖਿਰ ਸ਼ੁਰੂ ਹੋ ਗਿਆ ਹੈ, ਜਿਸ ਦੀ ਪੁਸ਼ਟੀ ਪੀ. ਡਬਲਯੂ. ਡੀ. ਵਿਭਾਗ ਵੱਲੋਂ ਪ੍ਰਾਜੈਕਟ ਦੇ ਐਕਸੀਅਨ ਪ੍ਰਦੀਪ ਕੁਮਾਰ ਨੇ ਕੀਤੀ ਹੈ। ਉਨ੍ਹਾਂ ਕਿਹਾ ਕਿ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ’ਚ ਕੰਮ ਪੂਰਾ ਹੋਣ ਤੋਂ ਬਾਅਦ ਪੀ. ਡਬਲਯੂ. ਡੀ. ਵਿਭਾਗ ਵੱਲੋਂ ਬਾਕੀ ਕੰਮ ਸ਼ੁਰੂ ਹੋ ਸਕਦਾ ਹੈ। ਹਲਵਾਰਾ ਏਅਰਪੋਰਟ ਪ੍ਰਾਜੈਕਟ ਦੀ ਡੈੱਡਲਾਈਨ ਪਿਛਲੇ 2.5 ਸਾਲ ਦੌਰਾਨ 11 ਵਾਰ ਨਿਕਲ ਚੁੱਕੀ ਹੈ। ਹੁਣ ਜੁਲਾਈ ਦੀ ਡੈੱਡਲਾਈਨ ਫਿਕਸ ਕੀਤੀ ਗਈ ਸੀ ਪਰ ਇਸ ਡੈੱਡਲਾਈਨ ਤੋਂ ਠੀਕ ਪਹਿਲਾ ਏਅਰਫੋਰਸ ਸਟੇਸ਼ਨ ਦੇ ਅੰਦਰੂਨੀ ਹਿੱਸੇ ’ਚ ਕੰਮ ਸ਼ੁਰੂ ਕੀਤਾ ਗਿਆ ਹੈ, ਜਿਸ ਨੂੰ ਪੂਰਾ ਹੋਣ ’ਚ ਇਕ ਤੋਂ ਡੇਢ ਮਹੀਨੇ ਦਾ ਸਮਾਂ ਲੱਗ ਸਕਦਾ ਹੈ। ਉਸ ਤੋਂ ਬਾਅਦ ਪੀ. ਡਬਲਯੂ. ਡੀ. ਵਿਭਾਗ ਵੱਲੋਂ ਬਾਕੀ ਕੰਮ ਸ਼ੁਰੂ ਅਤੇ ਪੂਰਾ ਕੀਤਾ ਜਾ ਸਕਦਾ ਹੈ, ਜਿਸ ਵਿਚ ਵੀ ਇਕ ਮਹੀਨੇ ਦਾ ਸਮਾਂ ਲੱਗੇਗਾ। ਸ਼ਾਇਦ ਇਹੀ ਵਜ੍ਹਾ ਹੈ ਕਿ ਫਿਲਹਾਲ ਨਵੇਂ ਸਿਰੇ ਤੋਂ ਡੈੱਡਲਾਈਨ ਫਿਕਸ ਨਹੀਂ ਕੀਤੀ ਗਈ ਹੈ ਅਤੇ ਅਫਸਰ ਵੀ ਇਸ ਬਾਰੇ ਕੁਝ ਦੱਸਣ ਦੀ ਸਥਿਤੀ ’ਚ ਨਹੀਂ ਹਨ।

## ਹਾਦਸਿਆਂ ਨੂੰ ਠੱਲ੍ਹ ਪਾਉਣ ਲਈ ਟ੍ਰੈਫਿਕ ਵਿਭਾਗ ਨੇ ਨੈਸ਼ਨਲ ਹਾਈਵੇ ਤੇ ਤੇਜ਼ ਵਾਹਨ ਚਲਾਉਣ ਵਾਲਿਆਂ ਦੇ ਕੱਟੇ ਚਲਾਨ

ਪਠਾਨਕੋਟ 28 ਸਤੰਬਰ। ਪਿਛਲੇ ਦਿਨ ਜਿੱਥੇ ਟ੍ਰੈਫਿਕ ਵਿਭਾਗ ਵਲੋਂ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟਣ ਦੀ ਬਜਾਏ ਬੂਟੇ ਲਗਾ ਕੇ ਵਾਤਾਵਰਣ ਨੂੰ ਬਚਾਉਣ ਦਾ ਸੰਦੇਸ਼ ਦਿੱਤਾ ਗਿਆ ਸੀ। ਉੱਥੇ ਹੀ ਬੀਤੇ ਦਿਨ ਸ਼ਨੀਵਾਰ ਨੂੰ ਟ੍ਰੈਫਿਕ ਵਿਭਾਗ ਵਲੋਂ ਨੈਸ਼ਨਲ ਹਾਈਵੇਅ ’ਤੇ ਮਲਿਕਪੁਰ ਚੌਕ ’ਤੇ ਵਿਸ਼ੇਸ਼ ਨਾਕਾ ਲਗਾ ਕੇ ਤੇਜ਼ ਰਫ਼ਤਾਰ ਨਾਲ ਵਾਹਨਾਂ ਨੂੰ ਚਲਾਉਣ ਵਾਲਿਆਂ ਦੇ ਚਲਾਨ ਕੀਤੇ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਟ੍ਰੈਫਿਕ ਇੰਚਾਰਜ ਬ੍ਰਹਮ ਦੱਤ ਨੇ ਦੱਸਿਆ ਕਿ ਓਵਰ ਸਪੀਡ ਵਾਹਨ ਚਾਲਕ ਲਈ ਜਿੱਥੇ ਖਤਰਨਾਕ ਹੈ, ਉੱਥੇ ਹੀ ਇਹ ਹੋਰਨਾਂ ਲੋਕਾਂ ਜੋ ਸੜਕਾਂ ਤੇ ਆਉਂਦੇ ਜਾਉਂਦੇ ਹਨ ਉਨ੍ਹਾਂ ਦੇ ਲਈ ਵੀ ਖਤਰਨਾਕ ਹੈ। ਕਿਉਂਕਿ ਸਰਵੇ ਵਿੱਚ ਸਾਹਮਣੇ ਆਇਆ ਹੈ ਕਿ ਜ਼ਿਆਦਾਤਰ ਹਾਦਸੇ ਓਵਰ ਸਪੀਡ ਨਾਲ ਚੱਲਣ ਵਾਲੇ ਵਾਹਨਾਂ ਕਾਰਨ ਹੁੰਦੇ ਹਨ। ਇਸ ਲਈ ਐੱਸ. ਐੱਸ. ਪੀ. ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇਜ਼ ਰਫ਼ਤਾਰ ਨਾਲ ਵਾਹਨ ਚਲਾਉਣ ਵਾਲੇ ਵਾਹਨਾਂ ਦੇ ਚਲਾਨ ਕੱਟੇ ਜਾ ਰਹੇ ਹਨ ਤਾਂ ਜੋ ਹਾਦਸਿਆਂ ਨੂੰ ਠੱਲ੍ਹ ਪਾਈ ਜਾ ਸਕੇ।

## ਸੀਵਰੇਜ ਜਾਮ ਨੂੰ ਲੈ ਕੇ ਦੂਜੀ ਵਾਰ ਸੜਕਾਂ ’ਤੇ ਉਤਰੇ ਵਾਰਡ 12 ਦੇ ਲੋਕ, ਨਗਰ ਨਿਗਮ ਨੂੰ ਦਿੱਤੀ ਚਿਤਾਵਨੀ

ਲੁਧਿਆਣਾ 28 ਸਤੰਬਰ। ਨਗਰ ਨਿਗਮ ਵੱਲੋਂ ਬਾਰਿਸ਼ ਦੇ ਮੱਦੇਨਜ਼ਰ ਸੀਵਰੇਜ ਅਤੇ ਰੋਡ ਜਾਲੀਆਂ ਦੀ ਸਫਾਈ ਨੂੰ ਲੈ ਕੇ ਜੋ ਦਾਅਵੇ ਕੀਤੇ ਜਾ ਰਹੇ ਹਨ ਉਨਾਂ ਦੀ ਜ਼ਮੀਨੀ ਹਕੀਕਤ ਬਿਲਕੁਲ ਉਲਟ ਹੈ। ਜਿਸ ਦੇ ਸਬੂਤ ਦੇ ਤੌਰ ’ਤੇ ਪਾਣੀ ਦੀ ਨਿਕਾਸੀ ਨਾ ਹੋਣ ਦੀ ਸਮੱਸਿਆ ਨੂੰ ਲੈ ਕੇ ਵਾਰਡ 12 ਦੇ ਲੋਕ ਇਕ ਹਫਤੇ ਦੇ ਅੰਦਰ ਦੂਜੀ ਵਾਰ ਸੜਕਾਂ ’ ਤੇ ਉਤਰੇ। ਇਸ ਸਬੰਧ ਵਿਚ ਸਾਬਕਾ ਕੌਂਸਲਰ ਨਰੇਸ ਉੱਪਲ ਨੇ ਕਿਹਾ ਕਿ ਪਹਿਲਾ ਨਗਰ ਨਿਗਮ ਵਲੋਂ ਹਰ ਸਾਲ ਬਾਰਿਸ਼ ਤੋਂ ਪਹਿਲਾ ਮਈ ਜੂਨ ਵਿਚ ਸੀਵਰੇਜ ਅਤੇ ਰੋਡ ਜਾਲੀਆਂ ਦੀ ਸਫਾਈ ਕੀਤੀ ਜਾਂਦੀ ਸੀ ਪਰ ਲਗਭਗ ਡੇ ਢ ਸਾਲ ਤੋਂ ਇਹ ਕੰਮ ਠੱਪ ਪਿਆ ਹੋਇਆ ਹੈ। ਇਸ ਦੀ ਵਜ੍ਹਾ ਨਾਲ ਕਰਮਸਰ ਕਾਲੋਨੀ, ਬੰਦਾ ਬਹਾਦਰ ਕਾਲੋਨੀ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਹੀਰਾ ਵਿਹਾਰ ਵਿਚ ਸੀਵਰੇਜ ਦਾ ਪਾਣੀ ਬਾਰਿਸ਼ ਦੇ ਬਿਨਾ ਹੀ ਓਵਰਫਲੋ ਹੋ ਕੇ ਗਲੀਆਂ ਵਿਚ ਜਮਾ ਹੋ ਜਾਂਦਾ ਹੈ। ਇਸ ਸਮੱਸਿਆ ਨੂੰ ਲੈ ਕੇ ਉਹ ਇਕ ਮਹੀਨੇ ਤੋਂ ਜ਼ੋਨ ਬੀ ਦੀ ਓ ਐੱਮ ਸੈਲ ਦੇ ਜੇ.ਈ,



ਐੱਸ.ਡੀ.ਓ ਅਤੇ ਐਕਸੀਅਨ ਦੀ ਸ਼ਿਕਾਇਤ ਕਰ ਰਹੇ ਹਨ ਪਰ ਕੋਈ ਸੁਣਵਾਈ ਨਹੀਂ ਹੋਈ। ਇਸ ਦਾ ਨਤੀਜਾ ਇਹ ਹੋਇਆ ਕਿ ਗੰਦਗੀ ਅਤੇ ਬਦਬੂ ਦੇ ਕਾਰਨ ਇਲਾਕੇ ਵਿਚ ਬੀਮਾਰੀ ਫੈਲਣ ਦਾ ਡਰ ਹੈ ਤੇ ਰਾਹਗੀਆਂ ਅਤੇ ਸਕੂਲੀ ਬੱਚੇ ਦੇ ਪਾਣੀ ਵਿਚ ਡਿੱਗ ਕੇ ਜ਼ਖਮੀ ਹੋਣ ਦੇ ਮਾਮਲੇ ਵਿਚ ਆਏ ਦਿਨ ਸਾਹਮਣੇ ਆ ਰਹੇ ਹਨ ਲੋਕਾਂ ਨੇ ਚਿਤਾਵਨੀ ਦਿੱਤੀ ਕਿ ਜੇਕਰ ਜਲਦ ਸਮੱਸਿਆ ਦਾ ਹੱਲ ਨਾ ਹੋਇਆ ਤਾਂ ਨਗਰ ਨਿਗਮ ਦੇ ਆਫਿਸ ਦਾ ਘਿਰਾਓ ਕੀਤਾ ਜਾਵੇਗਾ। ਇਸ ਸਬੰਧੀ ਐਕਸੀਅਨ ਰਣਵੀਰ ਸਿੰਘ ਨੇ ਕਿਹਾ ਕਿ ਮਾਇਆਪੁਰੀ, ਭਗਵਾਨ ਨਗਰ, ਸ਼ਕਤੀ ਨਗਰ, ਡਿਸਪੋਜਲ ’ਤੇ ਮੋਟਰ ਖਰਾਬ ਹੋਣ ਦੀ ਵਜ੍ਹਾ ਨਾਲ ਨਾਲ ਲੱਗਦੇ ਏਰੀਆ ਵਿਚ ਸੀਵਰੇਜ ਜਾਮ ਹੋਣ ਦੀ ਸਮੱਸਿਆ ਆਈ ਸੀ ਜਿਸ ਨੂੰ ਹੱਲ ਕਰਵਾ ਦਿੱਤਾ ਗਿਆ ਹੈ। ਇਸਦੇ ਇਲਾਵਾ ਕੁਝ ਏਰੀਆ ਸੜਕਾਂ ਬਣਾਉਣ ਦੇ ਬਾਅਦ ਰੋਡ ਜਾਲੀਆਂ ਵਿਚ ਮਲਬਾ ਡਿੱਗਣ ਦੀ ਵਜ੍ਹਾ ਨਾਲ ਪਾਣੀ ਦੀ ਨਿਕਾਸੀ ਨਾ ਹੋਣ ਦੀ ਸਮੱਸਿਆ ਆਈ ਸੀ ਉਥੇ ਵੀ ਸਫਾਈ ਕਰਵਾ ਦਿੱਤੀ ਗਈ ਹੈ।

## ਸਹੇਲੀ ਨਾਲ ਵਿਆਹ ਕਰਾਉਣ ਦੀ ਜਿੱਦ ‘ਤੇ ਅੜੀ 13 ਸਾਲਾ ਕੁੜੀ, ਫਿਰ ਜੋ ਹੋਇਆ

ਲੁਧਿਆਣਾ 28 ਸਤੰਬਰ। ਇੱਥੇ ਗੁਆਂਢ ‘ਚ ਰਹਿਣ ਵਾਲੀ ਸਹੇਲੀ ਨਾਲ ਵਿਆਹ ਕਰਵਾਉਣ ਕਰ ਕੇ ਇਕ 13 ਸਾਲਾ ਨਾਬਾਲਗ ਕੁੜੀ ਘਰੋਂ ਭੱਜ ਗਈ। 3 ਦਿਨਾਂ ਬਾਅਦ ਵਾਪਸ ਆਉਣ ਤੋਂ ਕੁੱਝ ਸਮੇਂ ਬਾਅਦ ਹੀ ਉਸ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਇਸ ਮਾਮਲੇ ‘ਚ ਥਾਣਾ ਦੁੱਗਰੀ ਦੀ ਪੁਲਸ ਨੇ ਧਾਰਾ-174 ਦੀ ਕਾਰਵਾਈ ਕਰ ਕੇ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਪਰਿਵਾਰ ਵਾਲਿਆਂ ਹਵਾਲੇ ਕਰ ਦਿੱਤੀ। ਏ. ਐੱਸ. ਆਈ. ਸੁਨੀਲ ਕੁਮਾਰ ਮੁਤਾਬਕ ਮ੍ਰਿਤਕਾ ਦੀ ਪਛਾਣ ਮੁਸਕਾਨ ਵਜੋਂ ਹੋਈ ਹੈ। ਪੁਲਸ ਨੂੰ ਦਿੱਤੇ ਬਿਆਨ ‘ਚ ਮਾਂ ਨੇ ਦੱਸਿਆ ਕਿ 3 ਦਿਨ ਪਹਿਲਾਂ ਧੀ ਘਰੋਂ ਗੁਆਂਢੀ ਦੀ ਕੁੜੀ ਦੇ ਨਾਲ ਲਾਪਤਾ ਹੋ ਗਈ। ਧੀ ਉਸ ਦੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ ਪਰ ਉਹ ਉਸ ਨੂੰ ਸਮਝਾ ਰਹੇ ਸਨ। ਸ਼ੁੱਕਰਵਾਰ ਸਵੇਰ ਧੀ ਇਕ ਪਾਰਕ ‘ਚ ਬੈਠੀ ਪਰਿਵਾਰ ਵਾਲਿਆਂ ਨੂੰ ਮਿਲੀ ਤਾਂ ਉਸ ਨੂੰ ਘਰ ਵਾਪਸ ਲੈ ਆਏ। ਇਸ ਤੋਂ ਬਾਅਦ ਸ਼ਾਮ ਨੂੰ ਪਰਿਵਾਰ ਵਾਲਿਆਂ ਨੇ ਉਸ ਨੂੰ ਨਹਾਉਣ ਲਈ ਕਿਹਾ। ਜਦੋਂ ਉਹ ਕਮਰੇ ਵਿਚ ਗਈ ਤਾਂ ਵਾਪਸ ਨਹੀਂ ਆਈ। ਜਦੋਂ ਕਮਰੇ ਵਿਚ ਜਾ ਕੇ ਦੇਖਿਆ ਤਾਂ ਉਸ ਨੇ ਆਪਣੀ ਜੀਵਨ ਲੀਲਾ ਖਤਮ ਕਰ ਲਈ ਸੀ। ਇਸ ਘਟਨਾ ਤੋਂ ਬਾਅਦ ਜਿੱਥੇ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਹੈ, ਉੱਥੇ ਹੀ ਆਸ-ਪਾਸ ਦੇ ਲੋਕ ਵੀ ਹੈਰਾਨ ਹਨ।

## ਜਿਮਨੀ ਚੋਣ ਜਿੱਤਣ ਮਗਰੋਂ ਬੋਲੇ ਸੰਦੀਪ ਪਾਠਕ, ਜਨਤਾ ਗੱਦਾਰਾਂ ਨੂੰ ਕਦੇ ਮੁਆਫ ਨਹੀਂ ਕਰਦੀ

ਨਵੀਂ ਦਿੱਲੀ/ਜਲੰਧਰ 28 ਸਤੰਬਰ। ਜਲੰਧਰ ਵੈਸਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਵੱਡੀ ਜਿੱਤ ਦਰਜ ਕਰਨ ਤੋਂ ਬਾਅਦ ਆਮ ਆਦਮੀ ਪਾਰਟੀ ਵਿਚ ਜਸ਼ਨ ਦਾ ਮਾਹੌਲ ਹੈ। ਪਾਰਟੀ ਦੇ ਉਮੀਦਵਾਰ ਮੋਹਿੰਦਰ ਭਗਤ ਦੀ ਜਿੱਤ ‘ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੰਦੀਪ ਪਾਠਕ ਨੇ ਕਿਹਾ ਕਿ ਸਾਡੀ ਜਲੰਧਰ ਸੀਟ ‘ਤੇ ਮੁੜ ਵੱਡੀ ਜਿੱਤ ਹੋਈ ਹੈ, ਲੋਕਾਂ ਨੇ ਤਾਨਾਸਾਹੀ ਦੇ ਖ਼ਿਲਾਫ ਵੋਟ ਪਾਈ ਹੈ। ਉਨ੍ਹਾਂ ਕਿਹਾ ਕਿ ਜਨਤਾ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਵਲੋਂ ਕੀਤੇ ਜਾ ਰਹੇ ਕੰਮਾਂ ‘ਤੇ ਲੋਕ ਭਰੋਸਾ ਕਰ ਰਹੀ ਹੈ। ਜਲੰਧਰ ਸੀਟ ‘ਤੇ ਵੱਡੇ ਬਹੁਮਤ ਨਾਲ ਜਿੱਤ ਮਿਲਣ ‘ਤੇ ਇਹ ਸਾਬਤ ਹੁੰਦਾ ਹੈ ਕਿ ਜਨਤਾ ਪੰਜਾਬ ਸਰਕਾਰ ਦੇ ਕੰਮਾਂ ਦਾ ਸਰਾਹਨਾ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦਾ ਇਹ ਫਤਵਾ ਉਨ੍ਹਾਂ ਆਗੂਆਂ ਨੂੰ ਸੰਦੇਸ਼ ਹੈ ਜਿਹੜੇ ਦਲਬਦਲੀ ਕਰਕੇ ਦੂਜੀਆਂ ਪਾਰਟੀਆਂ ਵਿਚ ਚਲੇ ਜਾਂਦੇ ਹਨ। ਜਨਤਾ ਗੱਦਾਰਾਂ ਨੂੰ ਕਦੇ ਵੀ ਮੁਆਫ ਨਹੀਂ ਕਰਦੀ ਹੈ। ਪਾਠਕ ਨੇ ਕਿਹਾ ਕਿ ਜਿੱਤ ‘ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸੰਦੀਪ ਪਾਠਕ ਨੇ ਕਿਹਾ ਕਿ ਸਾਡੀ ਜਲੰਧਰ ਸੀਟ ‘ਤੇ ਮੁੜ ਵੱਡੀ ਜਿੱਤ ਹੋਈ ਹੈ, ਲੋਕਾਂ ਨੇ ਤਾਨਾਸਾਹੀ ਦੇ ਖ਼ਿਲਾਫ ਵੋਟ ਪਾਈ ਹੈ। ਉਨ੍ਹਾਂ ਕਿਹਾ ਕਿ ਜਨਤਾ




ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਵਲੋਂ ਕੀਤੇ ਜਾ ਰਹੇ ਕੰਮਾਂ ‘ਤੇ ਲੋਕ ਭਰੋਸਾ ਕਰ ਰਹੀ ਹੈ। ਜਲੰਧਰ ਸੀਟ ‘ਤੇ ਵੱਡੇ ਬਹੁਮਤ ਨਾਲ ਜਿੱਤ ਮਿਲਣ ‘ਤੇ ਇਹ ਸਾਬਤ ਹੁੰਦਾ ਹੈਇਤਿਹਾਸ ਗਵਾਹ ਹੈ ਕਿ ਜਿਸ ਨੇ ਵੀ ਤਾਨਾਸ਼ਾਹੀ ਦੀ ਸਿਆਸਤ ਕੀਤੀ ਹੈ, ਉਸ ਨੂੰ ਜਨਤਾ ਨੇ ਮੂੰਹ ਤੋੜ ਜਵਾਬ ਦਿੱਤਾ ਹੈ।

## ਪੰਜਾਬ ਪੁਲਸ ਵੱਲੋਂ ਅੰਤਰਰਾਜੀ ਹਥਿਆਰ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ

ਅੰਮ੍ਰਿਤਸਰ 28 ਸਤੰਬਰ। ਖੁਫੀਆ ਸੂਚਨਾ ‘ਤੇ ਕਾਰਵਾਈ ਕਰਦੇ ਹੋਏ ਪੰਜਾਬ ਪੁਲਸ ਨੇ ਇੱਕ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ ਕੀਤਾ ਹੈ। ਇਸ ਦੀ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ ਗੌਰਵ ਯਾਦਵ ਨੇ ਆਪਣੇ ਐਕਸ ਅਕਾਊਂਟ ‘ਤੇ ਸਾਂਝੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਖੁਫੀਆ ਸੂਚਨਾ ‘ਤੇ ਕਾਰਵਾਈ ਕਰਦੇ ਹੋਏ ਪੰਜਾਬ ਪੁਲਸ ਨੇ ਇੱਕ ਅੰਤਰਰਾਜੀ ਹਥਿਆਰਾਂ ਦੀ ਤਸਕਰੀ ਦੇ ਮਾਡਿਊਲ ਦਾ ਪਰਦਾਫਾਸ ਕਰਦੇ ਹੋਏ ਵਿਦੇਸੀ ਅੱਤਵਾਦੀ ਲਖਬੀਰ ਉਰਫ ਲੰਡਾ ਦੇ ਦੋ ਸੰਚਾਲਕਾਂ ਨੂੰ ਗ੍ਰਿਫਤਾਰ ਕੀਤਾ ਅਤੇ ਮੈਗਜੀਨਾਂ ਅਤੇ ਗੋਲਾ ਬਾਰੂਦ ਸਮੇਤ ਛੇ ਆਧੁਨਿਕ ਪਿਸਤੌਲ ਬਰਾਮਦ ਕੀਤੇ। ਉਨ੍ਹਾਂ ਅੱਗੇ ਦੱਸਿਆ ਸਟੇਟ ਸਪੈਸਲ ਆਪ੍ਰੇਸਨ ਸੈੱਲ ()ਅੰਮ੍ਰਿਤਸਰ ‘ਚ ਐੱਫ. ਆਈ. ਆਰ. ਦਰਜ ਕੀਤੀ ਗਈ ਸੀ। ਬਾਕੀ ਦੋਸੀਆਂ ਨੂੰ ਗ੍ਰਿਫਤਾਰ ਕਰਨ ਅਤੇ ਮੱਧ ਪ੍ਰਦੇਸ ਤੋਂ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਨੂੰ ਖਤਮ ਕਰਨ ਲਈ ਅੱਗਲੇ ਅਤੇ ਪਿੱਛਲੇ ਲਿੰਕ ਸਥਾਪਤ ਕਰਨ ਲਈ ਜਾਂਚ ਜਾਰੀ ਹੈ। ਸੰਗਠਿਤ ਅਪਰਾਧ ਅਤੇ ਗੈਰ-ਕਾਨੂੰਨੀ ਹਥਿਆਰਾਂ ਦੇ ਨੈੱਟਵਰਕ ‘ਚ ਸਾਮਲ ਸਾਰੇ ਲੋਕਾਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਪੰਜਾਬ ਪੁਸਲ ਮਾਨਯੋਗ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ 100% ਵਚਨਬੱਧ ਹੈ।

### ਜੌੜਾ ਫਾਟਕ ਨੇੜੇ ਹਾਵੜਾ ਐਕਸਪ੍ਰੈੱਸ ਨੂੰ ਲੱਗੀ ਭਿਆਨਕ ਅੱਗ

ਅੰਮ੍ਰਿਤਸਰ 28 ਸਤੰਬਰ। ਅੰਮ੍ਰਿਤਸਰ ਰੇਲਵੇ ਸਟੇਸਨ ਤੋਂ ਇਕ ਕਿਲੋਮੀਟਰ ਦੂਰ ਅੰਮ੍ਰਿਤਸਰ-ਹਾਵੜਾ ਮੇਲ ਦੇ ਇਕ ਡੱਬੇ ਵਿਚ ਸਨੀਵਾਰ ਸਾਮ ਨੂੰ ਅੱਗ ਲੱਗ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਘਟਨਾ ਵਿਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਦਿੱਲੀ ਜਾਣ ਵਾਲੀ ਰੇਲ ਗੱਡੀ ਹੌਲੀ-ਹੌਲੀ ਚੱਲ ਰਹੀ ਸੀ, ਉਦੋਂ ਅੰਮ੍ਰਿਤਸਰ ਦੇ ਜੌੜਾ ਫਾਟਕ ਨੇੜੇ ਇਕ ਕੋਚ ਨੂੰ ਅੱਗ ਲੱਗ ਗਈ। ਉਨ੍ਹਾਂ ਦੱਸਿਆ ਕਿ ਜਦੋਂ ਟ੍ਰੇਨ ਦੇ ਡਰਾਈਵਰ ਨੂੰ ਇਸ ਬਾਰੇ ਜਾਣਕਾਰੀ ਮਿਲੀ ਤਾਂ ਤੁਰੰਤ ਟ੍ਰੇਨ ਨੂੰ ਰੋਕ ਦਿੱਤਾ ਗਿਆ। ਅੱਗ ‘ਤੇ ਕਾਬੂ ਪਾਉਣ ਲਈ ਤੁਰੰਤ ਫਾਇਰ ਫਾਈਟਰਜ ਨੂੰ ਬੁਲਾਇਆ ਗਿਆ।

## ਅਦਾਲਤ ‘ਚੋਂ ਫਰਾਰ ਮੁਲਜਮ ਨੂੰ ਪੁਲਸ ਨੇ ਕੁਝ ਹੀ ਘੰਟਿਆਂ ‘ਚ ਕੀਤਾ ਕਾਬੂ

ਖਰੜ 28 ਸਤੰਬਰ। ਬੀਤੇ ਕੱਲ੍ਹ ਖਰੜ ਕੋਰਟ ਕੰਪਲੈਕਸ ‘ਚੋਂ ਪੁਲਸ ਨੂੰ ਚਕਮਾ ਦੇ ਕੇ ਫਰਾਰ ਹੋਇਆ ਦੋਸੀ ਮਨਜੀਤ ਸਿੰਘ ਵਾਸੀ ਪਿੰਡ ਟੱਪਰੀਆਂ, ਚਮਕੌਰ ਸਾਹਿਬ ਜ਼ਿਲ੍ਹਾ ਰੂਪਨਗਰ ਨੂੰ ਪੁਲਸ ਵਲੋਂ ਫਰਾਰ ਹੋਣ ਦੇ ਕਰੀਬ 6 ਘੰਟਿਆਂ ‘ਚ ਮੁੜ ਇਥੋਂ ਦੇ ਬਡਾਲਾ ਰੋਡ ਟੀ-ਪੁਆਇੰਟ ਨੇੜੇ ਤੋਂ ਕਾਬੂ ਕਰ ਲਿਆ ਗਿਆ। ਪੁਲਸ ਵਲੋਂ ਇਸ ਮਾਮਲੇ ਅੰਦਰ ਦੋਸੀ ਮਨਜੀਤ ਸਿੰਘ ਨੂੰ ਫਰਾਰ ਹੋਣ ‘ਚ ਮਦਦ ਕਰਨ ਵਾਲੇ ਉਸਦੇ 4 ਹੋਰ ਸਾਥੀਆਂ ਜਿਨ੍ਹਾਂ ‘ਚ ਸਾਲਾ ਹਰਭਜਨ ਸਿੰਘ ਵਾਸੀ ਪਟਿਆਲਾ ਅਰਬਨ ਸਟੇਟ, ਦੋਸਤ ਬਲਜੀਤ ਸਿੰਘ, ਹੋਰ ਰਿਸਤੇਦਾਰਾਂ ‘ਚੋਂ ਹਰਨੇਕ ਸਿੰਘ ਅਤੇ ਪਰਮਜੀਤ ਸਿੰਘ ਖ਼ਿਲਾਫ ਬੀਐੱਨਐੱਸ ਦੀ ਧਾਰਾ 262,221, 132,126 (2) ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਜਿਨ੍ਹਾਂ ਨੂੰ ਕਾਬੂ ਕਰਨ ਲਈ ਪੁਲਸ ਵਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਸਿਟੀ ਪੁਲਸ ਤੋਂ ਤਫਤੀਸੀ ਏਐੱਸਆਈ ਦੌਲਤ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਥਾਣਾ ਬਲੌਂਗੀ ਤੋਂ ਏਐੱਸਆਈ ਸੁਖਵਿੰਦਰ ਸਿੰਘ ਸਣੇ ਹੌਲਦਾਰ ਜਸਵਿੰਦਰ ਸਿੰਘ ਅਤੇ ਸਿਪਾਹੀ ਅਜੇ ਗਿੱਲ ਸੰਨ 1990 ਅੰਦਰ ਦਰਜ ਮੁਕੱਦਮਾ ਐਕਸਾਇਜ ਐਕਟ ਦੇ ਦੋਸੀ ਉਕਤ ਮਨਜੀਤ ਸਿੰਘ ਜਿਸਨੂੰ ਅਦਾਲਤ ਵਲੋਂ ਭਗੌੜਾ ਘੋਸ਼ਿਤ ਕੀਤਾ ਗਿਆ ਸੀ ਤੋਂ ਇਲਾਵਾ ਥਾਣਾ ਬਲੌਂਗੀ ਅਧੀਨ ਦਰਜ 2 ਹੋਰ ਮਾਮਲਿਆਂ ਦੇ ਦੋਸੀਆਂ ਨੂੰ ਅਦਾਲਤ ‘ਚ ਪੇਸ ਕਰਨ ਲਈ ਖਰੜ ਅਦਾਲਤ ਪੁੱਜੇ ਸਨ, ਜਿਥੇ ਪਹਿਲਾਂ ਤੋਂ ਮੌਜੂਦ ਮਨਜੀਤ ਸਿੰਘ ਦੇ ਉਕਤ ਹਮਰਾਜ ਦੋਸੀਆਂ ਨੇ ਪੁਲਸ ਮੁਲਾਜਮਾਂ ਨਾਲ ਇਹ




ਆਖ ਬਹਿਸ ਸੁਰੂ ਕਰ ਦਿੱਤੀ ਕਿ ਪੁਲਸ ਵਲੋਂ ਮਨਜੀਤ ਸਿੰਘ ਨੂੰ ਗਲਤ ਗ੍ਰਿਫਤਾਰ ਕੀਤਾ ਹੈ। ਅਜਿਹਾ ਆਖਦੀਆਂ ਉਕਤ ਵਿਅਕਤੀਆਂ ਨੇ ਸੋਚੀ ਸਮਝੀ ਸਾਜ਼ਿਸ ਤਹਿਤ ਉਨ੍ਹਾਂ ਨਾਲ ਧੱਕਾ-ਮੁੱਕਾ ਕਰਦਿਆਂ ਨਾ ਸਿਰਫ ਪੁਲਸ ਦੀ ਡਿਊਟੀ ਵਿਚ ਵਿਘਨ ਪਾਇਆ ਸਗੋਂ ਮਨਜੀਤ ਸਿੰਘ ਨੂੰ ਵੀ ਉਥੋਂ ਖਿਸਕ ਜਾਣ ਚ ਮਦਦ ਕੀਤੀ। ਜਿਸਨੂੰ ਕਾਬੂ ਕਰਨ ਦੀ ਮੁਲਾਜਮਾਂ ਵੱਲੋਂ ਕੋਸ਼ਿਸ ਵੀ ਕੀਤੀ ਗਈ ਪਰ ਉਕਤ ਉਥੋਂ ਫਰਾਰ ਹੋ ਗਿਆ ਜਦੋਂ ਕਿ ਉਸਦੇ ਰਿਸਤੇਦਾਰ ਪਟਿਆਲਾ ਰਜਿਸਟਰਡ ਇਕ ਕੀਆ ਕਾਰ ‘ਚ ਸਵਾਰ ਹੋਕੇ ਭੱਜਣ ‘ਚ ਕਾਮਯਾਬ ਹੋ ਗਏ। ਇਸ ਘਟਨਾ ਪਿੱਛੋਂ ਪੁਲਸ ਦੀਆਂ ਵੱਖ-ਵੱਖ ਟੀਮਾਂ ਦਾ ਗਠਨ ਕਰ ਉਨ੍ਹਾਂ ਨੂੰ ਮੁਲਜਮਾਂ ਦੇ ਛਿਪੇ ਹੋਣ ਦੀਆਂ ਸੱਕੀ ਥਾਵਾਂ ਉੱਤੇ ਰੇਡ ਕਰਨ ਲਈ ਰਵਾਨਾ ਕਰਨ ਤੋਂ ਇਲਾਵਾ ਮਨਜੀਤ ਸਿੰਘ ਜਿਸਨੂੰ ਉਕਤ ਸਰਾਬ ਦੀ ਨਜਾਇਜ ਤਸਕਰੀ ਦੇ ਦੋਸ ਤਹਿਤ ਅਰਸਾ ਕਰੀਬ 33 ਸਾਲ ਪਹਿਲਾਂ ਨਾਮਜਦ ਮੁਕਦਮੇ “ਚ ਅਦਾਲਤ ਵਲੋਂ ਭਗੋੜਾ ਐਲਾਨ ਕਰ ਦਿੱਤਾ ਗਿਆ ਸੀ ਜੋ ਇਸ ਪਿੱਛੋਂ ਜਰਮਨ ਵਿਦੇਸ ਚਲਾ ਗਿਆ ਸੀ ਦੇ ਮੁੜ ਅਦਾਲਤ ‘ਚੋਂ ਫਰਾਰ ਹੋਣ ਪਿੱਛੋਂ ਜਰਮਨ ਭੱਜ ਜਾਣ ਦੀ ਪੁਲਸ ਨੂੰ ਸੂਚਨਾ ਹਾਸਲ ਸੀ, ਸੰਬੰਧੀ ਲੁੱਕ ਆਊਟ ਨੋਟਿਸ ਜਾਰੀ ਕਰ ਇਸਦੀ ਇਤਲਾਹ ਕੱਲ ਹੀ ਚੰਡੀਗੜ੍ਹ, ਦਿੱਲੀ ਅਤੇ ਅੰਮ੍ਰਿਤਸਰ ਹਵਾਈ ਅੱਡਾ ਅਥਾਰਟੀ ਨੂੰ ਘੱਲ ਦਿੱਤੀ ਗਈ ਸੀ ਤਾਂ ਜੋ ਉਸਨੂੰ ਕਾਬੂ ਕੀਤਾ ਜਾ ਸਕੇ ਪਰ ਉਕਤ ਦੋਸੀ ਨੂੰ ਏਅਰਪੋਰਟ ਪੁੱਜਣ ਤੋਂ ਪਹਿਲਾਂ ਹੀ ਬਡਾਲਾ ਰੋਡ ਤੋਂ ਦਬੋਚ ਲਿਆ ਗਿਆ। ਜਦੋਂ ਕਿ ਉਸਦੇ ਬਾਕੀ ਸਾਥੀਆਂ ਦੀ ਭਾਲ ਕੀਤੀ ਜਾ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# 2 ਧਿਰਾਂ 'ਚ ਜਮੀਨੀ ਝਗੜੇ ਦੌਰਾਨ ਔਰਤ ਨੇ ਚਲਾਈ ਗੋਲੀ

**ਕੌਮੀ ਪਤ੍ਰਿਕਾ**

ਗੁਰਦਾਸਪੁਰ 28 ਸਤੰਬਰ। ਪਿੰਡ ਆਲੇਚੱਕ 'ਚ 9 ਕਨਾਲ 7 ਮਰਲੇ ਦੀ ਜਮੀਨ ਨੂੰ ਲੈ ਕੇ 2 ਧਿਰਾਂ ਵਿਚਾਲੇ ਚੱਲ ਰਹੇ ਝਗੜੇ ਦੌਰਾਨ ਇਕ ਧਿਰ ਦੀ ਔਰਤ ਨੇ ਹਵਾਈ ਫਾਇਰਿੰਗ ਕਰ ਦਿੱਤੀ, ਜਿਸ ਤੋਂ ਬਾਅਦ ਪੁਲਸ ਵੱਲੋਂ ਔਰਤ ਸਮੇਤ 3 ਵਿਅਕਤੀਆਂ ਖ਼?ਲਾਫ ਮਾਮਲਾ ਦਰਜ ਕਰ ਲਿਆ ਹੈ। ਉੱਥੇ ਹੀ ਔਰਤ ਨੇ ਪ੍ਰੈੱਸ ਕਾਨਫਰੰਸ ਕਰਦਿਆਂ ਦੋਸ਼ ਲਾਏ ਕਿ ਇਹ ਜਮੀਨ ਉਸ ਦੇ ਸਵਰਗਵਾਸੀ ਪਤੀ ਕਰਨਲ ਦੇ ਨਾਂ ਸੀ, ਜਿਸ ਵਿੱਚ ਉਹ ਲੰਬੇ ਸਮੇਂ ਤੋਂ ਖੇਤੀ ਕਰ ਰਹੀ ਹੈ। ਇਸ ਜਮੀਨ ਦਾ ਮਾਣਯੋਗ ਅਦਾਲਤ ਵਿੱਚ ਕੇਸ ਵੀ ਚੱਲ ਰਿਹਾ ਹੈ ਅਤੇ ਅਦਾਲਤ ਨੇ ਉਨ੍ਹਾਂ ਨੂੰ ਲਿਖਤੀ ਹੁਕਮ ਕੀਤੇ ਹਨ ਕਿ ਜਿੰਨਾ ਚਿਰ ਇਸ ਜਮੀਨ ਦੀ ਕੋਈ ਸੁਣਵਾਈ ਨਹੀਂ ਹੁੰਦੀ, ਇਸ ਜਮੀਨ 'ਤੇ ਉਹ ਖੇਤੀ ਕਰ ਸਕਦੇ ਹਨ ਪਰ ਬੀਤੇ ਕੱਲ੍ਹ ਜਦੋਂ ਉਹ ਜਮੀਨ ਵਾਹ ਰਹੇ ਸਨ ਤਾਂ ਦੂਜੀ ਧਿਰ ਨੇ ਉਸ ਉਪਰ ਹਮਲਾ ਕਰ ਦਿੱਤਾ। ਉਨ੍ਹਾਂ ਦਾ ਟਰੈਕਟਰ ਛੱਪੜ 'ਚ ਸੁੱਟ ਦਿੱਤਾ ਤੇ ਆਪਣੀ ਜਾਨ ਬਚਾਉਣ ਲਈ ਉਨ੍ਹਾਂ ਨੂੰ ਫਾਇਰਿੰਗ ਕਰਨੀ ਪਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਕਰਨਲ ਦੀ ਪਤਨੀ ਜਸਪ੍ਰੀਤ ਕੌਰ ਨੇ ਦੱਸਿਆ ਕਿ ਪੁਲਸ ਨੇ ਦੂਜੀ ਧਿਰ ਦੇ ਕਿਸੇ ਵੀ ਵਿਅਕਤੀ 'ਤੇ ਕੋਈ ਕਾਰਵਾਈ ਨਹੀਂ ਕੀਤੀ ਸਗੋਂ ਉਸ ਉਪਰ ਤੇ ਉਸ ਦੇ ਭਰਵਾਂ 'ਤੇ ਝੂਠਾ ਮਾਮਲਾ ਦਰਜ ਕੀਤਾ ਹੈ। ਔਰਤ ਦੇ ਭਰਾ ਗੁਰਪੇਜ ਸਿੰਘ ਨੇ ਵੀ ਦੱਸਿਆ ਕਿ ਜਦੋਂ ਇਹ ਝਗੜਾ ਹੋਇਆ ਸੀ ਤਾਂ ਉਹ ਡਿਊਟੀ 'ਤੇ ਸੀ। ਘਰ 'ਚ ਮੌਜੂਦ ਨਾ ਹੋਣ ਦੇ ਬਾਵਜੂਦ ਉਸ ਉੱਪਰ ਜਾਣਬੁਝ ਕੇ ਝੂਠਾ ਪਰਚਾ ਦਰਜ ਕੀਤਾ ਗਿਆ। ਇਸ ਲਈ ਉਨ੍ਹਾਂ ਮੰਗ ਕੀਤੀ ਕਿ ਇਸ ਪਰਚੇ ਨੂੰ ਰੱਦ ਕੀਤਾ ਜਾਵੇ ਅਤੇ ਉਨ੍ਹਾਂ



ਨੂੰ ਇਨਸਾਫ ਦਿੱਤਾ ਜਾਵੇ। ਇਸ ਸਬੰਧੀ ਦੂਜੀ ਧਿਰ ਨਾਲ ਸਬੰਧਤ ਨੌਜਵਾਨ ਮੇਜਰ ਸਿੰਘ ਨੇ ਦੱਸਿਆ ਕਿ ਇਹ ਜਮੀਨ ਉਨ੍ਹਾਂ ਨੇ ਖਰੀਦੀ ਹੈ, ਜਿਸ ਦੀ ਰਜਿਸਟਰੀ, ਇੰਤਕਾਲ ਆਦਿ ਸਭ ਉਨ੍ਹਾਂ ਦੇ ਨਾਂ ਹੋ ਚੁੱਕਾ ਹੈ। ਉਨ੍ਹਾਂ ਨੇ ਕੁਝ ਮਹੀਨੇ ਪਹਿਲਾਂ ਇਸ ਜਮੀਨ 'ਤੇ ਪੱਠੇ ਬੀਜੇ ਹੋਏ ਸਨ ਪਰ ਇਸ ਔਰਤ ਨੇ ਬੀਤੀ ਕੱਲ੍ਹ ਜਮੀਨ ਨੂੰ ਟਰੈਕਟਰ ਲਿਆ ਕੇ ਵਾਹ ਦਿੱਤਾ, ਜਦੋਂ ਇਨ੍ਹਾਂ ਨੂੰ ਰੋਕਣ ਦੀ ਕੋਸ਼?ਸ ਕੀਤੀ ਗਈ ਤਾਂ ਇਨ੍ਹਾਂ ਦੇ ਬੰਦਿਆਂ ਨੇ ਸਾਡੇ 'ਤੇ ਹਮਲਾ ਕਰ ਦਿੱਤਾ। ਇਸ ਔਰਤ ਨੇ ਸਾਡੇ ਉੱਪਰ ਫਾਇਰਿੰਗ ਕਰ ਦਿੱਤੀ ਤੇ ਸਾਨੂੰ ਭੱਜ ਕੇ ਜਾਣ ਬਚਾਉਣੀ ਪਈ ਪਰ ਪੁਲਸ ਨੇ ਇਸ ਔਰਤ 'ਤੇ ਇਰਾਦਾ ਕਤਲ ਦੀ ਧਾਰਾ ਨਹੀਂ ਲਗਾਈ। ਉਨ੍ਹਾਂ ਮੰਗ ਕੀਤੀ ਕਿ ਇਸ ਔਰਤ 'ਤੇ ਇਰਾਦਾ ਕਤਲ ਦੀ ਧਾਰਾ ਲਗਾਈ ਜਾਵੇ ਅਤੇ ਉਨ੍ਹਾਂ ਨੂੰ ਇਨਸਾਫ ਦਿੱਤਾ ਜਾਵੇ। ਇਸ ਸਬੰਧੀ ਥਾਣਾ ਸਦਰ ਦੇ ਐੱਸਐੱਚਓ ਅਮਨਦੀਪ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਜਮੀਨੀ ਵਿਵਾਦ ਨੂੰ ਲੈ ਕੇ 2 ਧਿਰਾਂ ਵਿਚਾਲੇ ਝਗੜਾ ਹੋਇਆ ਸੀ ਅਤੇ ਇਕ ਧਿਰ ਦੀ ਔਰਤ ਵੱਲੋਂ ਫਾਇਰਿੰਗ ਕੀਤੀ ਗਈ ਹੈ। ਮੌਕੇ 'ਤੇ ਪਹੁੰਚ ਕੇ ਝਗੜੇ ਨੂੰ ਖਤਮ ਕਰਵਾਇਆ ਗਿਆ ਅਤੇ ਔਰਤ ਸਮੇਤ ਉਸ ਦੇ ਭਰਾਵਾਂ 'ਤੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ ਉਨ੍ਹਾਂ ਕਿਹਾ ਕਿ ਜੇਕਰ ਉਸ ਦੇ ਭਰਾਵਾਂ 'ਤੇ ਗਲਤ ਪਰਚਾ ਦਰਜ ਹੋਇਆ ਹੈ ਤਾਂ ਉਸ ਦੀ ਜਾਂਚ ਕੀਤੀ ਜਾਏਗੀ।

## ਸਬ-ਇੰਸਪੈਕਟਰ ਬਣਨ ਤੋਂ ਪਹਿਲਾਂ ਹੀ ਮੋਟਰਸਾਈਕਲ ਤੇ ਜੁਆਈਨਿੰਗ ਲੈਟਰ ਖੋਹ ਕੇ ਲੈ ਗਏ ਲੁਟੇਰੇ

ਤਰਨਤਾਰਨ 28 ਸਤੰਬਰ। ਥਾਣਾ ਸਰਹਾਲੀ ਦੀ ਪੁਲਸ ਨੇ ਪੰਜਾਬ ਪੁਲਸ 'ਚ ਬਤੌਰ ਸਬ-ਇੰਸਪੈਕਟਰ ਭਰਤੀ ਹੋਣ ਜਾ ਰਹੇ ਵਿਅਕਤੀ ਨੂੰ 4 ਅਣਪਛਾਤੇ ਲੁਟੇਰਿਆਂ ਵੱਲੋਂ ਲੁੱਟ ਦਾ ਨਿਸ਼ਾਨਾ ਬਣਾਉਣ ਸਬੰਧੀ ਮਾਮਲਾ ਦਰਜ ਕਰਦਿਆਂ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ। ਵਰਿੰਦਰ ਸਿੰਘ ਪੁੱਤਰ ਖਜਾਨ ਸਿੰਘ ਵਾਸੀ ਬੇਗਮਪੁਰਾ ਨੇ ਸਰਹਾਲੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਪੰਜਾਬ ਪੁਲਸ ਵਿੱਚ ਬਤੌਰ ਸਬ-ਇੰਸਪੈਕਟਰ ਭਰਤੀ ਹੋਣ ਜਾ ਰਿਹਾ ਸੀ। ਇਸ ਸਬੰਧੀ ਉਸ ਨੂੰ ਵਿਭਾਗ ਵੱਲੋਂ ਜੁਆਈਨਿੰਗ ਲੈਟਰ ਵੀ ਜਾਰੀ ਕਰ ਦਿੱਤਾ ਗਿਆ ਸੀ। ਬੀਤੀ 13 ਸਤੰਬਰ ਦੀ ਰਾਤ ਕਰੀਬ 10 ਵਜੇ ਜਦੋਂ ਉਹ ਆਪਣੇ ਮੋਟਰਸਾਈਕਲ 'ਤੇ ਪਿੰਡ ਬੇਗਮਪੁਰਾ ਨੂੰ ਜਾ ਰਿਹਾ ਸੀ ਤਾਂ ਰਸਤੇ 'ਚ ਮੋਟਰਸਾਈਕਲਾਂ 'ਤੇ ਇਕ ਔਰਤ ਸਮੇਤ ਸਵਾਰ 4 ਅਣਪਛਾਤੇ ਨਕਾਬਪੋਸ਼ ਲੁਟੇਰਿਆਂ ਨੇ ਉਸ ਨੂੰ ਰੋਕ ਲਿਆ, ਜਿਸ ਤੋਂ ਬਾਅਦ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਜਾਨੋਂ ਮਾਰਨ ਦੀ ਧਮਕੀ ਦਿੰਦਿਆਂ ਉਸ ਦਾ ਮੋਟਰਸਾਈਕਲ, ਪਰਸ ਜਿਸ ਵਿੱਚ 4000 ਦੀ ਨਕਦੀ, ਜੁਆਈਨਿੰਗ ਲੈਟਰ, ਆਧਾਰ ਕਾਰਡ ਤੇ ਹੋਰ ਦਸਤਾਵੇਜ਼ ਮੌਜੂਦ ਸਨ, ਖੋਹ ਕੇ ਫਰਾਰ ਹੋ ਗਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਚੌਕੀ ਨੌਸ਼ਹਿਰਾ ਪੰਨੂਆਂ ਦੇ ਇੰਚਾਰਜ ਸਬ-ਇੰਸਪੈਕਟਰ ਇਕਬਾਲ ਸਿੰਘ ਨੇ ਦੱਸਿਆ ਕਿ ਮਾਮਲੇ ਸਬੰਧੀ 4 ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰਦਿਆਂ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਪੰਜਾਬ 'ਚ ਤੇਲ ਵਾਲੇ ਕੈਂਟਰ ਕਾਰਨ ਵਾਪਰਿਆ ਭਿਆਨਕ ਹਾਦਸਾ ! ਵਿਛ ਗਈਆਂ ਲਾਸ਼ਾਂ

ਸ੍ਰੀ ਮੁਕਤਸਰ ਸਾਹਿਬ 28 ਸਤੰਬਰ। ਸ਼ਹਿਰ ਦੇ ਮਲੋਟ ਬਠਿੰਡਾ ਰੋਡ ਬਾਈਪਾਸ 'ਤੇ ਦਰਦਨਾਕ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿਚ ਤੇਲ ਵਾਲੇ ਕੈਂਟਰ ਦੀ ਟੱਕਰ ਨਾਲ ਸਕੂਟਰੀ ਸਵਾਰ ਦੋ ਲੜਕੀਆਂ ਦੀ ਮੌਕੇ ਤੇ ਹੀ ਮੌਤ ਹੋ ਗਈ। ਮ੍ਰਿਤਕ ਲੜਕੀਆਂ ਨੇੜਲੇ ਪਿੰਡ ਥਾਂਦੇਵਾਲਾ ਅਤੇ ਪਿੰਡ ਰਹੂੜਿਆਂਵਾਲੀ ਦੀਆਂ ਰਹਿਣ ਵਾਲੀਆਂ ਸਨ ਜੋ ਕਿ ਸੈਂਟ ਸਹਾਰਾ ਗਰੁੱਪ ਦੇ ਮਾਨਵਤਾ ਫਾਊਂਡੇਸ਼ਨ ਦੇ ਹੋਮ ਕੇਅਰ ਦੇ ਵਿਚ ਨਰਸਿੰਗ ਦਾ ਕੋਰਸ ਕਰ ਰਹੀਆਂ ਸਨ। ਇਹ ਦੋਵੇਂ ਲੜਕੀਆਂ ਸਰਕਾਰੀ ਹਸਪਤਾਲ ਵਿਚ ਇੰਟਰਸ਼ਿਪ ਤੋਂ ਬਾਅਦ ਸਕੂਟਰੀ ਰਾਹੀਂ ਵਾਪਸ ਆਪਣੇ ਘਰ ਜਾ ਰਹੀਆਂ ਸਨ ਤਾਂ ਮਲੋਟ ਬਠਿੰਡਾ ਰੋਡ ਬਾਈਪਾਸ ਤੇ ਤੇਲ ਵਾਲੇ ਕੈਂਟਰ ਨੇ ਇਨ੍ਹਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਹਾਦਸਾ ਇਨ੍ਹਾਂ ਦਰਦਨਾਕ ਸੀ ਕਿ ਦੋਵਾਂ ਲੜਕੀਆਂ ਦੇ ਸਿਰ ਟਾਈਰ ਹੇਠਾਂ ਆ ਗਏ ਤੇ ਮੌਕੇ 'ਤੇ ਹੀ ਦੋਵਾਂ ਦੀ ਦਰਨਾਕ ਮੌਤ ਹੋ ਗਈ। ਮ੍ਰਿਤਕ ਲੜਕੀਆਂ ਦੀ ਪਛਾਣ ਪਿੰਡ ਰਹੂੜਿਆਂਵਾਲੀ ਵਾਸੀ 28 ਸਾਲਾਂ ਰਾਜਵੀਰ ਕੌਰ ਪੁੱਤਰੀ ਕਿੱਕਰ ਸਿੰਘ ਤੇ ਪਿੰਡ ਥਾਂਦੇਵਾਲਾ ਵਾਸੀ 22 ਸਾਲਾ ਰੇਨੂ ਪੁੱਤਰੀ ਬਲਵਿੰਦਰ ਸਿੰਘ ਵਜੋਂ ਹੋਈ ਹੈ। ਰਾਜਵੀਰ ਕੌਰ ਮੈਰਿਡ ਸੀ ਅਤੇ ਉਸ ਦੇ ਦੋ ਬੱਚੇ ਵੀ ਹਨ। ਦੱਸਿਆ ਜਾ ਰਿਹਾ ਹੈ ਕਿ ਜਿਸ ਜਗ?ਹਾ ਤੇ ਹਾਦਸਾ ਹੋਇਆ ਉਸ ਜਗ?ਹਾ ਤੇ ਸੜਕ ਕਾਫੀ ਖਸਤਾ ਹਾਲਤ ਸੀ। ਫਿਲਹਾਲ ਸੜਕ ਸੁਰੱਖਿਆ ਫੋਰਸ ਅਤੇ ਪੁਲਸ ਨੇ ਮੌਕੇ ਤੇ ਪਹੁੰਚ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.



### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH
EX.MALL, SECTOR-9,
ROHINI, NEW DELHI

# ਤੁਹਾਡੀ ਰਸੋਈ



## ਹਰੀ ਮਿਰਚ ਦਾ ਮਾਰਵਾੜੀ ਅਚਾਰ

ਜ਼ਿਆਦਾਤਰ ਲੋਕਾਂ ਨੂੰ ਭੋਜਨ ਨਾਲ ਅਚਾਰ ਖਾਣਾ ਕਾਫ਼ੀ ਪਸੰਦ ਹੁੰਦਾ ਹੈ। ਇਸ ਨਾਲ ਭੋਜਨ ਦਾ ਸੁਆਦ ਹੋਰ ਵੀ ਵੱਧ ਜਾਂਦਾ ਹੈ ਜੇ ਤੁਸੀਂ ਵੀ ਅਚਾਰ ਦੇ ਸ਼ੌਕੀਨ ਹੋ ਤਾਂ ਅੱਜ ਅਸੀ ਤੁਹਾਨੂੰ ਘਰ 'ਚ ਹੀ ਹਰੀ ਮਿਰਚ ਦਾ ਮਾਰਵਾੜੀ ਅਚਾਰ ਬਣਾਉਣ ਬਾਰੇ ਦੱਸਣ ਜਾ ਰਹੇ ਹਾਂ। ਇਸ ਨੂੰ ਬਣਾਉਣਾ ਬਹੁਤ ਹੀ ਆਸਾਨ ਹੈ। ਰਾਜਸਥਾਨ ਦਾ ਦਾਲ ਬਾਟੀ ਚੂਰਮਾ ਤਾਂ ਤੁਸੀਂ ਖ਼ੂਬ ਖਾਂਦੇ ਹੋਵੋਗੇ, ਮੂੰਗ ਦਾਲ ਦਾ ਪਰੌਂਠਾ ਵੀ ਜ਼ਰੂਰ ਪਸੰਦ ਹੋਵੇਗਾ ਫ਼ਿਰ ਇਸ ਦੇ ਨਾਲ ਇਹ ਮਾਰਵਾੜੀ ਅਚਾਰ ਇਸ ਦਾ ਸੁਆਦ ਹੋਰ ਵੀ ਦੁਗਣਾ ਕਰ ਦੇਵੇਗਾ। ਆਓ ਦੇਖਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ
- 250 ਗ੍ਰਾਮ ਹਰੀ ਮਿਰਚ
- ਅੱਧਾ ਛੋਟਾ ਚਮਚ ਹਲਦੀ ਪਾਊਡਰ
- 2 ਛੋਟੇ ਚਮਚ ਧਨਿਆ ਪਾਊਡਰ
- 2 ਛੋਟੇ ਚਮਚ ਸੌਂਫ਼ ਪਾਊਡਰ
- 2 ਚੁਟਕੀ ਹਿੰਗ
- ਅੱਧਾ ਛੋਟਾ ਚਮਚ ਜੀਰਾ
- ਅੱਧਾ ਛੋਟਾ ਚਮਚ ਰਾਈ
- ਅੱਧਾ ਛੋਟਾ ਚਮਚ ਅੰਬਚੂਰ ਪਾਊਡਰ
- 4 ਵੱਡੇ ਚਮਚ ਸਰੋਂ ਦਾ ਤੇਲ
- ਨਮਕ ਸੁਆਦ ਮੁਤਾਬਕ
- ਕਾਲਾ ਨਮਕ ਸੁਆਦ ਮੁਤਾਬਕ

ਬਣਾਉਣ ਦੀ ਵਿਧੀ ਬਾਰੇ
- ਸਭ ਤੋਂ ਪਹਿਲਾਂ ਹਰੀ ਮਿਰਚ ਨੂੰ ਧੋ ਕੇ ਸਾਫ਼ ਕਰ ਲਓ।
- ਫ਼ਿਰ ਇਸ 'ਚ ਚੀਰਾ ਲਗਾ ਲਓ।
- ਫ਼ਿਰ ਘੱਟ ਗੈਸ 'ਤੇ ਇੱਕ ਕੜਾਈ 'ਚ ਤੇਲ ਗਰਮ ਕਰੋ। ਜਦੋਂ ਤੇਲ ਗਰਮ ਹੋ ਜਾਵੇ ਤਾਂ ਇਸ 'ਚ ਜੀਰਾ ਅਤੇ ਰਾਈ ਪਾਓ। ਇਸ ਨੂੰ 2 ਮਿੰਟ ਤੱਕ ਭੁਣੋਂ।-ਫ਼ਿਰ ਇਸ 'ਚ ਸੌਂਫ਼ ਅੰਬਚੂਰ ,ਧਨਿਆ,ਕਾਲਾ ਨਮਕ ਅਤੇ ਸਾਦਾ ਨਮਕ ਪਾ ਕੇ ਸਾਰੇ ਮਸਾਲੇ ਚੰਗੀ ਤਰ੍ਹਾਂ ਮਿਕਸ ਕਰ ਲਓ।
- ਇਨ੍ਹਾਂ ਮਸਾਲਿਆਂ ਨੂੰ 3 ਮਿੰਟ ਤੱਕ ਪਕਾਓ। ਫ਼ਿਰ ਇਸ 'ਚ ਮਿਰਚ ਪਰਾ ਕੇ ਚੰਗੀ ਤਰ੍ਹਾਂ ਮਿਕਸ ਕਰ ਲਓ।



- ਹੁਣ ਕੜਾਈ ਨੂੰ ਢੱਕ ਕੇ ਘੱਟ ਗੈਸ 'ਤੇ ਮਿਰਚ ਨੂੰ ਪਕਾਓ।
- ਫ਼ਿਰ ਢੱਕਣ ਖੋਲ ਕੇ ਤੇਜ ਗੈਸ 'ਚ ਮਿਰਚ ਦਾ ਪਾਣੀ ਸੁੱਕਣ ਤੱਕ ਪਕਾਓ।
- ਜਦੋਂ ਪਾਣੀ ਸੁੱਕ ਜਾਵੇ ਤਾਂ ਠੰਡਾ ਹੋਣ ਤੇ ਅਚਾਰ ਨੂੰ ਕਿਸੇ ਬਰਨੀ ਜਾਂ ਕੱਚ ਦੇ ਬਰਤਨ 'ਚ ਭਰ ਕੇ ਰੱਖੋ।
- ਰੋਟੀ ਜਾਂ ਪਰੌਂਠੇ ਦੇ ਨਾਲ ਜਦੋਂ ਦਿਲ ਕਰੇ ਅਚਾਰ ਦਾ ਸੁਆਦ ਲਓ।

## ਕਾਜੂ-ਪਿਸਤਾ ਰੋਲ

ਮਿਠਾਈਆਂ ਖਾਣਾ ਕਾਫ਼ੀ ਲੋਕਾਂ ਨੂੰ ਪਸੰਦ ਹੁੰਦਾ ਹੈ। ਅਤੇ ਇਸ ਲਈ ਲੋਕ ਨਵੇਂ-ਨਵੇਂ ਤਰੀਕੇ ਦੀਆਂ ਮਿਠਾਈਆਂ ਬਣਾਉਣੀਆਂ ਸਿਖਦੇ ਹੀ ਰਹਿੰਦੇ ਹਨ। ਜੇ



ਤੁਸੀਂ ਵੀ ਮਿਠਾਈ ਖਾਣ ਦੇ ਸ਼ੌਕੀਨ ਹੋ ਤਾਂ ਜ਼ਰੂਰ ਬਣਾਓ ਇਹ ਸਪੈਸ਼ਲ ਕਾਜੂ ਪਿਸਤਾ ਰੋਲ। ਆਓ ਦੇਖਦੇ ਹਾਂ ਇਸ ਨੂੰ ਬਣਾਉਣ ਦੀ ਵਿਧੀ ਬਾਰੇ

ਸਮੱਗਰੀ
- 1 ਕੱਪ ਕਾਜੂ
- ਇੱਕ ਤਿਆਈ ਕੱਪ ਚੀਨੀ
- 3 ਛੋਟੇ ਚਮਚ ਘਿਓ
- ਪਾਣੀ ਜ਼ਰੂਰਤ ਮੁਤਾਬਕ
- 1 ਛੋਟਾ ਕੱਪ ਪਿਸਤਾ
- 1 ਛੋਟਾ ਕੱਪ ਬਾਦਾਮ
- 2 ਵੱਡੇ ਚਮਚ ਚੀਨੀ
- 2 ਵੱਡੇ ਚਮਚ ਦੁੱਧ
- ਇੱਕ ਛੋਟਾ ਚਮਚ ਅਲੀਇਚੀ ਪਾਊਡਰ
- ਇੱਕ ਚੁਟਕੀ ਫ਼ੂਡ ਕਲਰ(ਹਰਾ)

ਬਣਾਉਣ ਦੀ ਵਿਧੀ
- ਸਭ ਤੋਂ ਪਹਿਲਾਂ ਮਿਰਸਰ ਜਾਰ 'ਚ ਕਾਜੂ ਨੂੰ ਸੁੱਕਾ ਪੀਸ ਲਓ।
- ਕਾਜੂ ਪੀਸਨ ਤੋਂ ਬਾਅਦ ਮਿਕਸਰ ਜਾਰ 'ਚ ਪਿਸਤੇ ਅਤੇ ਬਾਦਾਮ ਨੂੰ ਵੀ ਪੀਸ ਲਓ ਅਤੇ ਪਾਊਡਰ ਤਿਆਰ ਕਰ ਲਓ।
- ਹੁਣ ਪਿਸਤਾ ਬਾਦਾਮ ਪਾਊਡਰ 'ਚ ਕੱਟੇ ਹੋਏ ਪਿਸਤੇ, ਚੀਨੀ,ਅਲਾਇਚੀ ਪਾਊਡਰ,ਦੁੱਧ ਅਤੇ ਫ਼ੂਡ ਕਲਰ ਪਾ ਕੇ ਚੰਗੀ ਤਰ੍ਹਾਂ ਮਿਕਸ ਕਰ ਕੇ ਸਟਫ਼ਿੰਗ ਤਿਆਰ ਕਰ ਲਓ।
- ਰੋਲਸ ਬਣਾਉਣ ਲਈ ਸਭ ਤੋਂ ਪਹਿਲਾਂ ਘੱਟ ਗੈਸ 'ਤੇ ਇੱਕ ਕੜਾਈ 'ਚ ਪਾਣੀ ਅਤੇ ਚੀਨੀ ਮਿਲਾਓ।
- ਜਿਵੇਂ ਹੀ ਪਾਣੀ 'ਚ ਚੀਨੀ ਘੁੱਲ ਜਾਵੇ ਤਾਂ ਗੈਸ ਘੱਟ ਕਰ ਦਿਓ ਅਤੇ ਕਾਜੂ ਪਾਊਡਰ ਅਤੇ ਘਿਓ ਮਿਲਾਕੇ ਚੰਗੀ ਤਰ੍ਹਾਂ ਗਾੜ੍ਹਾ ਹੋਣ ਤੱਕ ਪਕਾਓ।
- ਕਾਜੂ ਦੇ ਮਿਸ਼ਰਣ ਨੂੰ ਠੰਡਾ ਹੋਣ ਲਈ ਕਿਸੇ ਬਰਤਨ 'ਚ ਰੱਖੋ। ਇਸ ਗੱਲ ਦਾ ਧਿਆਨ ਰੱਖਣਾ ਹੈ ਕਿ ਮਿਸ਼ਰਣ ਇਨ੍ਹਾਂ ਗਾੜ੍ਹਾ ਹੋ ਜਾਵੇ ਕਿ ਇਸ ਨੂੰ ਵੇਲਿਆ ਜਾ ਸਕੇ।
- ਹੁਣ ਕਾਜੂ ਮਿਸ਼ਰਣ ਦੇ ਪੇੜੇ ਕਰ ਲਓ ਅਤੇ ਘਿਓ ਲਾ ਕੇ ਚਕਲੇ 'ਤੇ ਫ਼ੈਲਾ ਦਿਓ।
- ਹੁਣ ਪੇੜੇ ਨੂੰ ਹਲਕੇ ਹੱਥ ਨਾਲ ਫ਼ੈਲਾ ਕੇ ਗੋਲ ਅਕਾਰ ਦਿਓ। ਫ਼ਿਰ ਵੇਲਣ ਨਾਲ ਵੇਲ ਕੇ ਚਾਰੇ ਪਾਸੇ ਤੋਂ ਬਰਾਬਰ ਕਰ ਲਓ।
- ਹੁਣ ਇਸ 'ਤੇ ਸਟਫ਼ਿੰਗ ਰੱਖ ਕੇ ਰੋਲ ਕਰ ਦਿਓ।
- ਤਿਆਰ ਰੋਲ ਨੂੰ ਫ਼ਰਿੱਜ 'ਚ ਰੱਖੋ।
- ਜਦੋਂ ਇਹ ਪੂਰੀ ਤਰ੍ਹਾਂ ਤਿਆਰ ਹੋ ਜਾਵੇ ਤਾਂ ਇਸ ਨੂੰ ਛੋਟੇ-ਛੋਟੇ ਟੁੱਕੜਿਆਂ 'ਚ ਕੱਟ ਲਓ।

## ਮਿਲਕ ਕੇਕ

ਸਮੱਗਰੀ
- 3 ਲੀਟਰ ਦੁੱਧ
- ਦੋ ਚਮਚ ਨਿੰਬੂ ਦਾ ਰਸ
- ਇੱਕ ਚਮਚ ਹਰੀ ਇਲਾਇਚੀ
- ਇੱਕ ਚਮਚ ਦੇਸੀ ਘਿਓ
- 250 ਗ੍ਰਾਮ ਚੀਨੀ
- ਤੇਲ
- ਬਾਦਾਮ (ਕੱਟੇ ਹੋਏ)

ਵਿਧੀ
1. ਗੈਸ 'ਤੇ ਇੱਕ ਭਾਰੀ ਕੜਾਹੀ 'ਚ ਦੁੱਧ ਨੂੰ ਉਬਾਲੋ। ਫ਼ਿਰ ਇਸ 'ਚ ਦੋ ਚਮਚ ਨਿੰਬੂ ਦਾ ਰਸ ਪਾਓ ਅਤੇ ਉਦੋਂ ਤੱਕ ਹਿਲਾਓ ਜਦੋਂ ਤੱਕ ਦੁੱਧ ਫ਼ੱਟਣਾ ਨਾ ਸ਼ੁਰੂ ਹੋ ਜਾਵੇ।
2. ਫ਼ਿਰ ਇਸ 'ਚ ਇੱਕ ਚਮਚ ਹਰੀ ਇਲਾਇਚੀ, ਇੱਕ ਚਮਚ ਦੇਸੀ ਘਿਓ ਅਤੇ 250 ਗ੍ਰਾਮ ਚੀਨੀ ਪਾ ਕੇ ਚੰਗੀ ਤਰ੍ਹਾਂ ਮਿਕਸ ਕਰ ਕੇ ਪਕਾਓ। ਇਸ ਮਿਸ਼ਰਣ ਨੂੰ ਉਦੋਂ ਤੱਕ ਪਕਾਓ ਜਦੋਂ ਤੱਕ ਇਹ ਕੜਾਹੀ ਦੇ ਕਿਨਾਰਿਆਂ ਨੂੰ ਛੱਡਣ ਨਾ ਲੱਗੇ।
3. ਹੁਣ ਇਸ ਸਾਰੇ ਮਿਸ਼ਰਣ ਨੂੰ ਤੇਲ ਲਗਾਈ ਟ੍ਰੇ 'ਚ ਕੱਢ ਲਓ ਅਤੇ ਬਾਦਾਮ ਨਾਲ ਇਸ ਨਾਲ ਸਜਾਓ।
4. ਪੂਰੀ ਰਾਤ ਇਸ ਨੂੰ ਢੱਕ ਕੇ ਰੱਖੋ।
5. ਸਵੇਰੇ ਇਸ ਨੂੰ ਮਨ ਪਸੰਦ ਆਕਾਰ 'ਚ ਕੱਟ ਕੇ ਸਰਵ ਕਰੋ।

## ਆਤਮ ਹੱਤਿਆ

ਹਰ-ਰੋਜ਼ ਦੀ ਤਰਾਂ ਹੀ ਆਮ ਰਾਤ ਸੀ ਪਰ ਮੱਘਰ ਸਿੰਘ ਫਿਕਰਾਂ ਚ ਗੁਆਚਾ ਹੋਇਆ ਸੀ ਉਸੀ ਦੀ ਪਤਨੀ ਜੀਤੋ ਘੂਕ ਸੁੱਤੀ ਸੀ,16 ਕੁ ਸਾਲ ਦੀ ਧੀ ਗੀਤ ਅਤੇ 13 ਕੁ ਸਾਲ ਦਾ ਉਸਦਾ ਪੁੱਤ ਸਿੰਦਾ ਵੀ ਨਾਲ ਦੇ ਕਮਰੇ 'ਚ ਸੁੱਤੇ ਪਏ ਸੀ ,ਮੱਘਰ ਨੇ ਸੋਚਦੇ -ਸੋਚਦੇ ਨੇ ਮਨ ਹੀ ਮਨ ਆਪਣੇ ਆਪ ਨੂੰ ਮਾਰਨ ਲਈ ਪੱਕਾ ਕਰ ਲਿਆ , ਉੱਠ ਕੇ ਤੂੜੀ ਵਾਲੀ ਸਬਾਤ ਵੱਲ ਨੂੰ ਤੁਰ ਪਿਆ । ਜਿੱਥੇ ਜਾਕੇ ਉਹ ਅਲਮਾਰੀ ਦੇ ਰੱਸੀਆਂ ਨਾਲ ਬੰਨੇ ਟੁੱਟੇ ਕੁੰਡੇ ਨੂੰ ਦਾਤੀ ਨਾਲ ਵੱਢਕੇ ਕਾਲੇ ਲਿਫ਼ਾਫ਼ੇ ਚ ਰੱਖੀ ਸੁਲਫਾਸ਼ ਚੁੱਕ ਕੇ ਖਾ ਗਿਆ ।

ਉਸੇ ਰਾਤ ਦੇ ਪਹਿਲੇ ਦਿਨ ਭਾਰੀ ਮੀਂਹ ਤੇ ਗੜਿਆਂ ਨਾਲ ਨੁਕਸਾਨੀ ਫਸਲ ਤੋਂ ਦੁਖੀ ਘਰ ਆਇਆ ਸੀ। ਉੱਤੋਂ ਬੈਂਕ ਵਾਲੇ ਘਰ ਆਕੇ ਕੇ ਬਹੁਤ ਬੁਰਾ ਭਲਾ ਬੋਲਕੇ ਗਏ ਸੀ । ਜ਼ਮੀਨ ਦੀ ਕੁਰਕੀ ਦਾ ਨੋਟਿਸ ਵੀ ਦੇ ਗਏ ਸੀ । ਬੈਂਕ ਵਾਲਿਆਂ ਤੋ ਬਾਅਦ ਮੱਘਰ ਦਾ ਦੋਸਤ ਭੋਲਾ ਆਇਆ ਸੀ ਘਰ ਦੀ ਕੱਢੀ ਬੋਤਲ ਪੀਕੇ ਦੋਵੇਂ ਨਸ਼ੇ ਵਿੱਚ ਚੰਗੇ ਟੁਨ ਹੋ ਗਏ ਸੀ ।

ਮੱਘਰ ਦੇ ਜ਼ਹਿਰ ਖਾਕੇ ਮਰਨ ਬਾਅਦ ਉਸਦਾ ਪਰਿਵਾਰ ਪੁਰੀ ਤਰਾ ਟੁੱਟ ਗਿਆ। ਬੈਂਕ ਨੇ ਫਿਰ ਵੀ ਕੁਰਕੀ ਕਰਕੇ ਆਪਣੀ ਰਕਮ ਦੀ ਵਸੂਲੀ ਕਰ ਲਈ। ਉਸ ਦਾ ਦੋਸਤ ਭੋਲਾ ਉਸ ਦੀ ਬਚੀ ਖੁਚੀ ਜ਼ਮੀਨ ਤੋਂ ਅੱਗੇ ਜੀਤੋ ਉੱਪਰ ਵੀ ਬੁਰੀ ਨਜ਼ਰ ਰੱਖਣ ਲੱਗ ਗਿਆ । ਸਿੰਦੇ ਨੂੰ ਵੀ ਗੁਆਂਢੀ ਨੌਕਰਾਂ ਵਾਗੂੰ ਵਰਤਣ ਲੱਗ ਪਏ ਤੇ ਜਵਾਨ ਧੀ ਗੀਤ ਨਾਲ ਵੀ ਪਿੰਡ ਦੇ ਮਸ਼ਟੰਡੇ ਛੇੜਖਾਨੀ ਕਰਨ ਲੱਗੇ। ਗੀਤ ਦੇ ਵਿਰੋਧ ਕਰਨ ਤੇ ਇੱਕ ਮੁਸਟੰਡੇ ਨੇ ਗੀਤ ਉੱਤੇ ਤੇਜ਼ਾ...। ਇਸੇ ਝਟਕੇ ਨਾਲ ਮੱਘਰ ਦੀ ਅੱਖ ਖੁੱਲ ਗਈ।

ਵਾਹਿਗੁਰੂ ਵਾਹਿਗੁਰੂ ਕਰਦਾ ਉੱਠਿਆ ਅਗਲੇ ਹੀ ਦਿਨ ਮੱਘਰ ਨੇ ਆਪਣੀ 5 ਕਿਲ੍ਹੇ ਜ਼ਮੀਨ ਚੋਂ ਅੱਧਾ ਕਿਲ੍ਹਾ ਜ਼ਮੀਨ ਅਤੇ ਕਾਰ ਵੇਚ ਕੇ ਸਾਰਾ ਕਰਜ਼ਾ ਲਾਅ ਦਿੱਤਾ ਤੇ ਸਾਦਾ ਜੀਵਨ ਜਿਉਣਾ ਸ਼ੁਰੂ ਕਰ ਦਿੱਤਾ ॥

ਖੁਸ਼ ਚਹਿਲ

## ਬਗ਼ਾਵਤ

ਪ੍ਰੀਤਮਾ ਦੋਮੇਲ

ਅਲੀਲਾ ਨੂੰ ਪਤਾ ਨਹੀਂ ਕੁਝ ਦਿਨਾਂ ਤੋਂ ਕੀ ਹੋ ਗਿਆ ਸੀ। ਗਿਆਰਵੀਂ ਜਮਾਤ ਵਿੱਚ ਪੜ੍ਹਨ ਵਾਲੀ ਮਾਸੂਮ ਤੇ ਆਪਣੇ ਵਿੱਚ ਮਸਤ ਰਹਿਣ ਵਾਲੀ ਭੋਲੀ-ਭਾਲੀ ਅਲੀਲਾ ਨੂੰ ਜਿਵੇਂ ਦੁਨੀਆਂ ਦੀ ਹੋਸ਼ ਹੀ ਨਹੀਂ ਸੀ। ਹਰ ਵੇਲੇ ਉਸ ਦਾ ਧਿਆਨ ਕਿਸੇ ਅਣਜਾਣ ਇਨਸਾਨ ਵੱਲ ਲੱਗਿਆ ਰਹਿੰਦਾ। ਉਸ ਦਾ ਕੀ ਨਾਂ ਸੀ, ਉਹ ਕੌਣ ਸੀ, ਕਿੱਥੇ ਰਹਿੰਦਾ ਸੀ, ਉਸ ਨੂੰ ਕੋਈ ਪਤਾ ਨਹੀਂ ਸੀ। ਬਸ ਉਸ ਨੂੰ ਸਿਰਫ਼ ਇੰਨਾ ਪਤਾ ਸੀ ਕਿ ਜਦ ਉਹ ਸਕੂਲੋਂ ਪੜ੍ਹ ਕੇ ਆਉਂਦੀ ਸੀ ਤਾਂ ਮੁੰਡਿਆਂ ਦੀ ਇੱਕ ਟੋਲੀ ਜਿਹੜੀ ਕਦੇ ਉਨ੍ਹਾਂ ਤੋਂ ਅੱਗੇ, ਕਦੇ ਪਿੱਛੇ ਤੁਰਦੀ ਸੀ, ਉਹ ਉਸ ਟੋਲੀ ਵਿੱਚ ਹੁੰਦਾ ਸੀ। ਸਭ ਤੋਂ ਅਲੱਗ, ਸਭ ਤੋਂ ਸੋਹਣਾ ਤੇ ਗੋਰਾ, ਉੱਚਾ ਲੰਬਾ ਪਰ ਉਸ ਨੇ ਤਾਂ ਕਦੇ ਇਸ ਵੱਲ ਮੁੜ ਕੇ ਦੇਖਿਆ ਵੀ ਨਹੀਂ ਸੀ। ਪਰ ਪਤਾ ਨਹੀਂ ਕਿਵੇਂ ਉਹ ਉਸ ਦੇ ਸੁਫ਼ਨਿਆਂ ਦਾ ਸ਼ਹਿਜ਼ਾਦਾ ਬਣ ਗਿਆ ਸੀ।

ਫ਼ਿਰ ਇੱਕ ਦਿਨ ਅਲੀਲਾ ਨੂੰ ਉਸ ਦਾ ਨਾਂ ਪਤਾ ਲੱਗ ਗਿਆ। ਉਹ ਰੋਜ਼ ਦੀ ਤਰ੍ਹਾਂ ਸਕੂਲੋਂ ਪੜ੍ਹ ਕੇ ਆ ਰਹੀ ਸੀ ਤੇ ਅੱਗੇ ਅੱਗੇ ਜਾਣ ਵਾਲੀ ਟੋਲੀ ਵਿੱਚ ਉਹ ਤੁਰਿਆ ਜਾ ਰਿਹਾ ਸੀ। ਫ਼ਿਰ ਕਿਸੇ ਨੇ ਤੇਮਸੂ ਕਹਿ ਕੇ ਪਿੱਛੋਂ ਆਵਾਜ਼ ਮਾਰੀ। ਉਸ ਨੇ ਪਿੱਛੇ ਮੁੜ ਕੇ ਦੇਖਿਆ ਤੇ ਜਵਾਬ ਦਿੱਤਾ। ਇਸ ਤਰ੍ਹਾਂ ਇੱਕ ਅਣਜਾਣ ਲੜਕਾ ਆਪਣੇ ਪੂਰੇ ਵਜੂਦ ਨਾਲ ਉਸ ਦੇ ਸਾਹਮਣੇ ਸਾਕਾਰ ਹੋਇਆ। ਅਲੀਲਾ ਗਿਆਰਵੀਂ ਪਾਸ ਕਰ ਕੇ ਅਗਲੀ ਜਮਾਤ ਵਿੱਚ ਚਲੀ ਗਈ, ਪਰ ਤੇਮਸੂ ਲਈ ਉਸ ਦੀ ਚਾਹਤ ਵਿੱਚ ਕੋਈ ਫ਼ਰਕ ਨਾ ਪਿਆ। ਉਹ ਮਨ ਹੀ ਮਨ ਬਿਨਾਂ ਉਸ ਨਾਲ ਬੋਲਿਆਂ ਉਸ ਨੂੰ ਪਿਆਰ ਕਰਦੀ ਰਹੀ। ਫ਼ਿਰ ਇੱਕ ਦਿਨ ਉਨ੍ਹਾਂ ਦਾ ਅਚਾਨਕ ਹੀ ਮੇਲ ਹੋ ਗਿਆ। ਉਸ ਦਿਨ ਉਹ ਦੋਵੇਂ ਇੱਕਲੇ-ਇੱਕਲੇ ਹੀ ਘਰ ਨੂੰ ਜਾ ਰਹੇ ਸਨ। ਜਦ ਉਹ ਉਸ ਦੇ ਕੋਲੋਂ ਦੀ ਲੰਘਿਆ ਤਾਂ ਅਲੀਲਾ ਨੇ ਬਹੁਤ ਹੀ ਹੌਲੀ ਜਿਹੀ ਉਸ ਦਾ ਨਾਂ ਲਿਆ। ਉਹ ਰੁਕ ਗਿਆ ਤੇ ਬੋਲਿਆ, "ਤੂੰ ਮੈਨੂੰ ਕਿਉਂ ਬੁਲਾਇਆ ? ਕੋਈ ਕੰਮ ਹੈ ਤੈਨੂੰ ਮੇਰੇ ਨਾਲ ?" "ਹਾਂ ਨਹੀਂ" ਉਹ ਕੰਨਾਂ ਤੱਕ ਲਾਲ ਹੋ ਗਈ। ਉਹ ਕੁਝ ਵੀ ਬੋਲ ਨਾ ਸਕੀ। ਤੇਮਸੂ ਕੁਝ ਪਲ ਚੁੱਪ-ਚਾਪ ਉਸ ਦੇ ਮੂੰਹ ਵੱਲ ਦੇਖਦਾ ਰਿਹਾ। ਫ਼ਿਰ ਉਸ ਨੇ ਹਲਕੇ ਜਿਹੇ ਉਸ ਦਾ ਹੱਥ ਆਪਣੇ ਹੱਥ ਵਿੱਚ ਲੈ ਲਿਆ ਤੇ ਉਹ ਦੋਵੇਂ ਚੁੱਪ-ਚਾਪ ਚਲਦੇ ਰਹੇ ਤੇ ਜਦੋਂ ਰਾਹਾਂ ਫ਼ੁੱਟੀਆਂ ਤਾਂ ਉਹ ਆਪੋ-ਆਪਣੇ ਘਰਾਂ ਨੂੰ ਮੁੜ ਗਏ।

ਇੱਥੋਂ ਉਨ੍ਹਾਂ ਦੀ ਪ੍ਰੇਮ ਕਹਾਣੀ ਸ਼ੁਰੂ ਹੋ ਗਈ। ਬੀਤਣ ਵਾਲਾ ਹਰ ਦਿਨ ਉਨ੍ਹਾਂ ਨੂੰ ਇੱਕ ਦੂਜੇ ਦੇ ਨੇੜੇ ਲਿਆ ਰਿਹਾ ਸੀ। ਜਦ ਤੇਮਸੂ ਆਪਣਾ ਬੀ.ਏ. ਦਾ ਇਮਤਿਹਾਨ ਦੇ ਕੇ ਵਿਹਲਾ ਹੋਇਆ ਤਦ ਤੱਕ ਅਲੀਲਾ ਵੀ ਬਾਰ੍ਹਵੀਂ ਦੀ ਪ੍ਰੀਖਿਆ ਦੇ ਚੁੱਕੀ ਸੀ। ਹੁਣ ਉਹ ਸਕੂਲ ਕਾਲਜ ਨਹੀਂ ਸੀ ਜਾਂਦੇ, ਘਰ ਹੀ ਰਹਿੰਦੇ ਸਨ, ਪਰ ਇੱਕ-ਦੂਜੇ ਨੂੰ ਮਿਲੇ ਜਾਂ ਦੇਖੇ ਬਿਨਾਂ ਉਨ੍ਹਾਂ ਨੂੰ ਚੈਨ ਨਹੀਂ ਸੀ ਆਉਂਦਾ। ਉਨ੍ਹਾਂ ਦੀ ਭੁੱਖ ਮਰ ਗਈ ਸੀ। ਰਾਤ ਨੂੰ ਨੀਂਦ ਨਹੀਂ ਸੀ ਆਉਂਦੀ ਤੇ ਕਿਸੇ ਕੰਮ ਵਿੱਚ ਜੀਅ ਨਹੀਂ ਸੀ ਲੱਗਦਾ। ਅੱਗੋਂ ਅਲੀਲਾ ਨੇ ਬੀ ਏ ਕਰਨੀ ਸੀ ਤੇ ਤੇਮਸੂ ਨੇ ਐੱਮਬੀਏ ਵਿੱਚ ਦਾਖ਼ਲਾ ਲੈਣਾ ਸੀ, ਪਰ ਉਨ੍ਹਾਂ ਲਈ ਤਾਂ ਜਿਵੇਂ ਸਭ ਕੁਝ ਖ਼ਤਮ ਹੋ ਗਿਆ ਸੀ। ਬਸ ਉਨ੍ਹਾਂ ਨੂੰ ਤਾਂ ਸਿਰਫ਼ ਇੱਕ ਦੂਜੇ ਦਾ ਸਾਥ ਚਾਹੀਦਾ ਸੀ। ਇੱਕ ਦਿਨ ਪਤਾ ਨਹੀਂ ਘਰੋਂ ਕੀ ਕੀ ਬਹਾਨੇ ਬਣਾ ਕੇ ਉਹ ਨਿਕਲੇ ਤੇ ਕਿਸੇ ਪਹਾੜ ਦੀ ਨਿਵੇਕਲੀ ਗੁੱਠੇ ਇੱਕ-ਦੂਜੇ ਨੂੰ ਮਿਲੇ ਤੇ ਆਪਣੀ-ਆਪਣੀ ਹਾਲਤ ਬਿਆਨ ਕੀਤੀ। ਆਖ਼ਰ ਤੇਮਸੂ ਨੇ ਕਿਹਾ, "ਅਲੀ ਹੁਣ ਦੱਸ ਕੀ ਕਰਨਾ ਹੈ ?" "ਜਿਵੇਂ ਤੁਸੀਂ ਕਹੋ।" ਉਹ ਹਰ ਤਰ੍ਹਾਂ ਉਸ ਦੇ ਨਾਲ ਸੀ। "ਦੇਖ ਅਲੀ, ਤੂੰ ਕਬੀਲੇ ਦੇ ਕਾਨੂੰਨ



ਤੋਂ ਤਾਂ ਚੰਗੀ ਤਰ੍ਹਾਂ ਵਾਕਫ਼ ਹੈਂ। ਅਗਰ ਅਸੀਂ ਇੱਕ ਦੂਜੇ ਦੇ ਨਾਲ ਰਹਿਣਾ ਹੈ ਤਾਂ ਆਪਣੇ ਮਾਂ- ਬਾਪ, ਘਰ, ਭੈਣ, ਭਾਈ, ਪਿੰਡ ਸਭ ਕੁਝ ਛੱਡਣਾ ਪਵੇਗਾ, ਹਮੇਸ਼ਾ ਲਈ। ਅਗਰ ਇਹ ਮਨਜ਼ੂਰ ਹੈ ਤਾਂ ਠੀਕ ਹਫ਼ਤੇ ਬਾਅਦ ਇਸੇ ਦਿਨ ਇਸੇ ਟਾਈਮ ਇੱਥੇ ਹੀ ਆਪਾਂ ਮਿਲਾਂਗੇ ਤੇ ਆਪਣੇ ਇਸ ਸੰਸਾਰ ਨੂੰ ਅਲਵਿਦਾ ਕਹਿ ਦਿਆਂਗੇ। ਜਿਸ ਨੂੰ ਇਹ ਫ਼ੈਸਲਾ ਠੀਕ ਨਾ ਲੱਗੇ, ਉਹ ਇੱਥੇ ਨਾ ਆਏ, ਦੂਜਾ ਆਪਣੇ ਆਪ ਸਮਝ ਜਾਏਗਾ। ਸੋਚਣ ਲਈ ਆਪਣੇ ਪਾਸ ਇੱਕ ਹਫ਼ਤਾ ਹੈ।" ਇਸ ਤੋਂ ਬਾਅਦ ਉਹ ਆਪੋ ਆਪਣੇ ਘਰ ਚਲੇ ਗਏ। ਉਸ ਇੱਕ ਹਫ਼ਤੇ ਵਿੱਚ ਦੋਵਾਂ ਦੇ ਮਨਾਂ ਵਿੱਚ ਬੜੇ ਉਤਰਾਅ ਚੜ੍ਹਾਅ ਆਏ। ਕਦੇ ਮਾਂ-ਬਾਪ ਦਾ ਮੋਹ ਹਾਵੀ ਹੋ ਜਾਂਦਾ, ਕਦੇ ਆਪਣਾ ਘਰ, ਜ਼ਮੀਨ, ਕਦੇ ਹੋਰ ਰਿਸ਼ਤੇਦਾਰ ਤੇ ਭੈਣ-ਭਾਈ ਸਾਹਮਣੇ ਆ ਕੇ ਖੜ੍ਹੇ ਹੋ ਜਾਂਦੇ ਤੇ ਉਹ ਕਮਜ਼ੋਰ ਪੈ ਜਾਂਦੇ, ਪਰ ਆਖ਼ਰ ਵਿੱਚ ਉਨ੍ਹਾਂ ਦਾ ਇੱਕ-ਦੂਜੇ ਲਈ ਪਿਆਰ ਜਿੱਤ ਗਿਆ ਤੇ ਉਹ ਮਿੱਥੇ ਦਿਨ ਮਿੱਥੇ ਥਾਂ 'ਤੇ ਪੁੱਜ ਗਏ ਤੇ ਮੋਕੋਕਚੁੰਗ (ਜ਼ਿਲ੍ਹਾ) ਜਾ ਕੇ ਉਨ੍ਹਾਂ ਨੇ ਚਰਚ ਵਿੱਚ ਪਾਦਰੀ ਦੀ ਹਾਜ਼ਰੀ ਵਿੱਚ ਸ਼ਾਦੀ ਕਰ ਲਈ ਤੇ ਕਬੀਲੇ ਦੇ ਉਸ ਚੰਦਰੇ ਕਾਨੂੰਨ ਦੇ ਮੂੰਹ 'ਤੇ ਚਪੇੜ ਮਾਰ ਦਿੱਤੀ ਅਤੇ ਹਮੇਸ਼ਾ ਲਈ ਇੱਕ-ਦੂਜੇ ਦੇ ਹੋ ਗਏ।

ਫ਼ਿਰ ਉਹ ਦੀਮਾਪੁਰ ਆ ਗਏ। ਇੱਕ ਛੋਟਾ ਜਿਹਾ ਘਰ ਕਿਰਾਏ 'ਤੇ ਲੈ ਕੇ ਰਹਿਣ ਲੱਗ ਪਏ। ਥੋੜ੍ਹੇ ਦਿਨਾਂ ਬਾਅਦ ਤੇਮਸੂ ਨੂੰ ਦੀਮਾਪੁਰ ਸ਼ੂਗਰ ਮਿੱਲ ਵਿੱਚ ਨੌਕਰੀ ਮਿਲ ਗਈ ਤੇ ਉਹ ਬਹੁਤ ਹੀ ਸੁਖੀ ਜ਼ਿੰਦਗੀ ਬਤੀਤ ਕਰਨ ਲੱਗੇ। ਅਗਲੇ ਸਾਲ ਉਨ੍ਹਾਂ ਦਾ ਬੇਟਾ ਸਮੋਇਆ ਜੰਮ ਪਿਆ। ਉਨ੍ਹਾਂ ਦੀ ਖ਼ੁਸ਼ੀ ਦਾ ਤਾਂ ਅੰਤ ਹੀ ਨਹੀਂ ਰਿਹਾ। ਜ਼ਿੰਦਗੀ ਏਨੀ ਭਰਪੂਰ ਸੀ ਕਿ ਉਨ੍ਹਾਂ ਨੂੰ ਪਿੱਛੇ ਰਹਿ ਗਏ ਆਪਣਿਆਂ ਦੀ ਕਦੇ ਯਾਦ ਵੀ ਨਾ ਆਉਂਦੀ। ਹੱਸਦੇ ਖੇਡਦੇ ਪੰਜ ਸਾਲ ਬੀਤ ਗਏ। ਬੱਚਾ ਸਕੂਲ ਜਾਣ ਲੱਗ ਪਿਆ। ਉਨ੍ਹਾਂ ਨੂੰ ਲੱਗਦਾ ਸੀ ਕਿ ਜ਼ਿੰਦਗੀ ਵਿੱਚ ਕੋਈ ਕਮੀ ਨਹੀਂ ਹੈ। ਹੋਰ ਬੰਦੇ ਨੂੰ ਕੀ ਚਾਹੀਦਾ ਹੈ। ਮਨਭਾਉਂਦਾ ਪਿਆਰ ਕਰਨ ਵਾਲਾ ਜੀਵਨ ਸਾਥੀ, ਪਿਆਰਾ ਜਿਹਾ ਬੱਚਾ, ਚੰਗੀ ਨੌਕਰੀ ਤੇ ਹੋਰ ਦੋ ਸਾਲਾਂ ਬਾਅਦ ਉਨ੍ਹਾਂ ਨੇ ਪੈਸੇ ਜੋੜ ਕੇ ਇੱਕ ਪਿਆਰਾ ਜਿਹਾ ਘਰ ਵੀ ਖ਼ਰੀਦ ਲਿਆ।

ਤ੍ਰਪਰ ਪਤਾ ਹੀ ਨਾ ਲੱਗਿਆ ਜ਼ਿੰਦਗੀ ਕਦੋਂ ਪਲਟਾ ਖਾ ਗਈ। ਸ਼ੂਗਰ ਮਿੱਲ ਬੰਦ ਹੋ ਗਈ ਤੇ ਤੇਮਸੂ ਬੇਕਾਰ ਹੋ ਗਿਆ। ਹੋਰ ਕੋਈ ਨੌਕਰੀ ਵੀ ਨਾ ਮਿਲ ਸਕੀ। ਬੱਚਾ ਵੀ ਜਦ ਆਪਣੇ ਦੋਸਤਾਂ ਦੇ ਘਰ ਜਾ ਕੇ ਉਨ੍ਹਾਂ ਦੇ ਦਾਦਾ-ਦਾਦੀ, ਨਾਨਾ-ਨਾਨੀ ਤੇ ਹੋਰ ਰਿਸ਼ਤੇਦਾਰਾਂ ਨੂੰ ਦੇਖਦਾ ਤਾਂ ਉਹ ਆਪਣੇ ਮਾਂ-ਬਾਪ ਨੂੰ ਢੇਰ ਸਾਰੇ ਸੁਆਲ ਕਰਦਾ। ਉਨ੍ਹਾਂ ਕੋਲੋਂ ਜਦ ਉਸ ਨੂੰ ਕੋਈ ਢੁੱਕਵਾਂ ਜਵਾਬ ਨਾ ਮਿਲਦਾ ਤਾਂ ਉਹ ਉਦਾਸ ਹੋ ਜਾਂਦਾ। ਹੌਲੀ-ਹੌਲੀ ਉਸ ਨੇ ਮਾਂ-ਬਾਪ ਨਾਲ ਗੱਲ ਕਰਨੀ ਬੰਦ ਕਰ ਦਿੱਤੀ ਤੇ ਉਹ ਬਿਲਕੁਲ ਚੁੱਪ ਹੋ ਗਿਆ। ਹੁਣ ਉਹ ਕੋਈ ਸੁਆਲ ਨਾ ਕਰਦਾ। ਪੜ੍ਹਾਈ ਵੱਲੋਂ ਵੀ ਉਸ ਦਾ ਧਿਆਨ ਹਟ ਗਿਆ। ਕਈ ਵਾਰੀ ਸਕੂਲ ਵੀ ਨਾ ਜਾਂਦਾ। ਤੇਮਸੂ ਦੀ ਨੌਕਰੀ ਛੁੱਟਣ ਕਰਕੇ ਘਰ ਵਿੱਚ ਤੰਗੀ ਆ ਗਈ। ਰੋਜ਼ਮੱਰਾ ਦੀਆਂ ਜ਼ਰੂਰਤਾਂ ਪੂਰੀਆਂ ਨਾ ਹੁੰਦੀਆਂ। ਆਖ਼ਿਰ ਤੰਗ ਆ ਕੇ ਅਲੀਲਾ ਨੇ ਬਾਂਸ ਦੀਆਂ ਟੋਕਰੀਆਂ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਤੇ ਤੇਮਸੂ ਵੀ ਕਿਸੇ ਕੱਪੜੇ ਵਾਲੀ ਦੁਕਾਨ 'ਤੇ ਮਾਮੂਲੀ ਜਿਹੀ ਤਨਖ਼ਾਹ 'ਤੇ ਨੌਕਰੀ ਕਰਨ ਲੱਗ ਪਿਆ। ਪਰ ਗੁਜ਼ਾਰਾ ਫ਼ੇਰ ਵੀ ਨਾ ਹੁੰਦਾ। ਹੁਣ ਘਰ ਦਾ ਹਰ ਬੰਦਾ ਉਦਾਸ ਸੀ। ਤੇਮਸੂ ਹਰ ਛੋਟੀ-ਛੋਟੀ ਗੱਲ 'ਤੇ ਚਿੜ੍ਹ ਜਾਂਦਾ। ਜਦ ਵੀ ਇੱਕੱਠੇ ਹੁੰਦੇ ਉਹ ਕੌੜਾ ਬੋਲਦੇ ਤੇ ਇੱਕ-ਦੂਜੇ ਸਾਹਮਣੇ ਹੋਣ ਤੋਂ ਕਤਰਾਉਂਦੇ। ਅਲੀਲਾ ਸਭ ਕੁਝ ਸਮਝਦੀ ਸੀ। ਉਸ ਨੂੰ ਲੱਗਣ ਲੱਗ ਪਿਆ ਸੀ ਕਿ ਸਾਰਾ ਉਸ ਦਾ ਆਪਣਾ ਕਸੂਰ ਸੀ। ਤੇਮਸੂ ਚੰਗਾ-ਭਲਾ ਆਪਣੀ ਪੜ੍ਹਾਈ ਕਰ ਰਿਹਾ ਸੀ। ਬਾਅਦ ਵਿੱਚ ਉਸ ਨੇ ਹੋਰ ਪੜ੍ਹਨਾ ਸੀ, ਚੰਗੀ ਨੌਕਰੀ ਕਰਨੀ ਸੀ ਤੇ ਆਪਣੇ ਕਬੀਲੇ ਵਿੱਚ ਸ਼ਾਦੀ ਕਰ ਕੇ ਸੁਖ ਨਾਲ ਜ਼ਿੰਦਗੀ ਬਿਤਾਉਣੀ ਸੀ। ਸਿਰਫ਼ ਉਸ ਨੇ ਉਸ ਨੂੰ ਆਪਣੇ ਪਿਆਰ ਵਿੱਚ ਫ਼ਸਾ ਕੇ ਇਸ ਹਾਲਤ ਵਿੱਚ ਪਹੁੰਚਾ ਦਿੱਤਾ। ਸੋਚ-ਸੋਚ ਕੇ ਉਸ ਨੇ ਇੱਕ ਦਿਨ ਤੇਮਸੂ ਨੂੰ ਕਿਹਾ, "ਤੇਮੂ, ਚੱਲੋ ਆਪਾਂ ਆਪੋ ਆਪਣੇ ਘਰਾਂ ਨੂੰ ਮੁੜ ਚਲੀਏ।" ਤੇਮਸੂ ਹੈਰਾਨ ਹੋ ਕੇ ਬੋਲਿਆ, "ਕੀ ਕਹਿ ਰਹੀ ਹੈਂ ? ਘਰ ਜਾਣਾ ਕੀ ਇੰਨਾ ਆਸਾਨ ਹੈ। ਇੱਕ-ਦੂਜੇ ਤੋਂ ਤਲਾਕ ਲੈਣਾ ਪਵੇਗਾ ਤੇ ਤੈਨੂੰ ਬੱਚੇ ਨੂੰ ਵੀ ਹਮੇਸ਼ਾ ਲਈ ਭੁੱਲਣਾ ਪਵੇਗਾ।" ਅਲੀਲਾ ਵੀ ਜਾਣਦੀ ਸੀ। ਕਬੀਲੇ ਦਾ ਇਹੀ ਅਸੂਲ ਸੀ। ਅਗਰ ਘਰ ਜਾਣਾ ਹੈ ਤਾਂ ਔਰਤ ਨੂੰ ਪਤੀ ਤੋਂ ਤਲਾਕ ਲੈ ਕੇ ਤੇ ਬੱਚੇ ਪਤੀ ਦੇ ਹਵਾਲੇ ਕਰ ਕੇ ਮਾਂ-ਬਾਪ ਦੇ ਘਰ ਜਾਣਾ ਹੋਵੇਗਾ ਤੇ ਫ਼ਿਰ ਕਦੇ ਵੀ ਉਹ ਆਪਣੇ ਬੱਚਿਆਂ ਨੂੰ ਮਿਲ ਨਹੀਂ ਸਕੇਗੀ।

ਇਹ ਸਾਰਾ ਕੁਝ ਬੜਾ ਦੁਖਦਾਈ ਸੀ, ਪਰ ਉਹ ਸੋਚਦੀ ਉਸ ਦੀ ਸਜ਼ਾ ਤੇਮਸੂ ਕਿਉਂ ਭੋਗੇ, ਉਸ ਦਾ ਕੀ ਕਸੂਰ ਹੈ ਸਜ਼ਾ ਤਾਂ ਮੈਨੂੰ ਭੋਗਣੀ ਚਾਹੀਦੀ ਹੈ ਉਹ ਬੜੀ ਦ੍ਰਿੜ੍ਹ ਨਿਸ਼ਚੇ ਵਾਲੀ ਕੁੜੀ ਸੀ। ਜਿਸ ਤਰ੍ਹਾਂ ਉਸ ਨੇ ਤੇਮਸੂ ਨਾਲ ਵਿਆਹ ਕਰਨ ਦਾ ਫ਼ੈਸਲਾ ਆਪਣੀ ਮਰਜ਼ੀ ਨਾਲ ਝਟਪਟ ਕਰ ਲਿਆ ਸੀ, ਉਸੇ ਤਰ੍ਹਾਂ ਉਸ ਨੇ ਉਸ ਤੋਂ ਤਲਾਕ ਲੈਣ ਦਾ ਫ਼ੈਸਲਾ ਕਰ ਲਿਆ ਤਲਾਕ ਪਿੰਡ ਦਾ ਕੌਂਸਲ ਕਰਦੀ ਹੈ ਤੇ ਜੁਰਮਾਨੇ ਦੇ ਤੌਰ 'ਤੇ ਆਦਮੀ ਨੂੰ ਇੱਕ ਗਊ ਪਿੰਡ ਦੀ ਪੰਚਾਇਤ ਨੂੰ ਦੇਣੀ ਪੈਂਦੀ ਹੈ। ਗਊ ਜੋਗੇ ਪੈਸੇ ਕਿੱਥੋਂ ਆਉਂਦੇ। ਤੇਮਸੂ ਨੂੰ ਆਪਣਾ ਘਰ ਵੇਚਣਾ ਪਿਆ। ਸੋ ਤਲਾਕ ਹੋ ਗਿਆ ਤੇ ਦੋਵੇਂ ਜਣੇ ਆਪਣੇ ਘਰ ਆਪਣੇ ਪਿੰਡ ਵਿੱਚ ਚਲੇ ਗਏ। ਇੱਕ ਹੱਸਦਾ-ਵੱਸਦਾ ਘਰ ਹਾਲਾਤ ਦੀ ਬੇਰਹਿਮੀ ਦੀ ਭੇਟ ਚੜ੍ਹ ਗਿਆ।

ਤੇਮਸੂ ਤੇ ਅਲੀਲਾ ਤਾਂ ਦੁਖੀ ਹੈ ਹੀ ਸਨ, ਪਰ ਸਭ ਤੋਂ ਭੈੜਾ ਅਸਰ ਬੱਚੇ 'ਤੇ ਪਿਆ। ਉਸ ਨੂੰ ਮਾਂ-ਬਾਪ ਦੋਵੇਂ ਹੀ ਚਾਹੀਦੇ ਸਨ, ਪਰ ਕਬੀਲੇ ਦੇ ਕਾਨੂੰਨ ਅਨੁਸਾਰ ਹੁਣ ਉਸ ਨੇ ਕਦੇ ਆਪਣੀ ਮਾਂ ਨੂੰ ਨਹੀਂ ਸੀ ਮਿਲਣਾ ਉਹ ਬਹੁਤ ਉਦਾਸ ਰਹਿਣ ਲੱਗ ਪਿਆ, ਪਰ ਇੱਕ ਬਗ਼ਾਵਤ ਉਸ ਦੇ ਅੰਦਰ ਜਨਮ ਲੈ ਰਹੀ ਸੀ। ਉਹ ਸੋਚਦਾ ਕਿ ਜਦ ਉਹ ਵੱਡਾ ਹੋ ਜਾਵੇਗਾ ਤਾਂ ਉਹ ਲੋਕਾਂ ਦੇ ਮਨਾਂ ਵਿੱਚ ਇਸ ਚੰਦਰੇ ਕਾਨੂੰਨ ਖ਼ਿਲਾਫ਼ ਇੰਨੀ ਨਫ਼ਰਤ ਭਰ ਦੇਵੇਗਾ ਕਿ ਹੌਲੀ-ਹੌਲੀ ਹਰ ਕੋਈ ਇਸ ਦੇ ਖ਼ਿਲਾਫ਼ ਹੋ ਜਾਵੇਗਾ। ਉਸ ਵੇਲੇ ਸਭ ਲੋਕ ਜਾਗ ਜਾਣਗੇ ਤੇ ਉਨ੍ਹਾਂ ਵਿੱਚ ਅਜਿਹੀ ਬਗ਼ਾਵਤ ਦੀ ਲਹਿਰ ਉੱਠੇਗੀ ਕਿ ਉਹ ਇਕਮੁੱਠ ਹੋ ਕੇ ਇਸ ਕਾਨੂੰਨ ਖ਼ਿਲਾਫ਼ ਲੜਨਗੇ ਤੇ ਇਸ ਨੂੰ ਜੜ੍ਹੋਂ ਖਤਮ ਕਰ ਦੇਣਗੇ। ਉਹ ਸੋਚਦਾ-ਮੈਂ ਉਸ ਦਿਨ ਦੀ ਇੰਤਜ਼ਾਰ ਕਰਾਂਗਾ ਜਦ ਇਸ ਕਾਲੇ ਕਾਨੂੰਨ ਦੇ ਛੁਟਕਾਰੇ ਵਾਲੀ ਸੁਬ੍ਹਾ ਹੋਵੇਗੀ ਤੇ ਮੇਰੇ ਮਾਂ-ਬਾਪ ਇਸ ਕਾਨੂੰਨ ਤੋਂ ਆਜ਼ਾਦ ਹੋ ਕੇ ਇੱਕ ਹੋ ਜਾਣਗੇ ਤੇ ਸਾਡਾ ਇੱਕ ਹੱਸਦਾ-ਵੱਸਦਾ ਘਰ ਹੋਵੇਗਾ। ਉਹ ਸੁਬ੍ਹਾ ਜ਼ਰੂਰ ਹੋਵੇਗੀ, ਮੈਂ ਉਸ ਦੀ ਇੰਤਜ਼ਾਰ ਕਰਾਂਗਾ।

## ਜੰਗਜੂ ਕਲਾ ਗੱਤਕੇ ਨੂੰ ਮਾਣ ਦਿਵਾਉਣ ਵਾਲੀ ਬਹੁਪੱਖੀ ਸਿੱਖ ਸ਼ਖਸੀਅਤ-ਹਰਜੀਤ ਸਿੰਘ ਗਰੇਵਾਲ

ਨਰਿੰਦਰ ਸਿੰਘ ਸੱਤੀ

ਕੁੱਝ ਵਿਅਕਤੀ ਜਦੋਂ ਦੁਨੀਆਂ ?ਤੇ ਵਿਚਰਦਿਆਂ ਸਮਾਜ, ਕੌਮ ਜਾਂ ਧਰਮ ਲਈ ਕੁੱਝ ਵੱਖਰਾ ਅਤੇ ਸਰਵ-ਪ੍ਰਵਾਨਿਤ ਕਾਰਜ ਕਰ ਰਹੇ ਹੁੰਦੇ ਹਨ ਤਾਂ ਲਾਜ਼ਮੀ ਹੀ ਉਹ ਸੱਜਣ ਵਿਰਲੀਆਂ ਸਖਸ਼ੀਅਤਾਂ ਦੀ ਕਤਾਰ ਵਿੱਚ ਜਾ ਖਲੋਂਦੇ ਹਨ ਅਤੇ ਅਜਿਹੇ ਕਿਰਦਾਰਾਂ ਦਾ ਜ਼ਿਕਰ ਅਕਸਰ ਹੀ ਲੋਕਾਂ ਦੀ ਜ਼ੁਬਾਨ ?ਤੇ ਮੱਲੋ-ਮੱਲੀ ਆ ਜਾਂਦਾ ਹੈ। ਅੱਜ ਅਸੀਂ ਜਿਸ ਬਹੁ-ਪੱਖੀ ਸਖਸ਼ੀਅਤ ਦੀ ਚਰਚਾ ਕਰਨ ਲੱਗੇ ਹਾਂ ਉਸ ਮਿਕਨਾਤੀਸੀ ਸੱਜਣ ਨੇ ਸਰਕਾਰੀ ਨੌਕਰੀ ਦੀਆਂ ਔਖੀਆਂ ਵਲਗਣਾਂ ਵਿੱਚ ਤਨਦੇਹੀ ਨਾਲ ਡਿਊਟੀ ਨਿਭਾਉਂਦਿਆਂ ਪੰਜਾਬੀ ਸਮਾਜ, ਸਿੱਖ ਕੌਮ ਅਤੇ ਆਪਣੇ ਧਰਮ ਲਈ ਅਜਿਹੇ ਨਿਵੇਕਲੇ ਮਰਹਲੇ ਨੂੰ ਸਦੀਵੀਂ ਕਾਇਮ ਕੀਤਾ ਹੈ ਜਿਸ ਨਾਲ ਕੌਮ ਦਾ ਮਾਣ ਹੋਰ ਉਚਾ ਹੋਇਆ ਹੈ ਅਤੇ ਅਜਿਹੀ ਮਿਸਾਲ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਬਹੁਤ ਘੱਟ ਦੇਖਣ ਨੂੰ ਮਿਲਦੀ ਹੈ।

ਉਹ ਹਰਦਿਲ ਅਜ਼ੀਜ਼ ਸੱਜਣ ਨੇ ਸਿੱਖੀ ਸਰੂਪ ਵਿੱਚ ਵਿਚਰਦੇ ਸ਼ ਹਰਜੀਤ ਸਿੰਘ ਗਰੇਵਾਲ, ਜੋ ਅਸਲ ਮਾਅਨਿਆਂ ਵਿਚ ਇਕ ਬਹੁਪੱਖੀ, ਨਿਵੇਕਲੀ ਅਤੇ ਰੰਗਲੀ ਸਖਸ਼ੀਅਤ ਦੇ ਮਾਲਕ ਹਨ। ਪੰਜਾਬ ਦੇ ਲੋਕ ਸੰਪਰਕ ਵਿਭਾਗ ਵਿੱਚ ਡਿਪਟੀ ਡਾਇਰੈਕਟਰ ਪ੍ਰੈਸ ਦੇ ਅਹੁਦੇ ?ਤੇ ਸੇਵਾ ਨਿਭਾਅ ਰਹੇ ਸ਼ ਗਰੇਵਾਲ ਨੇ ਆਪਣੇ ਜੀਵਨ ਦੌਰਾਨ ਵਿੱਦਿਅਕ, ਪੱਤਰਕਾਰਤਾ ਅਤੇ ਸਮਾਜ ਸੇਵਾ ਦੇ ਖੇਤਰਾਂ ਵਿਚ ਨਿਵੇਕਲੇ ਅਤੇ ਵੱਡੇ ਮਾਅਰਕੇ ਮਾਰੇ ਹਨ।

### ਗੱਤਕਾ ਖੇਡ ਦੀ ਪ੍ਰਫੁੱਲਤਾ ਵਿਚ ਵੱਡਾ ਯੋਗਦਾਨ

ਕਰੀਬ ਪਿਛਲੇ ਇੱਕ ਦਹਾਕੇ ਤੋਂ ਸ਼ ਗਰੇਵਾਲ ਨੇ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਪੁਰਾਤਨ ਸਿੱਖ ਜੰਗਜੂ ਖੇਡ ?ਗੱਤਕੇ' ਦੀ ਪੁਨਰ-ਸੁਰਜੀਤੀ, ਇਸ ਨੂੰ ਮਾਨਤਾਪ੍ਰਾਪਤ ਖੇਡ ਵਜੋਂ ਪ੍ਰਫੁੱਲਤ ਕਰਨ ਅਤੇ ਇਸ ਕਲਾ ਦਾ ਦੇਸ਼-ਵਿਦੇਸ਼ ਵਿੱਚ ਪ੍ਰਚਾਰ-ਪਸਾਰ ਕਰਨ ਖਾਤਰ ਵੱਡੀ ਘਾਲਣਾ ਘਾਲੀ ਹੈ। ਕਦੇ ਸਾਰਕ ਸੰਸਥਾ ਅਤੇ ਯੂਨੈਸਕੋ ਵੱਲੋਂ ਲੁਪਤ ਕਰਾਰ ਦਿੱਤੀ ਜਾ ਚੁੱਕੀ ਇਸ ਵਿਰਾਸਤੀ ਅਤੇ ਸੱਭਿਆਚਾਰਕ ਕਲਾ ਨੂੰ ਸ਼ ਗਰੇਵਾਲ ਨੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਸਮੇਤ ਸਰਕਾਰੀ ਦਰਬਾਰੇ ਬਤੌਰ ਖੇਡ ਵਜੋਂ ਮਾਨਤਾ ਦਿਵਾਕੇ ਵਿਧੀਵਤ ਢੰਗ ਨਾਲ ਖਿਡਾਉਣ ਲਈ ਬਹੁਤ ਅਹਿਮ ਯੋਗਦਾਨ ਪਾਇਆ ਹੈ ਜਿਸ ਨਾਲ 21ਵੀਂ ਸਦੀ ਵਿੱਚ ਗੱਤਕੇ ਦੇ ਨਵੇਂ ਇਤਿਹਾਸ ਦੀ ਸਿਰਜਣਾ ਹੋਈ ਹੈ।

ਗੱਤਕਾ ਖੇਡ ਸੰਸਥਾ ਦੇ ਗਠਨ ਉਪਰੰਤ ਇਸ ਨੂੰ ਖੇਡ ਵਜੋਂ ਸੂਬਾਈ ਅਤੇ ਕੌਮੀ ਪੱਧਰ 'ਤੇ ਪ੍ਰਫੁੱਲਤ ਕਰਨ ਲਈ ਸਾਲ 2008 ਅਤੇ 2009 ਵਿੱਚ ਉਨ੍ਹਾਂ ਨੂੰ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਪਲੇਠੀ ਗੱਤਕਾ ਨਿਯਮਾਂਵਲੀ ਸੰਪਾਦਨ ਕਰਨ ਦਾ ਮਾਣ ਹਾਸਲ ਹੈ। ਇਸ ਵਿਸਥਾਰਿਤ ਨਿਯਮਾਂਵਲੀ ਨੂੰ ਕਈ ਵਾਰ ਸੋਧਣ ਉਪਰੰਤ ਹੁਣ ਇਸ ਦਾ ਦੂਜਾ ਐਡੀਸ਼ਨ 2017 ਵਿਚ ਵਿਸ਼ਵ ਦੇ ਗੱਤਕਾ ਖਿਡਾਰੀਆਂ ਦੀ ਝੋਲੀ ਪਾਇਆ ਹੈ।

ਲੋਕ ਸੰਪਰਕ ਅਫ਼ਸਰ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਅਤੇ ਡਿਪਟੀ ਡਾਇਰੈਕਟਰ ਵਰਗੇ ਅਹਿਮ ਅਹੁਦਿਆਂ ?ਤੇ ਵੱਖ-ਵੱਖ ਸਮੇਂ ?ਤੇ ਬਾਖੂਬੀ ਡਿਊਟੀ ਨਿਭਾਉਂਦਿਆਂ ਉਨ੍ਹਾਂ ਨੇ ਗੱਤਕੇ ਦੀ ਪ੍ਰਫੁੱਲਤਾ ਲਈ ਪੰਜਾਬ ਅਤੇ ਪੰਜਾਬ ਤੋਂ ਬਾਹਰ ਸੈਂਕੜੇ ਟੂਰਨਾਮੈਂਟ ਕਰਵਾਏ। ਬਹੁਤ ਸਾਰੀਆਂ ਗੱਤਕਾ ਵਰਕਸ਼ਾਪਾਂ, ਸਿਖਲਾਈ ਕੈਂਪਾਂ, ਰਿਫਰੈਸ਼ਰ ਕੋਰਸਾਂ ਅਤੇ ਸਮਾਗਮਾਂ ਦਾ ਪ੍ਰਬੰਧ ਕਰਦਿਆਂ ਖੁਦ ਹਾਜ਼ਰੀ ਵੀ ਭਰੀ।

ਉਨ੍ਹਾਂ ਦੇ ਮਨ ਵਿੱਚ ਹਰ ਸਮੇਂ ਗੱਤਕੇ ਦੀ ਬਿਹਤਰੀ ਲਈ ਯੋਜਨਾਵਾਂ ਘੜੀਆਂ-ਬੁਣੀਆਂ ਜਾ ਰਹੀਆਂ ਹੁੰਦੀਆਂ ਹਨ ਅਤੇ ਉਹ ਆਪਣੇ ਸਾਥੀਆਂ ਨੂੰ ਇੰਨਾਂ ?ਸਕੀਮਾਂ' ਦੀ ਸਫ਼ਲਤਾ ?ਤੇ ਕੰਮ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਸ਼ ਗਰੇਵਾਲ ਅਤੇ ਉਨਾਂ ਦੀ ਟੀਮ ਦਾ ਟੀਚਾ ਹੈ ਕਿ ਇਸ ਪੁਰਾਤਨ ਕਲਾ ਨੂੰ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਇਆ ਜਾਵੇ ਜਿਸ ਲਈ ਬਤੌਰ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਵਜੋਂ ਉਨਾਂ ਇੱਕ ?ਵਿਜ਼ਨ ਡਾਕੂਮੈਂਟ' ਵੀ ਤਿਆਰ ਕੀਤਾ ਹੈ ਜਿਸ ਤਹਿਤ ਸਾਲ 2030 ਤੱਕ ਗੱਤਕਾ ਖੇਡ ਦੇ ਪਸਾਰ ਤੇ ਪ੍ਰਚਾਰ ਹਿੱਤ ਇੱਕ ?ਰੋਡ ਮੈਪ' ਉਲੀਕਿਆ ਗਿਆ ਹੈ।



### ਸਮਾਜ ਸੇਵਾ ਵਿਚ ਮੋਹਰੀ

ਸਮਾਜ ਸੇਵਾ ਦੇ ਕੰਮਾਂ ਵਿੱਚ ਵਿਚਰਦਿਆਂ ਸ਼ ਗਰੇਵਾਲ ਕਈ ਵੱਡੀਆਂ ਸੰਸਥਾਵਾਂ ਨਾਲ ਜੁੜੇ ਹੋਏ ਹਨ। ਉਹ ਗੱਤਕਾ ਐਸੋਸੀਏਸ਼ਨ ਪੰਜਾਬ ਅਤੇ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਚੇਅਰਮੈਨ ਹਨ। ਇਸ ਤੋਂ ਇਲਾਵਾ ਮਾਂ-ਬੋਲੀ ਨੂੰ ਵੱਖ-ਵੱਖ ਰਾਜਾਂ ਵਿੱਚ ਬਣਦਾ ਰੁਤਬਾ ਦਿਵਾਉਣ ਅਤੇ ਇਸ ਦੀ ਪ੍ਰਫੁੱਲਤਾ ਲਈ ਉਹ ਪੰਜਾਬੀ ਕਲਚਰਲ ਕੌਂਸਲ ਦੇ ਚੇਅਰਮੈਨ ਅਤੇ ਪੰਜਾਬੀ ਆਰਟਸ ਐਂਡ ਕਲਚਰਲ ਫਾਊਂਡੇਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਵਜੋਂ ਸਰਗਰਮੀ ਨਾਲ ਕਾਰਜਸ਼ੀਲ ਹਨ।

ਸਮਾਜ ਸੇਵਾ ਨੂੰ ਸਮਰਪਿਤ ਸ਼ ਗਰੇਵਾਲ ਨੇ ਸਵੈਇੱਛਕ ਖੂਨਦਾਨੀ ਵਜੋਂ ਹੁਣ ਤੱਕ 12 ਵਾਰ ਖੂਨਦਾਨ ਕੀਤਾ ਹੈ ਅਤੇ ਉਹ ਬਲੱਡ ਡੋਨਰਜ਼ ਕੌਂਸਲ ਲੁਧਿਆਣਾ ਦੇ ਪ੍ਰਧਾਨ ਵਜੋਂ ਖੂਨਦਾਨ ਮੁਹਿੰਮ ਵਿੱਚ ਵੀ ਯੋਗਦਾਨ ਪਾ ਰਹੇ ਹਨ। ਇਸ ਤੋਂ ਇਲਾਵਾ ਇਹ ਬਹੁ-ਪੱਖੀ ਸਖਸ਼ੀਅਤ ਗਲੋਬਲ ਆਰਗਨ ਡੋਨਰਜ਼ ਫਾਊਂਡੇਸ਼ਨ (ਗਾਡ ਫਾਊਂਡੇਸ਼ਨ) ਦੇ ਮੈਨੇਜਿੰਗ ਡਾਇਰੈਕਟਰ ਵਜੋਂ ਅੰਗ-ਦਾਨ ਅਤੇ ਟਿਸ਼ੂ ਦਾਨ ਦੀ ਚੇਤਨਾ ਫੈਲਾਉਣ ਵਿਚ ਵੀ ਮੋਹਰੀ ਭੂਮਿਕਾ ਅਦਾ ਕਰ ਰਹੀ ਹੈ। ਪੰਜਾਬ ਦੇ ਅਹਿਮ ਮਸਲਿਆਂ ਅਤੇ ਮੁੱਦਿਆਂ ?ਤੇ ਖੋਜ ਵਿਸ਼ਿਆਂ ਲਈ ਉਹ ?ਸੈਂਟਰ ਫਾਰ ਰਿਸਰਚ ਐਂਡ ਡਿਵੈਲਪਮੈਂਟ ਸਟੱਡੀਜ਼ ਪੰਜਾਬ' ਦੇ ਚੇਅਰਮੈਨ ਵਜੋਂ ਵੀ ਸਰਗਰਮ ਭੂਮਿਕਾ ਅਦਾ ਕਰ ਰਹੇ ਹਨ। ਕਈ ਸਾਲ ਲੋਕ ਸੰਪਰਕ ਵਿਭਾਗ ਦੀ ਆਫ਼ੀਸਰਜ਼ ਐਸੋਸੀਏਸ਼ਨ ਦੇ ਪ੍ਰਧਾਨ ਵੀ ਰਹੇ। ਇਸ ਵੇਲੇ ਉਹ ਪਬਲਿਕ ਰਿਲੇਸ਼ਨਜ਼ ਸੁਸਾਇਟੀ ਆਫ਼ ਇੰਡੀਆ ਦੇ ਚੰਡੀਗੜ੍ਹ ਚੈਪਟਰ ਦੇ ਚੇਅਰਮੈਨ ਵੀ ਹਨ।

ਵੱਕਾਰੀ ?ਸਟੇਟ ਐਵਾਰਡ' ਨਾਲ ਸਨਮਾਨ ਗੱਤਕੇ ਦੀ ਪ੍ਰਫੁੱਲਤਾ, ਮਾਂ-ਬੋਲੀ ਅਤੇ ਸਮਾਜ ਸੇਵਾ ਪ੍ਰਤੀ ਬਹੁਮੁੱਲੀਆਂ ਪ੍ਰਾਪਤੀਆਂ ਨੂੰ ਦੇਖਦਿਆਂ ਪੰਜਾਬ ਸਰਕਾਰ ਨੇ ਉਨਾਂ ਨੂੰ ਸਾਲ 2010 ਵਿਚ ਵੱਕਾਰੀ ?ਸਟੇਟ ਐਵਾਰਡ' ਨਾਲ ਸਨਮਾਨਿਤ ਕੀਤਾ। ਸਮਾਜ ਦੀਆਂ ਕਈ ਸੰਸਥਾਵਾਂ ਵੱਲੋਂ ਸ਼ ਗਰੇਵਾਲ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ ਜਿਨਾਂ ਵਿੱਚ ਯੂਥਕੇਥ ਗੱਤਕਾ ਫੈਡਰੇਸ਼ਨ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਕਲਾ ਮੰਚ ਸੰਗਰੂਰ, ਜਥੇਦਾਰ ਤਖਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਆਲ ਇੰਡੀਆ ਪਿੰਗਲਵਾੜਾ ਸੁਸਾਇਟੀ, ਦਾ ਗ੍ਰੀਨ ਸੰਗਰੂਰ, ਅਦਾਰਾ ਜਾਗਰਨ ਗਰੁੱਪ, ਚੀਫ ਖਾਲਸਾ ਦੀਵਾਨ ਅੰਮ੍ਰਿਤਸਰ, ਦਿੱਲੀ ਸਿੱਖ ਗੁਰਦਵਾਰਾ ਮੈਨੇਜਮੈਂਟ ਕਮੇਟੀ, ਗੱਤਕਾ ਫੈਡਰੇਸ਼ਨ ਆਫ ਨਿਪਾਲ ਅਤੇ ਯੂਰਪੀਅਨ ਪੰਜਾਬੀ ਸੱਥ ਆਦਿ ਸਮੇਤ ਹੋਰ ਦੋ ਦਰਜਨ ਸੰਸਥਾਵਾਂ ਸ਼ਾਮਲ ਹਨ। ਸ਼ ਗਰੇਵਾਲ ਦੇਸ਼-ਦੁਨੀਆਂ ਘੁੰਮਣ ਵਾਲੀ ਸਖਸ਼ੀਅਤ ਹੈ ਅਤੇ ਉਨ੍ਹਾਂ ਕਈ ਦੇਸ਼ਾਂ ਦਾ ਦੌਰਾ ਵੀ ਕੀਤਾ ਹੈ ਜਿਨ੍ਹਾਂ ਵਿਚ ਇੰਗਲੈਂਡ ਆਸਟਰੇਲੀਆ ਅਤੇ ਨਿਪਾਲ ਵਰਗੇ ਮੁਲਕ ਸ਼ਾਮਲ ਹਨ।

ਪੇਸ਼ੇਵਰ ਜ਼ਿੰਦਗੀ ਦੀਆਂ ਪ੍ਰਾਪਤੀਆਂ ਸਾਇੰਸ ਗ੍ਰੈਜੁਏਟ ਸ਼ ਗਰੇਵਾਲ ਸਾਲ 1991 ਵਿੱਚ ਵਕਾਲਤ ਦੀ ਡਿਗਰੀ ਪਾਸ ਕਰਨ ਤੋਂ ਬਾਅਦ ਬਾਰ ਕੌਂਸਲ ਪੰਜਾਬ ਅਤੇ ਹਰਿਆਣਾ ਦੇ ਮੈਂਬਰ ਵੀ ਰਹੇ। ਉਪਰੰਤ ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ ਵਿਚ ਮਾਸਟਰ ਡਿਗਰੀ ਪ੍ਰਾਪਤ ਕੀਤੀ। ਸਾਲ 1992 ਵਿਚ ?ਪੰਜਾਬੀ ਟ੍ਰਿਬਿਊਨ' ਤੋਂ ਸਿਖਲਾਈ ਲੈ ਕੇ ਪੱਤਰਕਾਰਤਾ ਦੀਆਂ ਬਾਰੀਕੀਆਂ ਸਿੱਖਣ ਉਪਰੰਤ ਉਹ ਕਰੀਬ ਇੱਕ ਸਾਲ ?ਰੋਜ਼ਾਨਾ ਚੜ੍ਹਦੀ ਕਲਾ' (ਪਟਿਆਲਾ) ਵਿਖੇ ਉਪ-ਸੰਪਾਦਕ ਰਹੇ। ਇਨਾਂ ਦਿਨਾਂ ਵਿੱਚ ਹੀ ਉਨ੍ਹਾਂ ਨੇ ?ਆਲ ਇੰਡੀਆ ਰੇਡੀਓ' ਪਟਿਆਲਾ ਅਤੇ ਜਲੰਧਰ ਦੇ ਹਫਤਾਵਾਰੀ ਪ੍ਰੋਗਰਾਮਾਂ ਨੂੰ ਬਾਖੂਬੀ ਪੇਸ਼ ਕੀਤਾ। ਨਵੰਬਰ 1993 ਤੋਂ ਉਨ੍ਹਾਂ ?ਰੋਜ਼ਾਨਾ ਅਜੀਤ' ਵਿਚ ਉਪ-ਸੰਪਾਦਕ ਵਜੋਂ ਆਪਣੀ ਪੇਸ਼ੇਵਰ ਜ਼ਿੰਦਗੀ ਦਾ ਇਕ ਨਵਾਂ ਅਧਿਆਏ ਸ਼ੁਰੂ ਕੀਤਾ ਅਤੇ ਇਸ ਅਦਾਰੇ ਵਿਚ ਪੂਰੀ ਤਨਦੇਹੀ ਨਾਲ ਅੱਠ ਸਾਲ ਤੱਕ ਸ਼ਾਨਦਾਰ ਸੇਵਾਵਾਂ ਨਿਭਾਈਆਂ। ਉਪਰੰਤ ਸ਼ ਗਰੇਵਾਲ ਲੋਕ ਸੰਪਰਕ ਵਿਭਾਗ ਪੰਜਾਬ ਵਿਚ ਬਤੌਰ ਲੋਕ ਸੰਪਰਕ ਅਫਸਰ ਭਰਤੀ ਹੋ ਗਏ। ਕਰੀਬ 16 ਸਾਲਾਂ ਦੀ ਇਸ ਬੇਦਾਗ ਨੌਕਰੀ ਦੌਰਾਨ ਉਨਾਂ ਬਹੁਤ ਅਹਿਮ ਜ਼ਿੰਮੇਵਾਰੀਆਂ ?ਤੇ ਕੰਮ ਕੀਤਾ ਅਤੇ ਹਰ ਤਰ੍ਹਾਂ ਦੀਆਂ ਚੁਣੌਤੀਆਂ ਨੂੰ ਸਫਲਤਾਪੂਰਬਕ ਸਰ ਕੀਤਾ ਹੈ। ਉਨਾਂ ਡੀਥਪੀਥਆਰਥਓ ਰੂਪਨਗਰ ਤੋਂ ਇਲਾਵਾ ਵਿਜੀਲੈਂਸ ਬਿਓਰੋ, ਡੀਥਜੀਥਪੀ ਪੰਜਾਬ ਸਮੇਤ ਕਈ ਮੰਤਰੀਆਂ ਨਾਲ ਬਤੌਰ ਪੀਥਆਰਥਓ ਵਜੋਂ ਸ਼ਾਨਦਾਰ ਸੇਵਾਵਾਂ ਨਿਭਾਈਆਂ ਹਨ। ਨੌਕਰੀ ਪ੍ਰਤੀ ਲਗਨ, ਮਿਹਨਤ ਅਤੇ ਸਮਰਪਣ ਦੀ ਭਾਵਨਾ ਨੂੰ ਦੇਖਦਿਆਂ ਉਨ੍ਹਾਂ ਨੂੰ ਉਪ ਮੁੱਖ ਮੰਤਰੀ ਪੰਜਾਬ ਨਾਲ ਡਿਪਟੀ ਡਾਇਰੈਕਟਰ ਪ੍ਰੈਸ ਵਜੋਂ ਤਾਇਨਾਤ ਕੀਤਾ ਗਿਆ। ਇੱਥੇ ਵੀ ਉਨ੍ਹਾਂ ਸਿੱਧ ਕੀਤਾ ਕਿ ਆਪਣੇ ਪੇਸ਼ੇ ਪ੍ਰਤੀ ਉਹ ਕਿਸੇ ਵੀ ਪ੍ਰਕਾਰ ਦਾ ਸਮਝੌਤਾ ਨਹੀਂ ਕਰਦੇ। ਆਪ ਇਕ ਬੇਹਤਰੀਨ ਖਿਡਾਰੀ ਵੀ ਰਹੇ। ਉਨ੍ਹਾਂ 35ਵੀਂ ਸੀਨੀਅਰ ਨੈਸ਼ਨਲ ਮੁੱਕੇਬਾਜੀ ਚੈਂਪੀਅਸ਼ਿਪ ਵਿਚ ਹਿੱਸਾ ਲਿਆ ਅਤੇ 21ਵੀਂ ਪੰਜਾਬ ਸੀਨੀਅਰ ਮੁੱਕੇਬਾਜੀ ਚੈਂਪੀਅਨਸ਼ਿਪ ਵਿਚ ਤੀਜਾ ਸਥਾਨ ਹਾਸਲ ਕੀਤਾ। ਉਨਾਂ ਸਕੂਲ ਅਤੇ ਕਾਲਜ ਦੌਰਾਨ ਹੋਰ ਖੇਡਾਂ ਵਿੱਚ ਵੀ ਆਪਣੀ ਹਾਜ਼ਰੀ ਲਵਾਈ। ਇਸ ਤੋਂ ਇਲਾਵਾ ਬਹੁਤ ਸਾਰੇ ਵੱਖ-ਵੱਖ ਸਮਾਜਿਕ ਮੁੱਦਿਆਂ 'ਤੇ ਉਹ ਆਪਣੀ ਕਲਮ ਰਾਹੀਂ ਆਵਾਜ਼ ਬੁਲੰਦ ਕਰਦੇ ਆ ਰਹੇ ਹਨ। ਅਖਬਾਰਾਂ, ਮੈਗਜ਼ੀਨਾਂ, ਚੈਨਲਾਂ, ਰੇਡੀਓ ਤੇ ਹੋਰ ਮੀਡੀਆ ਸਾਧਨਾਂ ਵਿਚ ਉਨ੍ਹਾਂ ਦੇ ਲੇਖ ਅਤੇ ਵਿਚਾਰ-ਚਰਚਾ ਛਪਦੀ ਅਤੇ ਪ੍ਰਸਾਰਿਤ ਹੁੰਦੀ ਰਹਿੰਦੀ ਹੈ। ਅੱਜ ਦੇ ਤੇਜ਼-ਤਰਾਰ ਅਤੇ ਪਦਾਰਥਵਾਦੀ ਯੁੱਗ ਵਿੱਚ ਸਮਾਜ ਨੂੰ ਅਜਿਹੇ ਮਾਣਮੱਤੇ ਰੰਗਲੇ ਸੱਜਣਾਂ ਦੀ ਬੇਹੱਦ ਲੋੜ ਹੈ ਜਿਨਾਂ ਤੋਂ ਆਉਣ ਵਾਲੀਆਂ ਨਸਲਾਂ ਬਹੁਤ ਕੁੱਝ ਸਿੱਖ ਅਤੇ ਸੇਧ ਲੈ ਸਕਦੀਆਂ ਹਨ। ਸ਼ਾਲਾ, ਸਮਾਜ ਸੇਵਾ ਨੂੰ ਪ੍ਰਣਾਈ ਹੋਈ ਰੂਹਾਨੀਅਤ ਵਿੱਚ ਰੰਗੀ ਇਹ ਸਖਸ਼ੀਅਤ ਲੰਮੀਆਂ ਉਮਰਾਂ ਮਾਣੇ ਅਤੇ ਹੋਰ ਵੱਡੀਆਂ ਪੁਲਾਂਘਾਂ ਪੁੱਟ ਕੇ ਕੌਮ, ਦੇਸ਼, ਪੰਜਾਬ ਅਤੇ ਮਾਪਿਆਂ ਦਾ ਨਾਮ ਰੌਸ਼ਨ ਕਰਦੀ ਰਹੇ।

# ਹਰ ਪੰਜਾਬੀ ਨੂੰ ਮਿਲੇਗਾ 10 ਲੱਖ ਰੁਪਏ ਦਾ ਨਕਦੀ ਰਹਿਤ ਸਿਹਤ ਬੀਮਾ ਕਵਰ: ਡਾ. ਬਲਬੀਰ ਸਿੰਘ

**➢ ਸਿਹਤ ਮੰਤਰੀ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 10 ਲੱਖ ਰੁਪਏ ਦੇ ਨਕਦ ਰਹਿਤ ਇਲਾਜ ਲਈ ਰਜਿਸਟ੍ਰੇਸ਼ਨ ਪ੍ਰਕਿਰਿਆ ਦੀ ਰਸਮੀ ਸ਼ੁਰੂਆਤ ➢ਆਮਦਨੀ ਦੀ ਕੋਈ ਸ਼ਰਤ ਨਹੀਂ; ਰਜਿਸਟ੍ਰੇਸ਼ਨ ਲਈ ਸਿਰਫ਼ ਵੋਟਰ ਆਈਡੀ ਕਾਰਡ ਅਤੇ ਆਧਾਰ ਕਾਰਡ ਹੀ ਜ਼ਰੂਰੀ: ਸਿਹਤ ਮੰਤਰੀ**



**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਵਿਆਪਕ ਸਿਹਤ ਸੰਭਾਲ ਕਵਰੇਜ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ 'ਮੁੱਖ ਮੰਤਰੀ ਸਿਹਤ ਯੋਜਨਾ' ਲਈ ਰਜਿਸਟ੍ਰੇਸ਼ਨ ਪ੍ਰਕਿਰਿਆ ਦੀ ਰਸਮੀ ਸ਼ੁਰੂਆਤ ਕੀਤੀ, ਜਿਸ ਤਹਿਤ ਸੂਬੇ ਦੇ 3 ਕਰੋੜ ਨਿਵਾਸੀਆਂ ਨੂੰ 10 ਲੱਖ ਰੁਪਏ ਦਾ ਨਕਦੀ ਰਹਿਤ ਇਲਾਜ ਮਿਲੇਗਾ।

ਇਸ ਰਜਿਸਟ੍ਰੇਸ਼ਨ ਪ੍ਰਕਿਰਿਆ ਦਾ ਆਨਲਾਈਨ ਉਦਘਾਟਨ ਰਾਜ ਸਿਹਤ ਏਜੰਸੀ (ਐਸ.ਐਚ.ਏ.) ਦਫ਼ਤਰ ਤੋਂ ਕੀਤਾ ਗਿਆ। ਇਹ ਪ੍ਰਾਜੈਕਟ ਦੋ ਜ਼ਿਲ੍ਹਿਆਂ ਤਰਨਤਾਰਨ ਅਤੇ ਬਰਨਾਲਾ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਕੈਬਨਿਟ ਮੰਤਰੀ, ਜਿਨ੍ਹਾਂ ਨਾਲ ਪ੍ਰਮੁੱਖ ਸਕੱਤਰ ਸਿਹਤ ਕੁਮਾਰ ਰਾਹੁਲ ਅਤੇ ਸੀਈਓ ਐਸ.ਐਚ.ਏ. ਸੰਯਮ ਅਗਰਵਾਲ ਵੀ ਸਨ, ਨੇ ਦੱਸਿਆ ਕਿ ਜਨਤਾ ਲਈ ਇੱਕ ਸੁਚਾਰੂ ਅਤੇ ਪਹੁੰਚਯੋਗ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਦੋਵਾਂ ਜ਼ਿਲ੍ਹਿਆਂ ਵਿੱਚ ਰਜਿਸਟ੍ਰੇਸ਼ਨ ਕੈਂਪ ਲਗਾਏ ਗਏ ਹਨ। ਪਹਿਲੇ ਦਿਨ ਹੀ ਇਸ ਯੋਜਨਾ ਲਈ 1480 ਪਰਿਵਾਰਾਂ ਨੇ ਨਾਮ ਦਰਜ ਕਰਵਾਇਆ ਹੈ।

ਪੰਜਾਬ ਲਈ ਇਸ ਨੂੰ ਇਤਿਹਾਸਕ ਦਿਨ ਦੱਸਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਪਹਿਲਕਦਮੀ ਨਾਲ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜੋ ਹਰੇਕ ਨਾਗਰਿਕ ਨੂੰ ਬਿਨਾਂ ਕਿਸੇ ਆਮਦਨ ਸ਼ਰਤ ਦੇ 10 ਲੱਖ ਰੁਪਏ ਦਾ ਵਿਆਪਕ ਸਿਹਤ ਬੀਮਾ ਕਵਰ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋ ਜ਼ਿਲ੍ਹਿਆਂ ਦੇ ਤਜਰਬੇ ਦੇ ਆਧਾਰ 'ਤੇ, ਰਜਿਸਟ੍ਰੇਸ਼ਨ ਮੁਹਿੰਮ ਨੂੰ ਤੇਜ਼ੀ ਨਾਲ ਸਮੁੱਚੇ ਸੂਬੇ ਵਿੱਚ ਲਾਗੂ ਕੀਤਾ ਜਾਵੇਗਾ।

ਕੈਬਨਿਟ ਮੰਤਰੀ ਨੇ ਅੱਗੇ ਦੱਸਿਆ ਕਿ ਇਹ ਯੋਜਨਾ ਸਿਹਤ ਸੰਭਾਲ ਲਈ ਆਮ ਲੋਕਾਂ 'ਤੇ ਪੈਣ ਵਾਲੇ ਇਲਾਜ ਸੇਵਾਵਾਂ ਦੇ ਬੋਝ ਨੂੰ ਘਟਾਉਣ ਲਈ ਤਿਆਰ ਕੀਤੀ ਗਈ ਹੈ।

ਇਸ ਯੋਜਨਾ ਤਹਿਤ ਲਾਭਪਾਤਰੀ ਸੂਬੇ ਭਰ ਦੇ ਸਾਰੇ ਸਰਕਾਰੀ ਹਸਪਤਾਲਾਂ ਅਤੇ 500 ਤੋਂ ਵੱਧ ਸੂਚੀਬੱਧ ਨਿੱਜੀ ਹਸਪਤਾਲਾਂ ਵਿੱਚ ਨਕਦੀ ਰਹਿਤ ਇਲਾਜ ਪ੍ਰਾਪਤ ਕਰ ਸਕਦੇ ਹਨ।

ਡਾ. ਬਲਬੀਰ ਸਿੰਘ ਨੇ ਸਪੱਸ਼ਟ ਕੀਤਾ ਕਿ ਯੋਗਤਾ ਮਾਪਦੰਡ ਸਰਲ ਅਤੇ ਨਿਰਪੱਖ ਹਨ। ਰਜਿਸਟ੍ਰੇਸ਼ਨ ਕਰਵਾਉਣ ਲਈ ਸਿਰਫ਼ ਵੋਟਰ ਆਈ.ਡੀ. ਕਾਰਡ ਅਤੇ ਆਧਾਰ ਕਾਰਡ ਲੋੜੀਂਦਾ ਹੈ ਅਤੇ ਇਸ ਯੋਜਨਾ ਦਾ ਲਾਭ ਲੈਣ ਲਈ ਆਮਦਨ ਦੀ ਵੀ ਕੋਈ ਸ਼ਰਤ ਨਹੀਂ ਹੋਵੇਗੀ।

ਉਨ੍ਹਾਂ ਵਿਸਥਾਰ ਵਿੱਚ ਦੱਸਿਆ ਕਿ ਇਸ ਯੋਜਨਾ ਅਧੀਨ ਡਾਕਟਰੀ ਇਲਾਜਾਂ ਦੀ ਵਿਸ਼ਾਲ ਸੂਚੀ ਸ਼ਾਮਲ ਹੈ, ਜਿਸ ਤਹਿਤ 2300 ਤੋਂ ਵੱਧ ਸਿਹਤ ਪੈਕੇਜਾਂ ਵਿਚ ਹਰ ਤਰ੍ਹਾਂ ਦੀਆਂ ਵੱਡੀਆਂ ਅਤੇ ਛੋਟੀਆਂ ਬਿਮਾਰੀਆਂ ਦੇ ਨਾਲ-ਨਾਲ ਦੁਰਘਟਨਾਤਮਕ ਸਰਜਰੀਆਂ ਨੂੰ ਵੀ ਕਵਰ ਕੀਤਾ ਜਾਂਦਾ ਹੈ। ਸਿਹਤ ਮੰਤਰੀ ਨੇ ਅੱਗੇ ਕਿਹਾ ਕਿ ਇਹ ਯਕੀਨੀ ਬਣਾਇਆ ਗਿਆ ਹੈ ਕਿ ਪੰਜਾਬ ਦੇ ਲੋਕਾਂ ਲਈ ਹਰ ਡਾਕਟਰੀ ਸਹੂਲਤ ਨੂੰ ਇਸ ਵਿਆਪਕ ਸਿਹਤ ਬੀਮਾ ਹੇਠ ਕਵਰ ਕੀਤਾ ਜਾਵੇ।

# ਸੈਂਕੜੇ ਰਾਮ ਭਗਤਾਂ ਦੀ ਹਾਜ਼ਰੀ 'ਚ ਸ੍ਰੀ ਰਾਮਲੀਲਾ ਦੇ ਮੰਚਨ ਲਈ ਝੰਡਾ ਲਹਿਰਾਇਆ



**ਮਲੇਰਕੋਟਲਾ,28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਰਾਮਲੀਲਾ ਕਮੇਟੀ (ਰਜਿ.) ਮਾਲੇਰਕੋਟਲਾ ਵੱਲੋਂ ਆਯੋਜਿਤ ਰਾਮਲੀਲਾ ਦੇ ਮੰਚਨ ਦੀ ਸ਼ੁਰੂਆਤ ਕਰਨ ਲਈ ਅੱਜ ਸੈਂਕੜੇ ਰਾਮ ਭਗਤਾਂ ਦੀ ਹਾਜ਼ਰੀ 'ਚ ਝੰਡਾ ਰਸਮ ਦਾ ਆਯੋਜਨ ਕੀਤਾ ਗਿਆ ਜਿਸ 'ਚ ਸ਼ਹਿਰ ਦੇ ਉੱਘੇ ਕਾਰੋਬਾਰੀ ਸ੍ਰੀ ਬੀਮਾ ਕੁਮਾਰ ਜੈਨ ਅਤੇ ਮਸ਼ਹੂਰ ਵਕੀਲ ਸ੍ਰੀ ਸੁਸ਼ੀਲ ਸ਼ਰਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਸ੍ਰੀ ਰਾਜ ਕੁਮਾਰ ਅਤੇ ਸ੍ਰੀ ਆਦਰਸ਼ ਕੁਮਾਰ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ।

ਇਸ ਮੌਕੇ ਉਦਯੋਗਪਤੀ ਬੀਮਾ ਕੁਮਾਰ ਜੈਨ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਸ੍ਰੀ ਰਾਮਲੀਲਾ ਵਰਗੇ ਸਨਾਤਨ ਧਾਰਮਿਕ ਸਮਾਗਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ, ਕਿਉਂਕਿ ਇਹ ਸਾਨੂੰ ਕਦਰਾਂ-ਕੀਮਤਾਂ ਬਾਰੇ ਸਿਖਾਉਂਦਾ ਹੈ ਅਤੇ ਪ੍ਰੇਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸਾਰੇ ਹਿੰਦੂ ਸੰਗਠਨਾਂ ਨੂੰ ਅਪੀਲ ਹੈ ਕਿ ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਸ੍ਰੀ ਰਾਮਲੀਲਾ ਪ੍ਰਦਰਸ਼ਨ ਦੇਖਣ ਲਈ ਭੇਜਣ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਸਾਡੇ ਪ੍ਰਾਚੀਨ ਸਨਾਤਨ ਇਤਿਹਾਸ ਬਾਰੇ ਜਾਣ ਸਕਣ। ਇਸ ਮੌਕੇ ਅਰਵਿੰਦ ਭਾਰਦਵਾਜ, ਨਰਿੰਦਰ ਸੂਦ, ਸ੍ਰੀ ਕਾਲੀ ਮਾਤਾ ਮੰਦਿਰ ਕਮੇਟੀ ਦੇ ਪ੍ਰਧਾਨ ਅਨਿਲ ਮੋਦੀ, ਨਿਤੀਸ਼ ਹਸੀਜਾ, ਅੰਕਿਤ ਭਾਟੀਆ, ਅਕਾਸ਼ ਗੁਪਤਾ, ਰਾਜ ਗਾਬਾ, ਵਿਪੁਲ ਜੈਨ, ਨਰੇਸ਼ ਸਿੰਗਲਾ, ਕਮਲ ਨੇਤਰ ਵਧਾਵਨ, ਅਨਿਲ ਭਾਰਤੀ, ਵੈਦ ਮੋਹਨ ਲਾਲ, ਪ੍ਰਦੀਪ ਓਸਵਾਲ, ਦਵਿੰਦਰ ਸਿੰਘ, ਕਰਮ ਚੰਦ ਗੋਇਲ, ਬੇਅੰਤ ਕਿੰਗਰ, ਰਾਕੇਸ਼ ਸ਼ਰਮਾ, ਧਰਮਿੰਦਰ ਕੁਮਾਰ, ਕੁਲਦੀਪ ਸ਼ਰਮਾ ਤੋਂ ਇਲਾਵਾ 30 ਬਾਲ ਕਲਾਕਾਰ ਮੌਜੂਦ ਸਨ

# ਫਗਵਾੜਾ ਸਾਈਬਰ ਧੋਖਾਧੜੀ ਮਾਮਲਾ: 2.05 ਕਰੋੜ ਰੁਪਏ ਦੀ ਹਵਾਲਾ ਮਨੀ ਨਾਲ ਇੱਕ ਹੋਰ ਕਾਬੂ; ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ 39 ਤੱਕ ਪਹੁੰਚੀ

**➢ ਹੁਣ ਤੱਕ ਕੁੱਲ 2.15 ਕਰੋੜ ਰੁਪਏ ਦੀ ਹਵਾਲਾ ਮਨੀ, 40 ਲੈਪਟਾਪ ਸਮੇਤ 67 ਮੋਬਾਈਲ ਫ਼ੋਨ ਦੀ ਹੋਈ ਬਰਾਮਦਗੀ ➢ ਲੁਧਿਆਣਾ-ਅਧਾਰਤ ਹਵਾਲਾ ਸੰਚਾਲਕ ਦੀ ਵੀ ਹੋਈ ਪਛਾਣ, ਜਿਸਨੂੰ ਫੜਨ ਲਈ ਪੁਲਿਸ ਟੀਮਾਂ ਕਰ ਰਹੀਆਂ ਹਨ ਛਾਪੇਮਾਰੀ : ਡੀਜੀਪੀ ਗੌਰਵ ਯਾਦਵ**

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਗਵਾੜਾ ਵਿੱਚ ਵੱਡੇ ਅੰਤਰਰਾਸ਼ਟਰੀ ਸਾਈਬਰ ਧੋਖਾਧੜੀ ਸਿੰਡੀਕੇਟ ਦੇ ਹਾਲ ਹੀ ਵਿੱਚ ਹੋਏ ਪਰਦਾਫਾਸ਼ ਤੋਂ ਬਾਅਦ ਅਹਿਮ ਕਾਰਵਾਈ ਤਹਿਤ ਕਪੂਰਥਲਾ ਪੁਲਿਸ ਨੇ ਲੁਧਿਆਣਾ ਤੋਂ ਇੱਕ ਹੋਰ ਮੁਲਜ਼ਮ ਨੂੰ 2.05 ਕਰੋੜ ਰੁਪਏ ਹਵਾਲਾ ਰਾਸ਼ੀ ਸਮੇਤ ਗ੍ਰਿਫ਼ਤਾਰ ਕੀਤਾ ਹੈ, ਜਿਸ ਦੇ ਨਾਲ ਗ੍ਰਿਫ਼ਤਾਰੀਆਂ ਦੀ ਗਿਣਤੀ ਹੁਣ 39 ਹੋ ਗਈ ਹੈ ਅਤੇ ਇਸ ਮਾਮਲੇ ਵਿੱਚ ਕੁੱਲ ਬਰਾਮਦ ਕੀਤੀ ਗਈ ਰਕਮ ਹੁਣ 2.15 ਕਰੋੜ ਰੁਪਏ ਤੱਕ ਪਹੁੰਚ ਗਈ ਹੈ। ਇਹ ਜਾਣਕਾਰੀ ਅੱਜ ਪੰਜਾਬ ਦੇ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਪਵਨ ਵਜੋਂ ਹੋਈ ਹੈ, ਜੋ ਰਾਜਸਥਾਨ ਦੇ ਬੀਕਾਨੇਰ ਦਾ ਰਹਿਣ ਵਾਲਾ ਹੈ।

ਜਾਣਕਾਰੀ ਅਨੁਸਾਰ, ਕਪੂਰਥਲਾ ਪੁਲਿਸ ਨੇ ਫਗਵਾੜਾ ਵਿੱਚ 38 ਵਿਅਕਤੀਆਂ ਨੂੰ 40 ਲੈਪਟਾਪ, 67 ਮੋਬਾਈਲਾਂ ਅਤੇ 10,000 ਦੀ ਨਕਦੀ ਸਮੇਤ ਗ੍ਰਿਫ਼ਤਾਰ ਕਰਕੇ ਇੱਕ ਵੱਡੇ ਸਾਈਬਰ ਧੋਖਾਧੜੀ ਰੈਕੇਟ ਦਾ ਪਰਦਾਫਾਸ਼ ਕੀਤਾ ਸੀ। ਇਸ ਮਾਡਿਊਲ ਵੱਲੋਂ ਸਾਫਟਵੇਅਰ ਸਬੰਧੀ ਸੇਵਾਵਾਂ ਪ੍ਰਦਾਨ ਕਰਨ ਦੀ ਆੜ ਵਿੱਚ ਅਮਰੀਕਾ ਅਤੇ ਕੈਨੇਡਾ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਸੀ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਪੁਲਿਸ ਟੀਮਾਂ ਨੇ ਲੁਧਿਆਣਾ ਸਥਿਤ ਇੱਕ ਹਵਾਲਾ ਆਪਰੇਟਰ 'ਤੇ ਵੀ ਤਿੱਖੀ ਨਜ਼ਰ ਰੱਖੀ ਹੋਈ ਹੈ ਅਤੇ ਉਸਨੂੰ ਫੜਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਲੈਣ-ਦੇਣ ਮੁੱਖ ਤੌਰ 'ਤੇ ਬਿਟਕੋਇਨ ਰਾਹੀਂ ਕੀਤਾ ਜਾਂਦਾ ਸੀ





ਅਤੇ ਹਵਾਲਾ ਚੈਨਲ ਵੀ ਵਰਤੇ ਜਾਂਦੇ ਸਨ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਜ ਅਗਲੇ ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਸਬੰਧਤ ਗਠਜੋੜ ਦਾ ਪਰਦਾਫਾਸ਼ ਕੀਤਾ ਜਾ ਸਕੇ।

ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦੇ ਹੋਏ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਕਪੂਰਥਲਾ ਗੌਰਵ ਤੂਰਾ ਨੇ ਕਿਹਾ ਕਿ ਮਾਮਲੇ ਦੀ ਤਕਨੀਕੀ ਜਾਂਚ ਦੌਰਾਨ ਪੁਲਿਸ ਟੀਮਾਂ ਵੱਲੋਂ ਇਸ ਰੈਕੇਟ ਵਿੱਚ ਲੁਧਿਆਣਾ ਦੇ ਵਿਅਕਤੀ ਦੀ ਸ਼ਮੂਲੀਅਤ ਹੋਣ ਦਾ ਪਤਾ ਲੱਗਾ।

ਜਿਸ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਐਸ.ਪੀ. ਇਨਵੈਸਟੀਗੇਸ਼ਨ ਪ੍ਰਭਜੋਤ ਸਿੰਘ ਵਿਰਕ ਦੀ ਨਿਗਰਾਨੀ ਅਤੇ ਡੀਐਸਪੀ ਡਿਟੈਕਟਿਵ ਪਰਮਿੰਦਰ ਸਿੰਘ ,ਇੰਚਾਰਜ ਸੀ.ਆਈ.ਏ. ਜਰਨੈਲ ਸਿੰਘ ਅਤੇ ਐਸ.ਐਚ.ਓ ਸਾਈਬਰ ਕ੍ਰਾਈਮ ਅਮਨਦੀਪ ਕੌਰ ਦੀ ਅਗਵਾਈ ਹੇਠ ਪੁਲਿਸ ਟੀਮਾਂ ਨੇ ਲੁਧਿਆਣਾ ਵਿੱਚ ਹਵਾਲਾ ਆਪਰੇਟਰ ਦੇ ਘਰ ਛਾਪਾ ਮਾਰਿਆ, ਜਿੱਥੇ ਉਸਦੇ ਸਹਾਇਕ ਪਵਨ ਨੂੰ 2.05 ਕਰੋੜ ਰੁਪਏ ਦੀ ਨਕਦੀ ਨਾਲ ਮੌਕੇ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ।

ਐਸਐਸਪੀ ਨੇ ਕਿਹਾ ਕਿ ਇਹ ਗਿਰੋਹ ਇੱਕ ਸਥਾਨਕ ਵਿਅਕਤੀ ਦੁਆਰਾ ਚਲਾਇਆ ਜਾ ਰਿਹਾ ਸੀ, ਜਿਸਦੀ ਪਛਾਣ ਅਮਰਿੰਦਰ ਸਿੰਘ ਉਰਫ਼ ਸਾਭੀ ਟੋਹਰੀ ਵਜੋਂ ਹੋਈ ਹੈ, ਜਿਸਨੇ ਫਗਵਾੜਾ ਵਿੱਚ ਇਮਾਰਤ ਕਿਰਾਏ ▾ਤੇ ਲਈ ਹੋਈ ਸੀ ਅਤੇ ਉਹ ਦਿੱਲੀ ਦੇ ਸੂਰਜ ਨਾਲ ਜੁੜਿਆ ਹੋਇਆ ਸੀ ਜੋ ਅੱਗੇ ਕੋਲਕਾਤਾ ਦੇ ਸ਼ੇਨ ਨਾਮਕ ਸ਼ੱਕੀ ਨਾਲ ਸਬੰਧਤ ਹੈ। ਇਸ ਸਬੰਧ ਵਿੱਚ, ਐਫਆਈਆਰ ਨੰ. 14 ਮਿਤੀ 19.09.2025 ਨੂੰ ਧਾਰਾ 111, 318(4) ਅਤੇ 61(2) ਬੀਐਨਐਸ ਅਤੇ ਸੂਚਨਾ ਤਕਨਾਲੋਜੀ ਐਕਟ ਦੀਆਂ ਧਾਰਾਵਾਂ 66 ਅਤੇ 66 ਤਹਿਤ ਪੁਲਿਸ ਸਟੇਸ਼ਨ ਸਾਈਬਰ ਕ੍ਰਾਈਮ ਕਪੂਰਥਲਾ ਵਿਖੇ ਕੇਸ ਪਹਿਲਾਂ ਹੀ ਦਰਜ ਹੈ।

# ਸਹਿਜੋ ਮਾਜਰਾ ਦੇ ਦੰਗਲ ਮੇਲੇ 'ਚ ਝੰਡੀ ਦੀ ਕੁਸ਼ਤੀ ਵਿੱਚ ਗੌਰਵ ਮਾਛੀਵਾੜਾ ਨੇ ਕਰਾਈ ਬੱਲੇ ਬੱਲੇ



**ਮਾਛੀਵਾੜਾ ਸਾਹਿਬ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਦੇ ਨਜ਼ਦੀਕ ਪਿੰਡ ਸਹਿਜੋ ਮਾਜਰਾ ਵਿਖੇ ਛਿੰਝ ਕਮੇਟੀ ਅਤੇ ਗ੍ਰਾਮ ਪੰਚਾਇਤ ਵਲੋਂ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਲਾਨਾ ਵਿਸ਼ਾਲ ਦੰਗਲ ਮੇਲਾ ਕਰਵਾਇਆ ਗਿਆ, ਜਿਸ ਵਿਚ 300 ਤੋਂ ਵੱਧ ਕੁਸ਼ਤੀਆਂ ਕਰਵਾਈਆਂ ਗਈਆਂ। ਦੰਗਲ ਮੇਲੇ ਵਿਚ ਝੰਡੀ ਦੀ ਕੁਸ਼ਤੀ ਗੌਰਵ ਮਾਛੀਵਾੜਾ ਤੇ ਸਿਕੰਦਰ ਸੇਖ਼ ਵਿਚਕਾਰ ਹੋਈ , ਜਿਸ ਵਿੱਚ ਗੌਰਵ ਮਾਛੀਵਾੜਾ ਪੂਰਾ ਸਮਾਂ ਸਿਕੰਦਰ ਸ਼ੇਖ ਤੇ ਹਾਵੀ ਰਿਹਾ , ਜਦਕਿ ਸਿਕੰਦਰ ਸ਼ੇਖ ਬਚਾਅ ਕਰਦਾ ਰਿਹਾ ਅੰਤ ਕੁਸ਼ਤੀ ਬਰਾਬਰ ਰਹੀ।ਦੂਜੇ ਨੰਬਰ ਦੀ ਕੁਸ਼ਤੀ 'ਚ ਧਰਮਿੰਦਰ ਕੁਹਾਲੀ ਨੇ ਰੂਬਲ ਖੰਨਾ ਨੂੰ ਹਰਾਇਆ, ਭੁਪਿੰਦਰ ਅਜਨਾਲਾ ਤੇ ਮਿਰਜ਼ਾ ਇਰਾਨ ਬਰਾਬਰ ਰਹੇ, ਭੋਲਾ ਬਾਰਨ ਨੇ ਜਤਿੰਦਰ ਪਥਰੇੜੀ ਨੂੰ ਹਰਾਇਆ, ਪਰਮਿੰਦਰ ਬਾਬਾ ਫਲਾਹੀ ਨੇ ਗੁਰਜੀਤ ਮਗਰੌੜ, ਸਹਿਬਾਜ਼ ਆਲਮਗੀਰ ਨੇ ਮਨਕਰਨ ਡੂਮਛੇੜੀ ਨੂੰ ਹਰਾਇਆ ਜਦਕਿ ਬੌਬੀ ਖੰਨਾ ਤੇ ਅਰਸ਼ ਬਾਬਾ ਫਲਾਹੀ ਵਿਚਕਾਰ ਕੁਸ਼ਤੀ ਬਰਾਬਰ ਰਹੀ। ਜੇਤੂ ਪਹਿਲਵਾਨਾਂ ਨੂੰ ਮੱਖਣ ਸਿੰਘ, ਨੀਟੂ ਯੂ.ਐੱਸ.ਏ. ਵਲੋਂ ਦਿੱਤੀ ਆਲਟੋ ਕਾਰ, ਇੰਦੀ ਦਿਓਲ ਵਲੋਂ ਦਿੱਤਾ ਮੋਟਰਸਾਈਕਲ, ਕੁਲਵਿੰਦਰ ਸਿੰਘ ਯੂ.ਕੇ. ਵਲੋਂ 2 ਸੋਨੇ ਦੇ ਕੜੇ, ਲਵਲੀ ਸਪੇਨ ਤੇ ਸਨੀ ਕੈਨੇਡਾ ਵਲੋਂ ਦਿੱਤਾ ਮੋਟਰਸਾਈਕਲ, ਪਾਲ ਸਿੰਘ ਦੀ ਯਾਦ ਵਿਚ ਦਿਲਪ੍ਰੀਤ ਅਮਰੀਕਾ ਵਲੋਂ ਦਿੱਤਾ ਮੋਟਰਸਾਈਕਲ, ਮਹਿਰਾਨ ਸਿੰਘ ਤੇ ਸੁਖਜਿੰਦਰਪਾਲ ਸਿੰਘ ਬੈਣੀਵਾਲ ਵਲੋਂ ਦਿੱਤਾ ਮੋਟਰਸਾਈਕਲ, ਬਲਜੀਤ ਸਿੰਘ ਇਟਲੀ ਵਲੋਂ ਦਿੱਤਾ ਮੋਟਰਸਾਈਕਲ, ਨੀਟਾ ਇਟਲੀ ਦੇ ਲੱਕੀ ਆਸਟ੍ਰੇਲੀਆ ਵਲੋਂ ਸੋਨੇ ਦੀ ਮੁੰਦਰੀ ਅਤੇ ਅਮਰੀਕ ਸਿੰਘ ਭੈਣੀ ਸਾਹਿਬ ਵਲੋਂ ਦਿੱਤਾ ਮੋਟਰਸਾਈਕਲ ਦੇਣ ਦੀ ਰਸਮ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ, ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ, ਚੇਅਰਮੈਨ ਮਾਰਕੀਟ ਕਮੇਟੀ ਸੁਖਵਿੰਦਰ ਸਿੰਘ ਗਿੱਲ, ਬਾਬਾ ਦੀਪਾ ਫਲਾਹੀ, ਅਕਾਲੀ ਆਗੂ ਹਰਜਤਿੰਦਰ ਸਿੰਘ ਬਾਜਵਾ, ਜਥੇਦਾਰ ਹਰਦੀਪ ਸਿੰਘ ਬਹਿਲੋਲਪੁਰ, ਕਾਂਗਰਸ ਯੂਥ ਦਿਹਾਤੀ ਪ੍ਰਧਾਨ ਜਸਪ੍ਰੀਤ ਸਿੰਘ ਸਹਿਜੋ ਮਾਜਰਾ, ਪਰਮਿੰਦਰ ਸਿੰਘ ਹੈਪੀ ਗਿੱਲ, ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਸਾਬਕਾ ਪ੍ਰਧਾਨ ਲਾਲਾ ਮੰਗਤ ਰਾਏ, ਰਕੇਸ਼ ਕੁਮਾਰ ਸਿੱਦੂ , ਅਤੇ ਪ੍ਰਬੰਧਕ ਕਮੇਟੀ ਵਿਚ ਲਖਵਿੰਦਰ ਸਿੰਘ ਸਿੱਧੂ, ਕੈਸ਼ੀਅਰ ਸੁਰਿੰਦਰ ਸਿੰਘ, ਅਵਤਾਰ ਸਿੰਘ, ਕੁਲਵਿੰਦਰ ਸਿੰਘ ਫੌਜੀ, ਸੁਖਵਿੰਦਰ ਸਿੰਘ, ਜਰਨੈਲ ਸਿੰਘ, ਅਮਰਿੰਦਰ ਸਿੰਘ, ਮੱਖਣ ਸਿੰਘ, ਪ੍ਰਕਾਸ਼ ਸਿੰਘ, ਜਸਵੰਤ ਸਿੰਘ, ਸਾਬਕਾ ਪ੍ਰਧਾਨ ਜਸਵੀਰ ਸਿੰਘ, ਸਵਰਨ ਸਿੰਘ, ਧਿਆਨ ਸਿੰਘ, ਹਾਕਮ ਸਿੰਘ ਫੌਜੀ, ਜਸਪਾਲ ਸਿੰਘ, ਸਰਪੰਚ ਜਸਵੀਰ ਸਿੰਘ, ਨੰਬਰਦਾਰ ਗੁਰਬਚਨ ਸਿੰਘ, ਜਸਵੀਰ ਸਿੰਘ ਬੈਣੀਵਾਲ, ਸੁਰਜੀਤ ਸਿੰਘ ਫੌਜੀ, ਗੁਰਤੇਜ ਸਿੰਘ, ਭਜਨ ਸਿੰਘ ਫੌਜੀ, ਗੁਰਦੀਪ ਕੌਰ, ਜਸਵੀਰ ਕੌਰ, ਰਣਜੋਧ ਸਿੰਘ,ਜਸਪਾਲ ਸਿੰਘ, ਮਨਦੀਪ ਕੌਰ, ਰਜਿੰਦਰ ਕੌਰ, ਲਵਪ੍ਰੀਤ ਸਿੰਘ (ਸਾਰੇ ਪੰਚ), ਸੁਰਿੰਦਰ ਸਿੰਘ, ਪ੍ਰਗਟ ਸਿੰਘ ਸਹਿਜੋ ਮਾਜਰਾ, ਸਾਬਕਾ ਸਰਪੰਚ ਪਰਮਜੀਤ ਸਿੰਘ, ਨੰਬਰਦਾਰ ਗੁਰਬਚਨ ਸਿੰਘ ਆਦਿ ਨੇ ਅਦਾ ਕੀਤੀ।

ਮੇਲੇ ਦਾ ਅੱਖੀਂ ਡਿੱਠਾ ਹਾਲ ਜੱਸੀ ਰਈਏਵਾਲ, ਜੇ.ਆਰ.ਸੀ. ਨੇ ਸੁਣਾਇਆ ਜਦਕਿ ਸਟੇਜ ਦੀ ਕਾਰਵਾਈ ਇੰਟਰਨੈਸ਼ਨਲ ਕਮੈਂਟੇਟਰ ਹਰਜੀਤ ਸਿੰਘ ਲੱਲਕਲਾਂ ਨੇ ਨਿਭਾਈ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਗਏ। ਪ੍ਰਬੰਧਕਾਂ ਵੱਲੋਂ ਦੰਗਲ ਮੇਲੇ ਵਿੱਚ ਮਹਿਮਾਨਾਂ ਅਤੇ ਦਰਸ਼ਕਾਂ ਦੇ ਬੈਠਣ ਦੇ ਵਿਸ਼ੇਸ਼ ਤੌਰ ਤੇ ਕੀਤੇ ਗਏ ਪ੍ਰਬੰਧਾਂ ਤੋਂ ਸਾਰੇ ਖੇਡ ਪ੍ਰੇਮੀ ਦੇ ਦਰਸ਼ਕ ਖੁਸ਼ ਨਜ਼ਰ ਆਏ ਅਤੇ ਪ੍ਰਬੰਧਕਾਂ ਦੇ ਕੰਮ ਦੀ ਪ੍ਰਸ਼ੰਸਾ ਕਰਦੇ ਰਹੇ ।

# ਅਮਨ ਅਰੋੜਾ ਵੱਲੋਂ ਨਵਿਆਉਣਯੋਗ ਊਰਜਾ ਸੈਕਟਰ ਨੂੰ ਹੋਰ ਸੁਚਾਰੂ ਬਣਾਉਣ ਲਈ 'ਇੱਕ ਸਮਰਪਿਤ ਅਧਿਕਾਰੀ' ਲਗਾਉਣ ਅਤੇ 'ਵੱਟਸਐਪ ਹੈਲਪਲਾਈਨ' ਚਾਲੂ ਕਰਨ ਦੇ ਆਦੇਸ਼

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਨਿਵੇਸ਼ਕਾਂ ਦੇ ਭਰੋਸੇ ਨੂੰ ਵਧਾਉਣ ਅਤੇ ਨਵਿਆਉਣਯੋਗ ਊਰਜਾ ਪ੍ਰਾਜੈਕਟਾਂ ਦੇ ਕੰਮਾਂ ਨੂੰ ਹੋਰ ਸੁਚਾਰੂ ਬਣਾ ਕੇ ਨਿਵੇਸ਼ ਨੂੰ ਆਕਰਸ਼ਿਤ ਕਰਨ ਦੇ ਮਨਸ਼ੇ ਨਾਲ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਸੂਬੇ ਵਿੱਚ ਨਵਿਆਉਣਯੋਗ ਊਰਜਾ ਸਬੰਧੀ ਪ੍ਰਾਜੈਕਟਾਂ ਲਗਾਉਣ ਵਾਲੇ ਡਿਵੈਲਪਰਾਂ ਨੂੰ ਉਤਸ਼ਾਹਿਤ ਕਰਨ ਅਤੇ ਉਨ੍ਹਾਂ ਦੀ ਮਦਦ ਲਈ ਕਈ ਅਹਿਮ ਪਹਿਲਕਦਮੀਆਂ ਦੀ ਸ਼ੁਰੂਆਤ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਫ਼ੈਸਲੇ ਅੱਜ ਪੇਡਾ ਕੰਪਲੈਕਸ ਵਿਖੇ ਨਵਿਆਉਣਯੋਗ ਊਰਜਾ ਡਿਵੈਲਪਰਾਂ ਦੀ ਮੀਟਿੰਗ ਦੌਰਾਨ ਲਏ ਗਏ।



ਡਿਵੈਲਪਰਾਂ ਵੱਲੋਂ ਉਠਾਏ ਮੁੱਦਿਆਂ ਦਾ ਹੱਲ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਨੂੰ ਤੁਰੰਤ ਇੱਕ ਸਮਰਪਿਤ ਨੋਡਲ ਅਫਸਰ ਨਿਯੁਕਤ ਕਰਨ ਦੇ ਨਿਰਦੇਸ਼ ਦਿੱਤੇ ਤਾਂ ਜੋ ਅੰਤਰ-ਵਿਭਾਗੀ ਤਾਲਮੇਲ ਸਬੰਧੀ ਮੁੱਦਿਆਂ ਨੂੰ ਤੇਜ਼ੀ ਨਾਲ ਹੱਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਕ ਸਮਰਪਿਤ ਅਧਿਕਾਰੀ ਦੀ ਤੈਨਾਤੀ ਨਾਲ ਨਵਿਆਉਣਯੋਗ ਊਰਜਾ ਪ੍ਰਾਜੈਕਟ ਲਾਉਣ ਵਿੱਚ ਹੁੰਦੀ ਦੇਰੀ ਤੋਂ ਬਚਿਆ ਜਾ ਸਕੇਗਾ।

ਸ੍ਰੀ ਅਮਨ ਅਰੋੜਾ ਨੇ ਪੇਡਾ ਨੂੰ ਹਫ਼ਤੇ ਦੇ ਅੰਦਰ-ਅੰਦਰ ਇੱਕ ਸਮਰਪਿਤ ਵੱਟਸਐਪ ਹੈਲਪਲਾਈਨ ਸ਼ੁਰੂ ਕਰਨ ਦੇ ਆਦੇਸ਼ ਵੀ ਦਿੱਤੇ। ਇਹ ਪਲੇਟਫਾਰਮ ਡਿਵੈਲਪਰਾਂ ਨੂੰ ਆਪਣੇ ਮੁੱਦਿਆਂ ਦੀ ਤੁਰੰਤ ਰਿਪੋਰਟ ਕਰਨ ਅਤੇ ਸਿੱਧੇ ਤੌਰ 'ਤੇ ਫੌਰੀ ਸਹਾਇਤਾ ਲੈਣ ਦਾ ਮੌਕਾ ਪ੍ਰਦਾਨ ਕਰੇਗਾ ਜਿਸ ਨਾਲ ਉਨ੍ਹਾਂ ਨੂੰ ਜਿੱਥੇ ਤੁਰੰਤ ਸਹਾਇਤਾ ਦੇਣੀ ਯਕੀਨੀ ਬਣਾਈ ਜਾਵੇਗੀ, ਉਥੇ ਫ਼ੌਰੀ ਸ਼ਿਕਾਇਤ ਨਿਵਾਰਣ ਵੀ ਯਕੀਨੀ ਬਣੇਗਾ।

ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਨੇ ਡਿਵੈਲਪਰਾਂ ਨੂੰ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਨਿਵੇਸ਼ਕਾਂ ਨੂੰ ਸਿਰਫ਼ ਕਾਰੋਬਾਰ ਸਥਾਪਤ ਕਰਨ ਲਈ ਸੱਦੇ ਦੇਣ ਲਈ ਹੀ ਨਹੀਂ ਹੈ, ਸਗੋਂ ਨਵਿਆਉਣਯੋਗ ਊਰਜਾ ਪ੍ਰਾਜੈਕਟਾਂ ਨੂੰ ਸਫਲਤਾਪੂਰਵਕ ਚਲਵਾਉਣ ਵਿੱਚ ਮਦਦ ਕਰਨ ਲਈ ਵੀ ਸਰਗਰਮ ਭਾਈਵਾਲ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਿਵੇਸ਼ਕਾਂ ਨੂੰ ਅਨੁਕੂਲ ਮਾਹੌਲ ਅਤੇ ਇਸ ਖੇਤਰ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਸ੍ਰੀ ਅਮਨ ਅਰੋੜਾ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਦੀਆਂ ਨਵਿਆਉਣਯੋਗ ਊਰਜਾ ਖੇਤਰ ਵਿੱਚ ਭਵਿੱਖੀ ਸੰਭਾਵਨਾਵਾਂ ਇਸ ਗੱਲ 'ਤੇ ਨਿਰਭਰ ਕਰਦੀਆਂ ਹਨ ਕਿ ਪ੍ਰਕਿਰਿਆਵਾਂ ਨੂੰ ਹੋਰ ਸਰਲ ਬਣਾਇਆ ਜਾਵੇ ਅਤੇ ਬੇਲੋੜੀ ਕਾਗਜ਼ੀ ਕਾਰਵਾਈ ਨੂੰ ਘਟਾਇਆ ਜਾਵੇ। ਇਸ ਤਰ੍ਹਾਂ ਕਰਕੇ ਹੋਰ ਨਿਵੇਸ਼ਾਂ ਨੂੰ ਆਕਰਸ਼ਿਤ ਕੀਤਾ ਜਾ ਸਕੇਗਾ ਅਤੇ ਨਵਿਆਉਣਯੋਗ ਊਰਜਾ ਟੀਚਿਆਂ ਨੂੰ ਪ੍ਰਾਪਤ ਕੀਤਾ ਜਾ ਸਕੇਗਾ।

ਇਸ ਮੌਕੇ ਪੇਡਾ ਦੀ ਚੇਅਰਪਰਸਨ ਡਾ. ਗੁਰਪ੍ਰੀਤ ਕੌਰ ਗੋਗੀ, ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਅਜੋਏ ਕੁਮਾਰ ਸਿਨਹਾ, ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀਮਤੀ ਨੀਲਿਮਾ ਅਤੇ ਵਿਭਾਗ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

# ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਕਰਮਚਾਰੀਆਂ ਨੂੰ ਸਮੇਂ ਸਿਰ ਪੈਨਸ਼ਨ ਦੇਣ ਦੇ ਆਦੇਸ਼

**ਪੰਜਾਬ ਸਰਕਾਰ ਦੇ ਕਰਮਚਾਰੀਆਂ ਲਈ ਬਣਾਈ ਨੀਤੀ ਅਨੁਸਾਰ ਇਨ੍ਹਾਂ ਕਰਮਚਾਰੀਆਂ ਲਈ ਬਕਾਏ ਦੀ ਭੁਗਤਾਨ ਨੂੰ ਵੀ ਦਿੱਤੀ ਪ੍ਰਵਾਨਗੀ**

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਦੀਆਂ ਜ਼ਿਲ੍ਹਾ ਪ੍ਰੀਸ਼ਦਾਂ ਅਤੇ ਪੰਚਾਇਤ ਸੰਮਤੀਆਂ ਦੇ ਸੇਵਾਮੁਕਤ ਕਰਮਚਾਰੀਆਂ ਦੀ ਵਿੱਤੀ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ, ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਐਲਾਨ ਕੀਤਾ ਕਿ ਇਨ੍ਹਾਂ ਕਰਮਚਾਰੀਆਂ ਲਈ ਪੈਨਸ਼ਨ ਹਰ ਮਹੀਨੇ ਦੀ 10 ਤਰੀਕ ਤੋਂ ਪਹਿਲਾਂ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਪਾਈ ਜਾਵੇਗੀ। ਇਸ ਕਦਮ ਨਾਲ 3,000 ਤੋਂ ਵੱਧ ਪੈਨਸ਼ਨਰਾਂ ਨੂੰ ਲਾਭ ਹੋਣ ਦੀ ਉਮੀਦ ਹੈ, ਜਿਸ ਨਾਲ ਉਨ੍ਹਾਂ ਨੂੰ ਸਮੇਂ ਸਿਰ ਅਤੇ ਅਨੁਮਾਨਤ ਢੰਗ ਨਾਲ ਉਨ੍ਹਾਂ ਦੇ ਬਕਾਏ ਮਿਲਣਗੇ।

ਇਨ੍ਹਾਂ ਕਰਮਚਾਰੀਆਂ ਦਾ ਹਿਤ ਵਿੱਚ ਇੱਕ ਹੋਰ ਕਦਮ ਚੁੱਕਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿੱਤ ਵਿਭਾਗ ਵੱਲੋਂ ਪ੍ਰਵਾਨਿਤ ਨੀਤੀ ਅਨੁਸਾਰ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸਮਿਤੀ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਲੰਬਿਤ ਬਕਾਏ ਵੀ ਜਲਦ ਹੀ ਚਾਰ ਕਿਸ਼ਤਾਂ ਵਿੱਚ ਜਾਰੀ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਇਨ੍ਹਾਂ ਬਕਾਇਆਂ ਦਾ ਭੁਗਤਾਨ ਪੰਜਾਬ ਸਰਕਾਰ ਦੇ ਕਰਮਚਾਰੀਆਂ ਲਈ ਪਹਿਲਾਂ ਹੀ ਸਥਾਪਿਤ ਨੀਤੀ ਢਾਂਚੇ ਅਨੁਸਾਰ ਕੀਤਾ ਜਾਵੇਗਾ, ਤਾਂ ਜੋ ਵਿਭਾਗਾਂ ਵਿੱਚ ਵਿੱਤੀ ਮਾਮਲਿਆਂ ਵਿੱਚ ਬਰਾਬਰੀ ਤੇ ਨਿਰਪੱਖਤਾ ਯਕੀਨੀ ਬਣਾਈ ਜਾ ਸਕੇ।

ਇਹ ਫੈਸਲਾ ਫਰਵਰੀ 2025 ਵਿੱਚ ਪੰਜਾਬ ਕੈਬਨਿਟ ਵੱਲੋਂ ਸਰਕਾਰੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ 14,000 ਕਰੋੜ ਰੁਪਏ ਦੇ ਬਕਾਏ ਜਾਰੀ ਕਰਨ ਦੀ ਪ੍ਰਵਾਨਗੀ ਦੇ ਅਨੁਸਾਰ ਹੈ। ਇਸ ਰਾਸ਼ੀ ਵਿੱਚ 1 ਜਨਵਰੀ 2016 ਤੋਂ 30 ਜੂਨ 2022 ਤੱਕ ਦੀ ਸੋਧੀ ਹੋਈ ਤਨਖਾਹ, ਪੈਨਸ਼ਨਾਂ ਅਤੇ ਲੀਵ ਇਨਕੈਸ਼ਮੈਂਟ ਅਤੇ 1 ਜੁਲਾਈ 2021 ਤੋਂ 31 ਮਾਰਚ 2024 ਤੱਕ ਦਾ ਮਹਿੰਗਾਈ ਭੱਤਾ ਸ਼ਾਮਲ ਹੈ। ਇਹ ਵੱਡੀ ਰਕਮ ਵੱਖ-ਵੱਖ ਪੜਾਵਾਂ ਵਿੱਚ ਵੰਡੀ ਜਾ ਰਹੀ ਹੈ, ਜਿਸ ਨਾਲ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਲੋੜੀਂਦੀ ਰਾਹਤ ਮਿਲੇਗੀ।



ਵਿੱਤ ਮੰਤਰੀ ਨੇ ਇਹ ਫੈਸਲੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਸਕੱਤਰ ਅਜੀਤ ਬਾਲਾਜੀ ਜੋਸ਼ੀ ਅਤੇ ਹੋਰ ਵਿਭਾਗੀ ਅਧਿਕਾਰੀਆਂ ਨਾਲ ਉੱਚ-ਪੱਧਰੀ ਮੀਟਿੰਗ ਦੌਰਾਨ ਕੀਤੇ। ਇਸ ਮੀਟਿੰਗ ਵਿੱਚ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨਾਲ ਸਬੰਧਤ ਹੋਰ ਵਿੱਤੀ ਮਾਮਲਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪਾਰਦਰਸ਼ਤਾ, ਵਿੱਤੀ ਅਨੁਸ਼ਾਸਨ ਅਤੇ ਆਪਣੇ ਕਰਮਚਾਰੀਆਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਫੈਸਲੇ ਸੇਵਾ ਨਿਭਾ ਰਹੇ ਅਤੇ ਸੇਵਾਮੁਕਤ ਕਰਮਚਾਰੀਆਂ ਦੇ ਮਾਣ ਅਤੇ ਅਧਿਕਾਰਾਂ ਨੂੰ ਬਰਕਰਾਰ ਰੱਖਣ ਦੇ ਸੂਬਾ ਸਰਕਾਰ ਦੇ ਸੰਕਲਪ ਨੂੰ ਦਰਸਾਉਂਦੇ ਹਨ।

# TRAI ਨੇ ਦੂਰਸੰਚਾਰ ਸੇਵਾਵਾਂ ਇੰਟਰਕਨੈਕਸ਼ਨ (ਸੱਤਵੀਂ ਸੋਧ) ਰੈਗੂਲੇਸ਼ਨਜ਼, 2025 ਦਾ ਖਰੜਾ ਜਾਰੀ

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟੈਲੀਕੌਮ ਰੈਗੂਲੇਟਰੀ ਅਥਾਰਟੀ ਆਫ਼ ਇੰਡੀਆ (TRAI) ਨੇ ਅੱਜ ਦੂਰਸੰਚਾਰ (ਪ੍ਰਸਾਰਣ ਅਤੇ ਕੇਬਲ) ਸੇਵਾਵਾਂ ਇੰਟਰਕਨੈਕਸ਼ਨ (ਅਡਰੈੱਸੇਬਲ ਸਿਸਟਮ) (ਸੱਤਵੀਂ ਸੋਧ) ਰੈਗੂਲੇਸ਼ਨਜ਼, 2025 ਦਾ ਖਰੜਾ ਜਾਰੀ ਕੀਤਾ ਹੈ।

ਅਥਾਰਟੀ ਨੇ ਹਿਤਧਾਰਕਾਂ ਦੇ ਸੁਝਾਅ ਪ੍ਰਾਪਤ ਕਰਨ ਲਈ 9 ਅਗਸਤ 2024 ਨੂੰ -ਦੂਰਸੰਚਾਰ (ਪ੍ਰਸਾਰਣ ਅਤੇ ਕੇਬਲ) ਸੇਵਾਵਾਂ ਇੰਟਰਕਨੈਕਸ਼ਨ (ਅਡਰੈੱਸੇਬਲ ਸਿਸਟਮ) ਰੇਗੂਲੇਸ਼ਨਜ਼, 2017 ਅਤੇ ਦੂਰਸੰਚਾਰ (ਪ੍ਰਸਾਰਣ ਅਤੇ ਕੇਬਲ) ਸੇਵਾਵਾਂ ਡਿਜੀਟਲ ਅਡਰੈੱਸੇਬਲ ਸਿਸਟਮ ਆਡਿਟ ਮੈਨੂਅਲ·: ਦੇ ਆਡਿਟ ਸਬੰਧੀ ਉਪਬੰਧਾਂ ਲਈ ਸਬੰਧਿਤ ਹਿਤਧਾਰਕਾਂ ਤੋਂ ਉਨ੍ਹਾਂ ਦੀਆਂ ਟਿੱਪਣੀਆਂ ਮੰਗੀਆਂ ਹਨ।

ਇਸ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਦੇ ਅਧਾਰ 'ਤੇ, ਦੂਰਸੰਚਾਰ (ਪ੍ਰਸਾਰਣ ਅਤੇ ਕੇਬਲ) ਸੇਵਾਵਾਂ ਇੰਟਰਕਨੈਕਸ਼ਨ (ਅਡਰੈੱਸੇਬਲ ਸਿਸਟਮ) ਰੈਗੂਲੇਸ਼ਨਜ਼, 2017 ਵਿੱਚ ਸੋਧ ਦਾ ਖਰੜਾ ਜਾਰੀ ਕੀਤਾ ਗਿਆ ਹੈ।

ਇਸ ਖਰੜੇ ਰੈਗੂਲੇਸ਼ਨ ਦਾ ਉਦੇਸ਼ ਪ੍ਰਸਤਾਵਿਤ ਸੋਧਾਂ 'ਤੇ ਸਾਰੇ ਹਿਤਧਾਰਕਾਂ ਦੀਆਂ ਟਿੱਪਣੀਆਂ ਪ੍ਰਾਪਤ ਕਰਨਾ ਹੈ।

ਡਰਾਫਟ ਰੈਗੂਲੇਸ਼ਨ ਦਾ ਪੂਰਾ ਵੇਰਵਾ ਟ੍ਰਾਈ ਦੀ ਵੈੱਬਸਾਈਟ www.trai.gov.in 'ਤੇ ਉਪਲਬਧ ਹੈ।

ਦੂਰਸੰਚਾਰ (ਪ੍ਰਸਾਰਣ ਅਤੇ ਕੇਬਲ) ਸੇਵਾਵਾਂ ਇੰਟਰਕਨੈਕਸ਼ਨ (ਅਡਰੈੱਸੇਬਲ ਸਿਸਟਮ) (ਸੱਤਵੀਂ ਸੋਧ) ਰੇਗੂਲੇਸ਼ਨਜ਼, 2025 ਦੇ ਖਰੜੇ 'ਤੇ ਹਿਤਧਾਰਕਾਂ ਤੋਂ 06 ਅਕਤੂਬਰ, 2025 ਤੱਕ ਲਿਖਤੀ ਟਿੱਪਣੀਆਂ ਮੰਗੀਆਂ ਗਈਆਂ ਹਨ। ਟਿੱਪਣੀਆਂ, ਤਰਜੀਹੀ ਤੌਰ 'ਤੇ ਇਲੈਕਟ੍ਰੌਨਿਕ ਰੂਪ ਵਿੱਚ, ਟੈਲੀਕਾਮ ਰੈਗੂਲੇਟਰੀ ਅਥਾਰਟੀ ਆਫ਼ ਇੰਡੀਆ ਦੀ ਸਲਾਹਕਾਰ (ਬੀ ਐਂਡ ਸੀ ਐੱਸ) ਡਾ. ਦੀਪਾਲੀ ਸ਼ਰਮਾ ਅਤੇ ਸੰਯੁਕਤ ਸਲਾਹਕਾਰ (ਬੀ ਐਂਡ ਸੀ ਐਸ) ਸੁਸ਼੍ਰੀ ਸਪਨਾ ਸ਼ਰਮਾ ਨੂੰ advbcs-B@trai.gov.in ਅਤੇ jtadv-bcs@trai.gov.in 'ਤੇ ਭੇਜੀਆਂ ਜਾ ਸਕਦੀਆਂ ਹਨ।

ਕਿਸੇ ਵੀ ਸਪਸ਼ਟੀਕਰਣ/ਜਾਣਕਾਰੀ ਲਈ, ਡਾ. ਦੀਪਾਲੀ ਸ਼ਰਮਾ, ਸਲਾਹਕਾਰ (ਬੀ ਐਂਡ ਸੀ ਐਸ) ਜਾਂ ਸੁਸ਼੍ਰੀ ਸਪਨਾ ਸ਼ਰਮਾ, ਸੰਯੁਕਤ ਸਲਾਹਕਾਰ (ਬੀ ਐਂਡ ਸੀ ਐਸ), ਟ੍ਰਾਈ, ਨਾਲ ਲੜੀਵਾਰ ਈਮੇਲ ਆਈਡੀ: advbcs-B@trai.gov.in ਜਾਂ ਟੈਲੀਫੋਨ +91-11-20907774 ਜਾਂ jtadv-bcs@trai.gov.in ਜਾਂ ਟੈਲੀਫੋਨ +91-11-26701418 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸੱਭਿਆਚਾਰਕ ਕਤਲੇਆਮ ਬੰਦ ਕਰੋ, ਫ਼ਿਲਮ ਨਿੱਕਾ ਜ਼ੈਲਦਾਰ 4 'ਤੇ ਪਾਬੰਦੀ ਲਗਾਓ : ਸੁੱਖਮਿੰਦਰਪਾਲ ਸਿੰਘ ਗਰੇਵਾਲ

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਦੇ ਕੌਮੀ ਆਗੂ ਅਤੇ ਸਰਪ੍ਰਸਤ, ਪੰਜਾਬ ਕਲਾਕਾਰ ਮੰਚ (ਰਜਿ.) ਸੁੱਖਮਿੰਦਰਪਾਲ ਸਿੰਘ ਗਰੇਵਾਲ ਭੂਖੜੀ ਕਲਾਂ ਨੇ ਕਿਹਾ ਕਿ ਪੰਜਾਬੀ ਫ਼ਿਲਮ ਇੰਡਸਟਰੀ ਇਕ ਵਾਰੀ ਫਿਰ ਗੰਦਗੀ ਅਤੇ ਗਿਰਾਵਟ ਦੇ ਸਭ ਤੋਂ ਹੇਠਲੇ ਪੱਧਰ 'ਤੇ ਡਿੱਗ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਆਉਣ ਵਾਲੀ ਕਥਿਤ ਐਮੀ ਵਿਰਕ ਅਭਿਨੀਤ ਫ਼ਿਲਮ ਨਿੱਕਾ ਜ਼ੈਲਦਾਰ 4 ਦੇ ਟ੍ਰੇਲਰ ਵਿੱਚ, ਨਿਰਦੇਸ਼ਕ ਸਿਮਰਜੀਤ ਸਿੰਘ ਨੇ ਅਭਿਨੇਤਰੀ ਸੋਨਮ ਬਾਜਵਾ ਨੂੰ ਸਿੱਖ ਪਰਿਵਾਰ ਦੀ ਵਹੁਟੀ ਵਜੋਂ ਸਿਗਰਟ ਫੜੇ ਹੋਏ ਬੇਸ਼ਰਮੀ ਨਾਲ ਦਿਖਾਇਆ ਹੈ।

ਗਰੇਵਾਲ ਨੇ ਕਿਹਾ ਕਿ ਤਮਾਕੂ ਸਿੱਖ ਰਹਿਤ ਮਰਿਆਦਾ ਦੀਆਂ ਚਾਰ ਸਭ ਤੋਂ ਵੱਡੀਆਂ ਮਨਾਹੀਆਂ ਵਿੱਚੋਂ ਇੱਕ ਹੈ। ਇੱਥੋਂ ਤੱਕ ਕਿ ਸਿੱਖ ਘਰਾਨਿਆਂ ਦੇ ਪੁਰਸ਼ ਵੀ ਤਮਾਕੂ ਨੂੰ ਹੱਥ ਨਹੀਂ ਲਾਉਂਦੇ, ਪਰ ਇਹ ਘਟੀਆ ਫ਼ਿਲਮਕਾਰ ਸਿੱਖ ਔਰਤ ਨੂੰ ਸਿਗਰਟ ਪੀਂਦੀ ਦਿਖਾਉਣ ਦੀ ਹਿੰਮਤ ਕਰਦਾ ਹੈ ? ਇਹ ਕੋਈ ਰਚਨਾਤਮਕਤਾ ਨਹੀਂ, ਇਹ ਸਿੱਖ ਸਿਧਾਂਤਾਂ, ਸਿੱਖ ਪਰੰਪਰਾਵਾਂ ਅਤੇ ਸਿੱਖ ਮਹਿਲਾਵਾਂ ਦਾ ਸਿੱਧਾ ਅਪਮਾਨ ਹੈ।

ਉਨ੍ਹਾਂ ਕਿਹਾ ਕਿ ਇਹ ਕੋਈ ਇਤਫ਼ਾਕੀ ਸੀਨ ਨਹੀਂ, ਬਲਕਿ ਇਹ ਨਵੀਂ ਪੀੜ੍ਹੀ ਦੇ ਮਨਾਂ ਨੂੰ ਗੰਦਗੀ ਨਾਲ ਭਰਨ ਅਤੇ ਸਿੱਖ ਔਰਤਾਂ ਦੀ ਛਵੀ ਖ਼ਰਾਬ ਕਰਨ ਦੀ ਇਕ ਸੋਚੀ-ਸਮਝੀ, ਗੰਦੀ ਅਤੇ ਜ਼ਹਿਰੀਲੀ ਸਾਜ਼ਿਸ਼ ਹੈ। ਗਰੇਵਾਲ ਨੇ ਕਿਹਾ ਕਿ ਐਮੀ ਵਿਰਕ ਆਪਣੇ ਆਪ ਨੂੰ ਸੰਵੇਦਨਸ਼ੀਲ ਤੇ ਜੜ੍ਹਾਂ ਨਾਲ ਜੁੜਿਆ ਦਿਖਾਉਣ ਦਾ ਢੋਂਗ ਕਰਦਾ ਹੈ, ਪਰ ਕਾਇਰਾਂ ਵਾਂਗ ਚੁੱਪ ਹੋ ਜਾਂਦਾ ਹੈ ਜਦ ਉਸ ਦੀ ਹੀਰੋਇਨ ਨੂੰ ਸਿੱਖ ਪਰਿਵਾਰ ਵਿੱਚ ਸ਼ਰਾਬ ਪੀਂਦੀ ਅਤੇ ਸਿਗਰਟ ਪੀਂਦੀ ਦਿਖਾਇਆ ਜਾਂਦਾ ਹੈ। ਕੀ ਤੈਨੂੰ ਇਹ ਵੀ ਪਤਾ ਹੈ ਕਿ ਕਰੋੜਾਂ ਨੌਜਵਾਨ ਤੈਨੂੰ ਰੋਲ ਮਾਡਲ ਮੰਨਦੇ ਹਨ ? ਤੇਰੀ ਚੁੱਪੀ ਤੇਰਾ ਦੋਸ਼ ਹੈ। ਸ਼ਰਮ ਆਉਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬੀ ਸਿਨੇਮਾ ਪਹਿਲਾਂ ਹੀ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਬੰਦੂਕਾਂ, ਨਸ਼ਿਆਂ, ਅਸ਼ਲੀਲਤਾ ਅਤੇ ਗੈਂਗਸਟਰ ਸਭਿਆਚਾਰ ਨਾਲ ਜ਼ਹਿਰ ਦੇ ਚੁੱਕਾ ਹੈ। ਹੁਣ ਇਹ ਹੋਰ ਵੀ ਹੇਠਾਂ ਡਿੱਗ ਗਿਆ ਹੈ, ਸਿੱਖ ਔਰਤਾਂ ਨੂੰ ਹੁੱਕਾ, ਸ਼ਰਾਬ ਅਤੇ ਸਿਗਰਟ ਦੀ ਗੰਦਗੀ ਵਿੱਚ ਘਸੀਟ ਕੇ। ਇਹ ਸਿੱਖ ਆਸਥਾ, ਪੰਜਾਬੀ ਸਭਿਆਚਾਰ ਅਤੇ ਵਿਰਾਸਤ 'ਤੇ ਮਨੋਵਿਗਿਆਨਕ ਹਮਲਾ ਹੈ।

ਗਰੇਵਾਲ ਨੇ ਕਿਹਾ ਕਿ ਇਹ ਸਸਤੀ ਗੰਦਗੀ ਸਿਰਫ਼ ਬਾਕਸ ਆਫ਼ਿਸ ਦੇ ਪੈਸਿਆਂ ਲਈ ਹੈ।

ਇਹ ਰੁਝਾਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਉਹਨਾਂ ਦੀਆਂ ਜੜ੍ਹਾਂ ਤੋਂ ਕੱਟ ਦੇਵੇਗਾ। ਉਹ ਐਨਆਰਆਈ ਜੋ ਸਿਰਫ਼ ਫ਼ਿਲਮਾਂ ਅਤੇ ਗਾਣਿਆਂ ਰਾਹੀਂ ਪੰਜਾਬ ਨੂੰ ਜਾਣਦੇ ਹਨ, ਉਨ੍ਹਾਂ ਲਈ ਇਹ ਹੋਰ ਵੀ ਖ਼ਤਰਨਾਕ ਹੈ। ਇਹ ਸਿਨੇਮਾ ਨਹੀਂ, ਇਹ ਲਾਲਚ, ਬੇਸ਼ਰਮੀ ਅਤੇ ਸਿੱਖ-ਵਿਰੋਧੀ ਨਫ਼ਰਤ ਤੋਂ ਜੰਮਿਆ ਸੱਭਿਆਚਾਰਕ ਵਿਸ਼ਵਾਸਘਾਤ ਹੈ।

ਉਨ੍ਹਾਂ ਕਿਹਾ ਕਿ ਸਰਵੋਚ ਨਿਆਂਲਯ ਪਹਿਲਾਂ ਹੀ ਸਰਵਜਨਿਕ ਆਵਾਜਾਈ ਵਿੱਚ ਅਸ਼ਲੀਲ ਅਤੇ ਹਿੰਸਕ ਗਾਣਿਆਂ, ਵੀਡੀਓ 'ਤੇ ਪਾਬੰਦੀ ਲਾ ਚੁੱਕਾ ਹੈ। ਹੁਣ ਭਾਰਤ ਦਾ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ, ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਸ਼੍ਰੀ ਅਸ਼ਵਨੀ ਵੈਸ਼ਣਵ ਅਤੇ ਕੇਂਦਰੀ ਫ਼ਿਲਮ ਸੈਂਸਰ ਬੋਰਡ ਤੁਰੰਤ ਸਖ਼ਤ ਕਾਰਵਾਈ ਕਰਨ ਇਸ ਫ਼ਿਲਮ 'ਤੇ ਰੋਕ ਲਗਾਉਣ, ਇਸਦੀ ਰਿਲੀਜ਼ ਰੋਕਣ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ।

ਗਰੇਵਾਲ ਨੇ ਕਿਹਾ ਕਿ ਦੁਨੀਆ ਭਰ ਦੇ ਪੰਜਾਬੀ ਜਾਗਣ। ਇਹ ਮਨੋਰੰਜਨ ਨਹੀਂ, ਇਹ ਸਿਨੇਮਾ ਦੇ ਨਾਮ 'ਤੇ ਸੱਭਿਆਚਾਰਕ ਕਤਲੇਆਮ ਹੈ। ਸਿੱਖ ਮਹਿਲਾਵਾਂ ਮਰਿਆਦਾ, ਇਜ਼ਤ ਅਤੇ ਆਤਮ-ਸਨਮਾਨ ਦੀ ਨਿਸ਼ਾਨੀ ਹਨ।

## ਸੰਪਾਦਕੀ

# ਪੰਜਾਬ ’ਚ ਆਫ਼ਤ ਅਜੇ ਖ਼ਤਮ ਨਹੀਂ ਹੋਈ

ਪੰਜਾਬ ਵਿੱਚ ਹੜ੍ਹਾਂ ਦਾ ਪਾਣੀ ਘਟਣਾ ਸ਼ੁਰੂ ਹੋ ਗਿਆ ਹੈ, ਪਰ ਆਫ਼ਤ ਅਜੇ ਖ਼ਤਮ ਨਹੀਂ ਹੋਈ। ਇਹ ਹਾਲ ਦੇ ਦਹਾਕਿਆਂ ’ਚ ਸਭ ਤੋਂ ਭੈੜੇ ਹੜ੍ਹਾਂ ਵਿੱਚੋਂ ਇੱਕ ਸੀ, ਜਿਸ ਨੇ ਸਾਰੇ 23 ਜ਼ਿਲ੍ਹਿਆਂ ਨੂੰ ਪ੍ਰਭਾਵਿਤ ਕੀਤਾ ਅਤੇ 2,000 ਤੋਂ ਵੱਧ ਪਿੰਡਾਂ ਦੇ ਲਗਭਗ 20 ਲੱਖ ਲੋਕਾਂ ਨੂੰ ਮਾਰ ਪਈ। ਲੱਖਾਂ ਲੋਕ ਬੇਘਰ ਹੋਏ ਅਤੇ 50 ਤੋਂ ਵੱਧ ਲੋਕ ਹੜ੍ਹਾਂ ਨਾਲ ਸਬੰਧਿਤ ਘਟਨਾਵਾਂ ਵਿੱਚ ਮਾਰੇ ਗਏ। ਜ਼ਾਹਿਰ ਹੈ, ਖੇਤੀਬਾੜੀ ਖੇਤਰ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ; 1.7 ਲੱਖ ਹੈਕਟੇਅਰ ਤੋਂ ਵੱਧ ਖੇਤੀਯੋਗ ਜ਼ਮੀਨ ਪਾਣੀ ਵਿੱਚ ਡੁੱਬ ਗਈ। ਫ਼ਸਲਾਂ ਨੂੰ ਨੁਕਸਾਨ ਪਹੁੰਚਿਆ ਹੈ ਅਤੇ ਲੱਖਾਂ ਪਸ਼ੂਆਂ ਤੇ ਮੁਰਗੀਆਂ ਬਗੈਰਾ ਨੂੰ ਚਾਰੇ-ਦਾਣੇ ਅਤੇ ਆਸਰੇ ਤੋਂ ਬਿਨਾਂ ਰਹਿਣਾ ਪਿਆ ਹੈ। ਪਿੰਡਾਂ ਵਿੱਚ ਘਰਾਂ ਅਤੇ ਹੋਰ ਬੁਨਿਆਦੀ ਢਾਂਚੇ ਦਾ ਵੱਡਾ ਨੁਕਸਾਨ ਹੋਇਆ ਹੈ। ਹੜ੍ਹਾਂ ਤੋਂ ਬਾਅਦ ਦੇ ਹਾਲਾਤ ਹੋਰ ਵੀ ਚੁਣੌਤੀਪੂਰਨ ਹਨ। ਸਿਹਤ ਤੰਤਰ ਅਤੇ ਖੇਤੀ ਨੂੰ ਸਭ ਤੋਂ ਪਹਿਲਾਂ ਪੈਰਾਂ ਸਿਰ ਕਰਨਾ ਜ਼ਰੂਰੀ ਹੈ। ਖੜ੍ਹਾ ਪਾਣੀ ਮੱਛਰ ਪੈਦਾ ਕਰਦਾ ਹੈ, ਜਿਸ ਨਾਲ ਮਲੇਰੀਆ, ਡੇਂਗੂ ਤੇ ਚਿਕਨਗੁਨੀਆ ਹੋ ਸਕਦਾ ਹੈ। ਪੀਣ ਵਾਲਾ ਪਾਣੀ ਦੂਸ਼ਿਤ ਰਹਿੰਦਾ ਹੈ ਤਾਂ ਟਾਈਫਾਈਡ, ਦਸਤ ਤੇ ਹੈਪੇਟਾਈਟਸ ਵਰਗੀਆਂ ਬਿਮਾਰੀਆਂ ਵਧ ਸਕਦੀਆਂ ਹਨ। ਸੱਪ ਡਸਣ ਦਾ ਖ਼ਤਰਾ ਵੀ ਵਧ ਗਿਆ ਹੈ। ਜ਼ਮੀਨ ਦਾ ਵੱਡਾ ਹਿੱਸਾ ਗਾਰ ਅਤੇ ਰੇਤ ਹੇਠ ਹੈ, ਇਸ ਲਈ ਅਗਲੇ ਬਿਜਾਈ ਦੇ ਸੀਜ਼ਨ ਤੋਂ ਪਹਿਲਾਂ ਜ਼ਮੀਨ ਨੂੰ ਸੁਧਾਰਨ ਲਈ ਉਪਾਅ ਕਰਨੇ ਪੈਣਗੇ। ਝੋਨੇ ਦੀ ਖੜ੍ਹੀ ਫ਼ਸਲ ਦੀ ਬਰਬਾਦੀ ਅਤੇ ਦੇਰੀ ਨਾਲ ਕਣਕ ਦੀ ਬਿਜਾਈ ਫ਼ਸਲੀ ਚੱਕਰ ਨੂੰ ਵੀ ਪ੍ਰਭਾਵਿਤ ਕਰੇਗੀ। ਜਦੋਂ ਫ਼ਸਲਾਂ ਦਾ ਨੁਕਸਾਨ ਸਾਫ਼ ਦਿਸ ਰਿਹਾ ਹੈ, ਇਸ ਸੂਰਤ ਵਿੱਚ ਕਿਸਾਨਾਂ ਦੀ ਮਦਦ ਲਈ ਫੌਰੀ ਕਦਮ ਚੁੱਕਣ ਦੀ ਲੋੜ ਹੈ। ਸਰਕਾਰ ਨੂੰ ਸਿਹਤ ਤੇ ਸਿੱਖਿਆ ਦੇ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਹੜ੍ਹ ਦੇ ਪਾਣੀ ਨੇ 1,280 ਡਿਸਪੈਂਸਰੀਆਂ, ਸਿਹਤ ਤੇ ਤੰਦਰੁਸਤੀ ਕੇਂਦਰਾਂ, 100 ਤੋਂ ਵੱਧ ਕਮਿਊਨਿਟੀ ਹੈਲਥ ਸੈਂਟਰਾਂ ਅਤੇ 31 ਸਬ ਡਿਵੀਜ਼ਨਲ ਹਸਪਤਾਲ ਪਾਣੀ ’ਚ ਡੁਬੋ ਦਿੱਤੇ, ਜਿਸ ਨਾਲ ਜ਼ਰੂਰੀ ਸੇਵਾਵਾਂ ’ਚ ਵਿਘਨ ਪਿਆ ਅਤੇ ਕਈ ਸੌ ਕਰੋੜ ਰੁਪਏ ਦੇ ਯੰਤਰਾਂ ਨੂੰ ਨੁਕਸਾਨ ਪਹੁੰਚਿਆ ਹੈ। ਇਹ ਦੋਹਰਾ ਝਟਕਾ ਹੈ। ਸਿਹਤ ਸੰਭਾਲ ’ਚ ਰੁਕਾਵਟ ਉਦੋਂ ਪਈ, ਜਦ ਬਿਮਾਰੀਆਂ ਫੈਲਣ ਤੋਂ ਰੋਕਣ ਲਈ ਇਸ ਦੀ ਸਭ ਤੋਂ ਵੱਧ ਲੋੜ ਸੀ।ਸਿੱਖਿਆ ਢਾਂਚੇ ਦਾ ਵੀ ਵਿਆਪਕ ਨੁਕਸਾਨ ਹੋਇਆ ਹੈ। ਵੱਖ-ਵੱਖ ਜ਼ਿਲ੍ਹਿਆਂ ਵਿਚ ਲਗਭਗ 3,300 ਸਰਕਾਰੀ ਤੇ ਪ੍ਰਾਈਵੇਟ ਸਕੂਲ ਪ੍ਰਭਾਵਿਤ ਹੋਏ ਹਨ। ਹੜ੍ਹਾਂ ਕਾਰਨ ਸਕੂਲ ਬੰਦ ਕਰਨੇ ਪਏ ਅਤੇ ਇਨ੍ਹਾਂ ਵਿੱਚੋਂ ਕਈ ਇਸ ਹੱਦ ਤੱਕ ਨੁਕਸਾਨੇ ਗਏ ਕਿ ਕੁਝ ਹੋਰ ਸਮੇਂ ਲਈ ਕੰਮ ਨਹੀਂ ਕਰ ਸਕਣਗੇ, ਵਿਸ਼ੇਸ਼ ਤੌਰ ’ਤੇ ਗੁਰਦਾਸਪੁਰ, ਫਿਰੋਜ਼ਪੁਰ ਤੇ ਫ਼ਾਜ਼ਿਲਕਾ ਦੇ ਸਭ ਤੋਂ ਵੱਧ ਪ੍ਰਭਾਵਿਤ ਖੇਤਰਾਂ ਵਿੱਚ। ਕਈ ਥਾਈਂ ਸਕੂਲ ਇਮਾਰਤਾਂ ਦੀ ਬਣਤਰ ਨੁਕਸਾਨੀ ਗਈ ਹੈ। ਇਉਂ ਹਜ਼ਾਰਾਂ ਬੱਚਿਆਂ ਦੀ ਪੜ੍ਹਾਈ ਵਿੱਚ ਵਿਘਨ ਪਿਆ ਹੈ। ਪੰਜਾਬ ਦੀ ਆਫ਼ਤ ਪ੍ਰਬੰਧਨ ਯੋਜਨਾ (ਐੱਸ ਡੀ ਐੱਮ ਪੀ) ਜੋਖ਼ਿਮ ਦੇ ਉੱਚੇ ਪੱਧਰ ਕਾਰਨ ਹੜ੍ਹਾਂ ਨੂੰ ਵੱਡੇ ਖ਼ਤਰੇ ਵਜੋਂ ਮਾਨਤਾ ਦਿੰਦੀ ਹੈ। ਇਸ ਦੇ ਕਾਰਨਾਂ ਦੀ ਵੀ ਚੰਗੀ ਤਰ੍ਹਾਂ ਸ਼ਨਾਖ਼ਤ ਕੀਤੀ ਜਾ ਚੁੱਕੀ ਹੈ। ਲਗਭਗ 80 ਫ਼ੀਸਦੀ ਮੀਂਹ ਤਿੰਨ ਮਹੀਨਿਆਂ ਵਿੱਚ ਪੈਂਦਾ ਹੈ ਜੋ ਮੁੱਖ ਫ਼ਸਲੀ ਸੀਜ਼ਨ ਨਾਲ ਮੇਲ ਖਾਂਦੀ ਹੈ। ਬਰਸਾਤੀ ਮੈਦਾਨਾਂ ’ਤੇ ਕਬਜ਼ੇ ਵਧੇ ਹਨ, ਪਰ ਉੱਥੇ ਰਹਿਣ ਵਾਲਿਆਂ ਦੇ ਸਮਾਜਿਕ ਆਰਥਿਕ ਹਾਲਾਤ ਮਾੜੇ ਹਨ, ਕਿਉਂਕਿ ਸਥਾਨਕ ਅਰਥਚਾਰਾ ਮੁੱਖ ਤੌਰ ’ਤੇ ਮੌਨਸੂਨ ਵਾਲੇ ਝੋਨੇ ’ਤੇ ਨਿਰਭਰ ਹੈ। ਹੜ੍ਹ ਦੀ ਸੰਭਾਵਨਾ ਵਾਲੇ ਖੇਤਰਾਂ ਵਿੱਚ ਬਹੁਤ ਘੱਟ ਜਾਂ ਬਿਲਕੁਲ ਵੀ ਜੰਗਲਾਤ ਨਹੀਂ। ਬਿਆਸ, ਸਤਲੁਜ, ਰਾਵੀ ਅਤੇ ਕੁਝ ਹੱਦ ਤੱਕ ਘੱਗਰ ਦੀ ਹੜ੍ਹ ਲਿਆਉਣ ਵਾਲੇ ਦਰਿਆਵਾਂ ਵਜੋਂ ਸ਼ਨਾਖ਼ਤ ਕੀਤੀ ਗਈ ਹੈ। ਸਾਲਾਂ ਦੌਰਾਨ ਜਲ ਭੰਡਾਰਾਂ ਅਤੇ ਬੰਨ੍ਹਾਂ ਦੇ ਨਿਰਮਾਣ ਦੁਆਰਾ ਬਿਆਸ, ਸਤਲੁਜ ਤੇ ਰਾਵੀ ਵਿੱਚ ਹੜ੍ਹ ਦੀ ਸਮੱਸਿਆ ਨੂੰ ਘਟਾਇਆ ਗਿਆ ਹੈ, ਪਰ ਜਲ ਭੰਡਾਰਾਂ ਤੋਂ ਵਾਧੂ ਪਾਣੀ ਛੱਡਣ ਅਤੇ ਬੰਨ੍ਹਾਂ ਵਿੱਚ ਦਰਾੜਾਂ ਆਉਣ ਕਾਰਨ ਹੜ੍ਹ ਦਾ ਖ਼ਤਰਾ ਬਣਿਆ ਹੋਇਆ ਹੈ। ਆਮ ਹਾਲਾਤ ’ਚ ਪਾਣੀ ਨਾਲ ਜ਼ਮੀਨ ਦੇ ਖੁਰਨ ਦੀ ਸਮੱਸਿਆ ਵੀ ਗੰਭੀਰ ਹੈ। ਲਗਭਗ 60 ਫ਼ੀਸਦੀ ਮਿੱਟੀ ਜੋ ਪਾਣੀ ਨਾਲ ਰੁੜ੍ਹ ਜਾਂਦੀ ਹੈ, ਉਹ ਦਰਿਆਵਾਂ, ਨਾਲਿਆਂ ਅਤੇ ਝੀਲਾਂ ਵਿੱਚ ਬੈਠ ਜਾਂਦੀ ਹੈ, ਜਿਸ ਨਾਲ ਜਲ ਮਾਰਗਾਂ ’ਚ ਹੜ੍ਹ ਆਉਣ ਦਾ ਖ਼ਦਸ਼ਾ ਵਧ ਜਾਂਦਾ ਹੈ, ਤੇ ਨਾਲ ਹੀ ਖਾਦਾਂ ਤੇ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ ਨਾਲ ਜਲ ਨਿਕਾਸ ਪ੍ਰਣਾਲੀਆਂ ਦੂਸ਼ਿਤ ਹੋ ਜਾਂਦੀਆਂ ਹਨ। ਬੰਨ੍ਹ ਮਜ਼ਬੂਤ ਕਰਨ, ਨਿਕਾਸੀ ਪ੍ਰਬੰਧ ਸੁਧਾਰਨ, ਨਦੀਆਂ ਵਿੱਚੋਂ ਗਾਰ ਕੱਢਣ, ਕਬਜ਼ੇ ਰੋਕਣ, ਪਿੰਡਾਂ ਦੇ ਛੱਪੜ ਸੁਰਜੀਤ ਕਰਨ, ਜਲ ਸੰਭਾਲ ਢਾਂਚਿਆਂ ਦੇ ਨਿਰਮਾਣ ਅਤੇ ਨਹਿਰਾਂ ਤੇ ਦਰਿਆਵਾਂ ’ਚ ਕੂੜਾ ਸੁੱਟਣ ਤੋਂ ਰੋਕਣ ਵਰਗੇ ਹੜ੍ਹਾਂ ਤੋਂ ਬਚਾਅ ਦੇ ਕਈ ਉਪਾਅ ਦੱਸਣ ਤੋਂ ਇਲਾਵਾ, ਐੱਸ ਡੀ ਐੱਮ ਪੀ ਨੇ ਬਹੁਤੇ ਹੜ੍ਹ ਦੇ ਜੋਖ਼ਿਮ ਵਾਲੇ ਖੇਤਰਾਂ ਲਈ ਜ਼ਿਲ੍ਹਿਆਂ ਮੁਤਾਬਿਕ ਕਦਮ ਵੀ ਸੁਝਾਏ ਹਨ। ਹੜ੍ਹਾਂ ਦੌਰਾਨ ਸਿਹਤ ਕੇਂਦਰਾਂ ਅਤੇ ਸਕੂਲਾਂ ਵਰਗੇ ਜ਼ਰੂਰੀ ਬੁਨਿਆਦੀ ਢਾਂਚੇ ਨੂੰ ਹੋਏ ਨੁਕਸਾਨ ਦੇ ਮੱਦੇਨਜ਼ਰ, ਜ਼ਰੂਰੀ ਹੋ ਗਿਆ ਹੈ ਕਿ ਉਸਾਰੀ ਕਰਨ ਅਤੇ ਥਾਂ ਚੁਣਨ ਲੱਗਿਆਂ ਨਵੀਆਂ ਤਕਨੀਕਾਂ ਅਪਨਾ ਕੇ ਉਨ੍ਹਾਂ ਨੂੰ ਸੁਰੱਖਿਅਤ ਬਣਾਇਆ ਜਾਵੇ। ਇਉਂ ਨੁਕਸਾਨ ਘਟਾਇਆ ਜਾ ਸਕਦਾ ਹੈ। ਇਹ ਸਹੂਲਤਾਂ ਕਿਸੇ ਵੀ ਤਰ੍ਹਾਂ ਦੀ ਆਫ਼ਤ ਦੌਰਾਨ ਚਾਲੂ ਰੱਖੀਆਂ ਜਾ ਸਕਦੀਆਂ ਹਨ। ਕੇਰਲਾ, ਜਿਸ ਨੂੰ ਹਰ ਸਾਲ ਹੜ੍ਹ ਵਰਗੀ ਹਾਲਤ ਦਾ ਸਾਹਮਣਾ ਕਰਨਾ ਪੈਂਦਾ ਹੈ, ਨੇ ਆਪਣੇ ਦਿਹਾਤੀ ਸਿਹਤ ਢਾਂਚੇ ਨੂੰ ਆਫ਼ਤਾਂ ਵਿੱਚ ਕਾਇਮ ਰੱਖਣ ਲਈ ਕਦਮ ਚੁੱਕੇ ਹਨ। 2018 ਦੇ ਹੜ੍ਹਾਂ ਵਿੱਚ ਉੱਥੇ 330 ਤੋਂ ਵੱਧ ਸਿਹਤ ਸਹੂਲਤਾਂ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ ’ਤੇ ਨੁਕਸਾਨੀਆਂ ਗਈਆਂ ਸਨ। ਪੂਰੀ ਤਰ੍ਹਾਂ ਨੁਕਸਾਨੀਆਂ ਸਿਹਤ ਸਹੂਲਤਾਂ ਨੂੰ ਦੁਬਾਰਾ ਬਣਾਉਣ ਦੌਰਾਨ ਸੂਬਾਈ ਅਥਾਰਿਟੀ ਨੇ ਹਰੇਕ ਸਥਾਨ ਦਾ ਜੋਖ਼ਿਮ ਦੇ ਪੱਖ ਤੋਂ ਵਿਸਥਾਰ ਵਿੱਚ ਮੁਲਾਂਕਣ ਕੀਤਾ, ਡਿਜ਼ਾਈਨ ਵਿੱਚ ਅਹਿਮ ਤਬਦੀਲੀਆਂ ਕੀਤੀਆਂ ਤੇ ਮਜ਼ਬੂਤ ਨਿਰਮਾਣ ਤਕਨੀਕਾਂ ਤੇ ਸਮੱਗਰੀਆਂ ਦੀ ਵਰਤੋਂ ਕੀਤੀ। ਜਿਹੜੇ ਅੰਸ਼ਕ ਤੌਰ ’ਤੇ ਨੁਕਸਾਨੇ ਗਏ, ਉਨ੍ਹਾਂ ਦੀ ਵੀ ਇਸੇ ਤਰ੍ਹਾਂ ਮੁਰੰਮਤ ਕੀਤੀ ਗਈ। ਸਿਰਫ਼ ਡਿਜ਼ਾਈਨ ’ਚ ਹਲਕੀ ਤਬਦੀਲੀ ਦੀ ਲੋੜ ਹੈ। ਉਦਾਹਰਨ ਵਜੋਂ, ਕੇਰਲਾ ’ਚ ਸਾਰੇ ਪ੍ਰਾਇਮਰੀ ਸਿਹਤ ਕੇਂਦਰ ਪਹਿਲਾਂ ਇੱਕ ਮੰਜ਼ਿਲਾ ਸਨ, ਜੋ ਉਨ੍ਹਾਂ ਨੂੰ ਹੜ੍ਹ ਦੇ ਖ਼ਤਰੇ ਦੇ ਘੇਰੇ ਵਿਚ ਲਿਆਉਂਦਾ ਸੀ। ਨਵੇਂ ਬਣਾਏ ਜਾ ਰਹੇ ਕੇਂਦਰ ਬਹੁ-ਮੰਜ਼ਿਲਾ ਹਨ, ਜਿਨ੍ਹਾਂ ਦੀਆਂ ਉਪਰਲੀਆਂ ਮੰਜ਼ਿਲਾਂ ’ਤੇ ਡਾਇਗਨੌਸਟਿਕ ਯੰਤਰ, ਫਾਰਮੇਸੀ, ਮੈਡੀਕਲ ਰਿਕਾਰਡ ਅਤੇ ਬਿਜਲੀ ਸਪਲਾਈ ਬੈਕਅੱਪ ਰੱਖਿਆ ਜਾਂਦਾ ਹੈ। ਇਉਂ, ਜੇ ਹੜ੍ਹ ਦਾ ਪਾਣੀ ਸਿਹਤ ਕੇਂਦਰ ਵਿੱਚ ਦਾਖ਼ਲ ਵੀ ਹੋ ਜਾਂਦਾ ਹੈ ਤਾਂ ਜ਼ਰੂਰੀ ਯੰਤਰ ਅਤੇ ਰਿਕਾਰਡ ਪਹਿਲੀ ਮੰਜ਼ਿਲ ’ਤੇ ਸੁਰੱਖਿਅਤ ਰਹਿਣਗੇ। ਕੌਮੀ ਆਫ਼ਤ ਪ੍ਰਬੰਧਨ ਅਥਾਰਿਟੀ ਦੇ ਹਸਪਤਾਲ ਸਬੰਧੀ ਹਿਫ਼ਾਜ਼ਤੀ ਦਿਸ਼ਾ-ਨਿਰਦੇਸ਼ਾਂ ਵਿੱਚ ਇਹ ਸ਼ਰਤ ਹੈ ਕਿ ਦੇਸ਼ ’ਚ ਹਰੇਕ ਹਸਪਤਾਲ ਸਿਹਤ ਸੰਭਾਲ ਸਹੂਲਤਾਂ ਲਈ ਘੱਟੋ-ਘੱਟ ਲੋੜੀਂਦੇ ਮਿਆਰ ਸਪੱਸ਼ਟ ਕਰੇ।

# ਸੈਂਕੜੇ ਰਾਮ ਭਗਤਾਂ ਦੀ ਹਾਜ਼ਰੀ ’ਚ ਸ੍ਰੀ ਰਾਮਲੀਲਾ ਦੇ ਮੰਚਨ ਲਈ ਝੰਡਾ ਲਹਿਰਾਇਆ



**ਮਲੇਰਕੋਟਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਰਾਮਲੀਲਾ ਕਮੇਟੀ (ਰਜਿ.) ਮਾਲੇਰਕੋਟਲਾ ਵੱਲੋਂ ਆਯੋਜਿਤ ਰਾਮਲੀਲਾ ਦੇ ਮੰਚਨ ਦੀ ਸ਼ੁਰੂਆਤ ਕਰਨ ਲਈ ਅੱਜ ਸੈਂਕੜੇ ਰਾਮ ਭਗਤਾਂ ਦੀ ਹਾਜ਼ਰੀ ’ਚ ਝੰਡਾ ਰਸਮ ਦਾ ਆਯੋਜਨ ਕੀਤਾ ਗਿਆ ਜਿਸ ’ਚ ਸ਼ਹਿਰ ਦੇ ਉੱਘੇ ਕਾਰੋਬਾਰੀ ਸ੍ਰੀ ਬੀਮਾ ਕੁਮਾਰ ਜੈਨ ਅਤੇ ਮਸ਼ਹੂਰ ਵਕੀਲ ਸ੍ਰੀ ਸੁਸ਼ੀਲ ਸ਼ਰਮਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਸ੍ਰੀ ਰਾਜ ਕੁਮਾਰ ਅਤੇ ਸ੍ਰੀ ਆਦਰਸ਼ ਕੁਮਾਰ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਉਦਯੋਗਪਤੀ ਬੀਮਾ ਕੁਮਾਰ ਜੈਨ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਸ਼੍ਰੀ ਰਾਮਲੀਲਾ ਵਰਗੇ ਸਨਾਤਨ ਧਾਰਮਿਕ ਸਮਾਗਮਾਂ ਵਿੱਚ ਸਰਗਰਮੀ ਨਾਲ ਹਿੱਸਾ ਲੈਣਾ ਚਾਹੀਦਾ ਹੈ, ਕਿਉਂਕਿ ਇਹ ਸਾਨੂੰ ਕਦਰਾਂ-ਕੀਮਤਾਂ ਬਾਰੇ ਸਿਖਾਉਂਦਾ ਹੈ ਅਤੇ ਪ੍ਰੇਰਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸਾਰੇ ਹਿੰਦੂ ਸੰਗਠਨਾਂ ਨੂੰ ਅਪੀਲ ਹੈ ਕਿ ਉਹ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਉਨ੍ਹਾਂ ਨੂੰ ਸ਼੍ਰੀ ਰਾਮਲੀਲਾ ਪ੍ਰਦਰਸ਼ਨ ਦੇਖਣ ਲਈ ਭੇਜਣ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਸਾਡੇ ਪ੍ਰਾਚੀਨ ਸਨਾਤਨ ਇਤਿਹਾਸ ਬਾਰੇ ਜਾਣ ਸਕਣ। ਇਸ ਮੌਕੇ ਅਰਵਿੰਦ ਭਾਰਦਵਾਜ, ਨਰਿੰਦਰ ਸੂਦ, ਸ਼੍ਰੀ ਕਾਲੀ ਮਾਤਾ ਮੰਦਿਰ ਕਮੇਟੀ ਦੇ ਪ੍ਰਧਾਨ ਅਨਿਲ ਮੋਦੀ, ਨਿਤੀਸ਼ ਹਸੀਜਾ, ਅੰਕਿਤ ਭਾਟੀਆ, ਅਕਾਸ਼ ਗੁਪਤਾ, ਰਾਜ ਗਾਬਾ, ਵਿਪੁਲ ਜੈਨ, ਕਮਲ ਨੇਤਰ ਵਧਾਵਨ, ਅਨਿਲ ਭਾਰਤੀ, ਵੈਦ ਮੋਹਨ ਲਾਲ, ਪ੍ਰਦੀਪ ਓਸਵਾਲ, ਦਵਿੰਦਰ ਸਿੰਘ, ਕਰਮ ਚੰਦ ਗੋਇਲ, ਬੇਅੰਤ ਕਿੰਗਰ, ਰਾਕੇਸ਼ ਸ਼ਰਮਾ, ਧਰਮਿੰਦਰ ਕੁਮਾਰ, ਕੁਲਦੀਪ ਸ਼ਰਮਾ ਤੋਂ ਇਲਾਵਾ 30 ਬਾਲ ਕਲਾਕਾਰ ਮੌਜੂਦ ਸਨ।

# ਪ੍ਰੋਫੈਸਰ ਮੋਹਨ ਸਿੰਘ ਮੇਲੇ ਦੇ ਆਯੋਜਨ ਸਬੰਧੀ ਮੀਟਿੰਗ 29 ਸਤੰਬਰ ਨੂੰ ਹੋਵੇਗੀ : ਧਾਲੀਵਾਲ/ਲਵਲੀ

**ਲੁਧਿਆਣਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੋਫੈਸਰ ਮੋਹਨ ਸਿੰਘ ਮੇਲੇ ਦੇ ਆਯੋਜਨ ਸਬੰਧੀ ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੀ ਇੱਕ ਅਹਿਮ ਮੀਟਿੰਗ 29 ਸਤੰਬਰ ਨੂੰ ਹੋਵੇਗੀ।

ਇੱਥੇ ਜਾਰੀ ਇੱਕ ਬਿਆਨ ਵਿੱਚ, ਫਾਊਂਡੇਸ਼ਨ ਦੇ ਚੇਅਰਮੈਨ ਗੁਰਨਾਮ ਸਿੰਘ ਧਾਲੀਵਾਲ ਅਤੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਨੇ ਦੱਸਿਆ ਕਿ ਇਹ ਮੀਟਿੰਗ 29 ਸਤੰਬਰ, ਦਿਨ ਸੋਮਵਾਰ ਨੂੰ ਲੁਧਿਆਣਾ ਦੇ ਆਰਤੀ ਚੌਂਕ ਨੇੜੇ ਗੁਰਦੇਵ ਨਗਰ ਵਿਖੇ ਸਵ. ਸ. ਜਗਦੇਵ ਸਿੰਘ ਜੱਸੋਵਾਲ ਦੇ ਘਰ ਆਲ੍ਹਣਾ ਵਿਖੇ ਬਾਅਦ ਦੁਪਹਿਰ 3 ਵਜੇ ਹੋਵੇਗੀ।



ਮੀਟਿੰਗ ਦੌਰਾਨ ਮੇਲੇ ਦੀ ਕਾਰਜਕਾਰਨੀ ਕਮੇਟੀ ਵੱਲੋਂ ਆਯੋਜਨ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਜਿਕਰਯੋਗ ਹੈ ਕਿ ਪ੍ਰੋਫੈਸਰ ਮੋਹਨ ਸਿੰਘ ਮੇਲਾ ਮਰਹੂਮ ਜਗਦੇਵ ਸਿੰਘ ਜੱਸੋਵਾਲ ਵੱਲੋਂ ਆਪਣੇ ਦੋਸਤ ਦੀ ਯਾਦ ਵਿੱਚ ਆਪਣੇ ਵਾਅਦੇ ਨੂੰ ਪੂਰਾ ਕਰਦਿਆਂ ਸ਼ੁਰੂ ਕੀਤਾ ਗਿਆ ਸੀ।

# ਹੈਲਥ ਇੰਸਪੈਕਟਰ ਬਿਕਰਮਜੀਤ ਸਿੰਘ ਦੀ ਅਗਵਾਈ ਹੇਠ ਆਰਡੀ ਕਿੱਟਾਂ ਰਾਹੀਂ ਕੀਤੇ ਟੈਸਟ

**ਅੰਮ੍ਰਿਤਸਰ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਡਾ. ਸਵਰਨਜੀਤ ਧਵਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਹਰਜੋਤ ਕੌਰ ਦੀ ਯੋਗ ਅਗਵਾਈ ਹੇਠ ਡੇਂਗੂ ’ਤੇ ਵਾਰ ਮੁਹਿੰਮ ਤਹਿਤ ਜ਼ਿਲ੍ਹੇ ਭਰ ਵਿੱਚ ਡੇਂਗੂ ਵਿਰੋਧੀ ਸਰਗਰਮੀਆਂ ਨੂੰ ਜਾਰੀ ਰੱਖਦਿਆਂ ਅੰਮ੍ਰਿਤਸਰ ਦੇ ਯੂਪੀਐਚਸੀ ਭਗਤਾਂ ਵਾਲਾ ਦੇ ਗੁਜਰਪੁਰਾ ਵਿਖੇ ਹੈਲਥ ਇੰਸਪੈਕਟਰ ਬਿਕਰਮਜੀਤ ਸਿੰਘ ਜੀ ਅਗਵਾਈ ਹੇਠ ਸਿਹਤ ਵਿਭਾਗ ਦੀ ਟੀਮ ਨੇ ਆਰਡੀ ਕਿੱਟਾਂ ਰਾਹੀਂ ਟੈਸਟ ਕੀਤੇ ਅਤੇ ਆਮ ਲੋਕਾਂ ਨੂੰ ਡੇਂਗੂ ਅਤੇ ਚਿਕਨ ਗੁਣੀਆਂ ਤੋਂ ਬਚਾ ਦੀ ਜਾਣਕਾਰੀ ਦਿੱਤੀ।



ਗੁਜਰਪੁਰਾ ਵਿਖੇ ਵੱਖ-ਵੱਖ ਫੁਲਵਾੜੀਆਂ ਵਿੱਚ ਹੈਲਥ ਇੰਸਪੈਕਟਰ ਬਿਕਰਮਜੀਤ ਸਿੰਘ ਦੀ ਅਗਵਾਈ ਹੇਠ ਵਿੱਚ ਡੇਂਗੂ ਜਾਗਰੂਕਤਾ, ਲਾਰਵਾ ਦੀ ਚੈਕਿੰਗ ਅਤੇ ਸਪਰੇਅ ਲਈ ਟੀਮਾਂ ਨੂੰ ਰਵਾਨਾ ਕੀਤਾ ਗਿਆ ।

ਇਸ ਮੌਕੇ ਹੈਲਥ ਇੰਸਪੈਕਟਰ ਬਿਕਰਮਜੀਤ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਵੀ ਟੀਮਾਂ ਬਣਾ ਕੇ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਵਿੱਚ ਜਾ ਕੇ ਇਨ੍ਹਾਂ ਸਰਗਰਮੀਆਂ ਦੀ ਚੈਕਿੰਗ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਚੈਕਿੰਗ ਦੌਰਾਨ ਕੂਲਰਾਂ ਵਿੱਚ ਮਿਲਣ ਵਾਲੇ ਨੂੰ ਮੌਕੇ ’ਤੇ ਹੀ ਨਸ਼ਟ ਕੀਤਾ ਜਾਵੇਗਾ ਅਤੇ ਆਮ ਲੋਕਾਂ ਨੂੰ ਡੇਂਗੂ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਅੰਮ੍ਰਿਤਸਰ ਵੱਲੋਂ ਜ਼ਿਲ੍ਹਾ ਵਾਸੀਆਂ ਨੂੰ ਡੇਂਗੂ ਦੇ ਕਹਿਰ ਤੋਂ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਆਮ ਜਨਤਾ ਨੂੰ ਅਪੀਲ ਕੀਤੀ ਕਿ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਘਰ ਆਉਣ ਤੇ ਸਹਿਯੋਗ ਦਿੱਤਾ ਜਾਵੇ। ਉਹਨਾ ਨੇ ਦੱਸਿਆ ਕਿ ਡੇਂਗੂ ਏਡੀਜ਼ ਨਾਮ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਇੱਹ ਮੱਛਰ ਸਾਫ ਖੜੇ ਪਾਣੀ ਦੇ ਸੋਮੇ ਵਿੱਚ ਪੈਦਾ ਹੁੰਦਾ ਹੈ ਅਤੇ ਦਿਨ ਵੇਲੇ ਕੱਟਦਾ ਹੈ।

ਇਸ ਮੌਕੇ ਹੈਲਥ ਵਰਕਰ ਸੁਰਜੀਤ ਸਿੰਘ, ਹੈਲਥ ਵਰਕਰ ਦੀਪਕ ਕੁਮਾਰ, ਹੈਲਥ ਵਰਕਰ ਰਜੇਸ਼ ਕੁਮਾਰ ਹਾਜ਼ਰ ਸਨ।

# ਜਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਪੋਸ਼ਣ ਮਾਹ ਤਹਿਤ ਸਥਾਨਕ ਉਤਪਾਦਾਂ, ਖਿਡੌਣਿਆਂ ਆਦਿ ਦੀ ਵਰਤੋਂ ਪ੍ਰਤੀ ਕੀਤਾ ਗਿਆ ਜਾਗਰੂਕ

**ਤਰਨ ਤਾਰਨ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੁਆਰਾ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਹਿੱਤ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਜ਼ਿਲ੍ਹਾ ਤਰਨ ਤਾਰਨ ਵਿੱਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪੋਸ਼ਣ ਅਭਿਆਨ ਤਹਿਤ ਮਹੀਨਾ ਸਤੰਬਰ ਨੂੰ ਪੋਸ਼ਣ ਮਾਂਹ ਵਜੋਂ ਮਨਾਇਆ ਜਾ ਰਿਹਾ ਹੈ। ਜੋ ਕਿ ਇਸ ਸਾਲ 17 ਸਤੰਬਰ ਤੋਂ 16 ਅਕਤੂਬਰ 2025 ਤੱਕ ਸਮੂਹ ਆਂਗਣਵਾੜੀ ਸੈਂਟਰਾਂ ਵਿੱਚ ਮਨਾਇਆ ਜਾ ਰਿਹਾ ਹੈ।

ਜਿਲ੍ਹਾ ਪ੍ਰੋਗਰਾਮ ਅਫਸਰ ਤਰਨ ਤਾਰਨ ਸ਼੍ਰੀ ਰਾਹੁਲ ਅਰੋੜਾ ਨੇ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਜਿਸ ਵਿੱਚ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਵੱਲੋਂ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਰਾਹੀਂ ਹਰ ਰੋਜ਼ ਜਾਗਰੂਕਤਾ ਫੈਲਾਈ ਜਾਂਦੀ ਹੈ। ਇਸ ਸਾਲ ਵੀ ਪੋਸ਼ਣ ਮਾਂਹ ਵਿੱਚ ਵੱਖ-ਵੱਖ ਥੀਮ ਤਹਿਤ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ, ਜਿੰਨ੍ਹਾਂ ਦਾ ਉਦੇਸ਼ ਗਰਭਵਤੀ ਮਹਿਲਾਵਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਕਿਸ਼ੋਰੀਆਂ ਵਿੱਚ ਪੋਸ਼ਣ ਪ੍ਰਤੀ ਜਾਗਰੂਕਤਾ, ਬੱਚਿਆਂ ਦੀ ਸਿਹਤ ਜਾਂਚ ਅਤੇ ਵਾਧਾ, ਸਥਾਨਕ ਖਾਧ ਪਦਾਰਥਾਂ ਨਾਲ ਪੋਸ਼ਟਿਕ ਭੋਜਨ ਬਣਾਉਣ ਦੇ ਪ੍ਰਦਰਸ਼ਨ ਅਤੇ ਸਾਫ਼-ਸਫ਼ਾਈ ਪ੍ਰਤੀ ਜਾਗਰੂਕਤਾ ਫੈਲਾਉਣਾ ਹੈ।



ਉਨ੍ਹਾਂ ਕਿਹਾ ਕਿ ਅੱਜ ਪੋਸ਼ਣ ਮਾਹ ਦੇ ਥੀਮ ਅਨੁਸਾਰ ਸਥਾਨਕ ਉਤਪਾਦਾਂ, ਖਿਡੌਣਿਆਂ ਆਦਿ ਦੀ ਵਰਤੋਂ ਬਾਰੇ ਜਾਗਰੂਕਤਾ ਅਤੇ ਦੇਸੀ ਖਿਡੌਣੇ ਬਣਾਉਣ ਦੇ ਸ਼ੈਸ਼ਨ ਨੂੰ ਜਿਲ੍ਹਾ ਤਰਨ ਤਾਰਨ ਦੇ ਸਮੂਹ ਆਂਗਣਵਾੜੀ ਸੈਂਟਰਾਂ ਵਿੱਚ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਗਿਆ। ਖਿਡੌਣੇ ਬਚਪਨ ਦਾ ਇੱਕ ਮਹੱਤਵਪੂਰਨ ਹਿੱਸਾ ਹਨ, ਕਿਉਂਕਿ ਇਹ ਸਰੀਰਿਕ, ਮਾਨਸਿਕ, ਅਤੇ ਭਾਵਨਾ ਤਮਕ ਵਿਕਾਸ ਵਿੱਚ ਸਹਾਇਤਾ ਕਰਦੇ ਹਨ।

ਉਨ੍ਹਾਂ ਕਿਹਾ ਕਿ ਸਥਾਨਕ ਖਿਡੌਣੇ ਵੀ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਕਿਉਂਕਿ ਇਹ ਪ੍ਰਾਚੀਨ ਪੁਰਾਣਿਕ ਕਹਾਣੀਆਂ ਨੂੰ ਦਰਸ਼ਾਉਂਦੇ ਹਨ ਅਤੇ ਉਹ ਸੰਪ੍ਰਦਾਏ ਅਤੇ ਰੂਪਾਂ ਨੂੰ ਪ੍ਰਗਟਾਉਂਦੇ ਹਨ, ਜੋ ਕਿ ਸਮਾਜਾਂ ਵਿਚ ਮੌਜੂਦ ਹਨ। ਅੰਗਣਵਾੜੀ ਸੈਂਟਰਾਂ ਵਿੱਚ ਮਾਪਿਆਂ ਨੂੰ ਪ੍ਰੇਰਿਤ ਕੀਤਾ ਗਿਆ, ਕਿ ਬੱਚਿਆਂ ਨੂੰ ਦੇਸੀ ਅਤੇ ਸਥਾਨਕ ਖਿਡੌਣਿਆਂ ਬਾਰੇ ਦੱਸਿਆ ਜਾਵੇ, ਕਿਉਂਕਿ ਇਹ ਵਿਰਾਸਤ ਦੀ ਸੁਰੱਖਿਆ ਦਾ ਇੱਕ ਜਰੀਆ ਹੁੰਦੇ ਹਨ।

ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਮਹਿਲਾਵਾਂ ਅਤੇ ਬੱਚਿਆਂ ਦੀ ਪੋਸ਼ਣ ਸਿਹਤ ਲਈ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਜਾਰੀ ਰਹਿਣਗੀਆਂ, ਤਾਂ ਜੋ ਪੋਸ਼ਣ ਅਭਿਆਨ ਦੇ ਟੀਚੇ ਪੂਰੇ ਹੋ ਸਕਣ।

# ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਫਾਜਿਲਕਾ ਵਿਖੇ ਇਕ ਪਲੇਸਮੈਂਟ ਕੈਂਪ ਦਾ ਆਯੋਜਨ

**ਫਾਜ਼ਿਲਕਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਰੋਜ਼ਗਾਰ ਅਫਸਰ ਸ਼੍ਰੀਮਤੀ ਵੈਸ਼ਾਲੀ ਨੇ ਜਾਣਕਾਰੀ ਦਿੰਦੇ ਦੱਸਿਆਂ ਕਿ ਨੂੰ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ ਫਾਜਿਲਕਾ ਵਿਖੇ ਇਕ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਓਨ੍ਹਾ ਦੱਸਿਆਂ ਕਿ ਇਸ ਪਲੇਸਮੈਂਟ ਕੈਂਪ ਵਿੱਚ ਪੇਟੀਅਮ ਕੰਪਨੀ ਦੁਆਰਾ ਫੀਲਡ ਐਕਸੀਕੁਓਟਿਵ ਅਤੇ ਪੁਖਰਾਜ ਐਲਥ ਕੇਅਰ ਵੱਲੋਂ ਸੇਲਸ ਐਕਸੀਕੁਓਟਿਵ ਅਤੇ ਅਸੀਟੈਂਟ ਮੈਨੇਜਰ ਲਈ ਇਟਰਵਿਊ ਲਿਆ ਜਾਣਾ ਹੈ। ਪੇਟੀਅਮ ਕੰਪਨੀ ਵੱਲੋਂ 50 (ਮਰਦ ਅਤੇ ਔਰਤ) ਅਸਾਮੀਆਂ ਲਈ ਘੱਟੋ ਦਸਵੀ ਪਾਸ ਅਤੇ ਉਮਰ 18 ਤੋਂ 30 ਸਾਲ ਤੱਕ ਹੋਣੀ ਲਾਜਮੀ ਹੈ ਪੁਖਰਾਜ ਹੈਲਥ ਕੇਅਰ ਕੰਪਨੀ 30 ਅਸਾਮੀਆਂ(ਕੇਵਲ ਔਰਤਾਂ) ਘੱਟੋ ਘੱਟ 12ਵੀ ਪਾਸ ਅਤੇ ਉਮਰ ਸੀਮਾ 18 ਤੋਂ 26 ਤੱਕ ਹੋਣੀ ਲਾਜਮੀ ਹੈ। ਪਲੇਸਮੈਂਟ ਅਫਸਰ ਸ੍ਰੀ ਰਾਜ ਸਿੰਘ ਦੱਸਿਆ ਕਿ ਪਲੇਸਮੈਂਟ ਕੈਂਪ ਭਲਕੇ ਸਵੇਰੇ 10:00 ਤੋਂ ਡੀਸੀ ਦਫ਼ਤਰ, ਏ ਬਲਾਕ, ਚੌਥੀ ਮੰਜਿਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਫਾਜ਼ਿਲਕਾ ਦਫਤਰ ਵਿਖੇ ਲਗਾਇਆ ਜਾ ਰਿਹਾ ਹੈ।

ਉਨ੍ਹਾਂ ਨੌਜਵਾਨਾ ਨੂੰ ਅਪੀਲ ਕਰਦਿਆਂ ਕਿਹਾ ਕਿ ਪਲੇਸਮੈਂਟ ਕੈਂਪ ਵਿਚ ਵੱਧ ਤੋਂ ਵੱਧ ਸ਼ਮੂਲੀਅਤ ਕੀਤੀ ਜਾਵੇ ਤੇ ਰੋਜ਼ਗਾਰ ਪ੍ਰਾਪਤ ਕੀਤਾ ਜਾਵੇ। ਵਧੇਰੇ ਜਾਣਕਾਰੀ ਲਈ ਦਫਤਰ ਦੇ ਹੈਲਪਲਾਈਨ ਨੰਬਰ 89060 22220, 98145 43684 ਅਤੇ 79861 15001 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਬਜੀ ਕਾਸ਼ਤਕਾਰ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਲਈ ਬੇਲਰ ਦੀ ਵਰਤੋਂ ਕਰਨ : ਮੁੱਖ ਖੇਤੀਬਾੜੀ ਅਫਸਰ



**ਬਟਾਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਗੁਰਦਾਸਪੁਰ ਵਿੱਚ ਸਾਲ 2025 ਦੌਰਾਨ ਝੋਨੇ ਦੀ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਜੀਰੋ ਪੱਧਰ ’ਤੇ ਲਿਆਉਣ ਦੇ ਮਿੱਥੇ ਟੀਚੇ ਨੂੰ ਪੂਰਾ ਕਰਨ ਲਈ ਡਿਪਟੀ ਕਮਿਸ਼ਨਰ ਗੁਰਦਾਸਪੁਰ ਵਿਚ ਜ਼ਿਲ੍ਹਾ ਪ੍ਰਸ਼ਾਸ਼ਨ ਵਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਸ਼ਬਜੀ ਕਾਸ਼ਤਕਾਰਾਂ ਨੂੰ ਝੋਨੇ ਦੀ ਪਰਾਲੀ ਦੀ ਖੇਤ ਤੋਂ ਬਾਹਰ ਸੰਭਾਲ ਲਈ ਪ੍ਰੇਰਿਤ ਕਰਨ ਲਈ ਬਲਾਕ ਬਟਾਲਾ ਦੇ ਪਿੰਡ ਬਾਸਰਪੁਰਾ ਵਿਚ ਸਬਜੀ ਕਾਸ਼ਤਕਾਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਡਾ .ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਕੀਤੀ। ਇਸ ਮੌਕੇ ਕੁਲਵਿੰਦਰ ਕੌਰ ਖੇਤੀ ਵਿਸਥਾਰ ਅਫ਼ਸਰ ਹਾਜ਼ਰ ਸਨ।

ਕਿਸਾਨਾਂ ਨਾਲ ਗੱਲਬਾਤ ਡਾ.ਅਮਰੀਕ ਸਿੰਘ ਨੇ ਦੱਸਿਆ ਕਿ ਜ਼ਿਲਾ ਗੁਰਦਾਸਪੁਰ ਵਿਚ ਬਲਾਕ ਬਟਾਲਾ, ਡੇਰਾ ਬਾਬਾ ਨਾਨਕ, ਕਲਾਨੌਰ ਅਤੇ ਗੁਰਦਾਸਪੁਰ ਦੇ ਕਰੀਬ 35 ਪਿੰਡਾਂ ਵਿਚ ਅਗੇਤੀ ਸ਼ਬਜੀ ਜਿਵੇਂ ਫੁੱਲ ਗੋਭੀ,ਆਲੂ ਅਤੇ ਮਟਰ ਦੀ ਕਾਸ਼ਤ ਕਰਦੇ ਹਨ। ਉਨ੍ਹਾਂ ਦੱਸਿਆ ਕਿ ਸਬਜੀ ਕਾਸ਼ਤਕਾਰ ਵਲੋਂ ਆਮ ਕਰਕੇ ਘੱਟ ਸਮੇਂ ਵਿੱਚ ਪੱਕਣ ਵਾਲਿਆਂ ਝੋਨੇ ਦੀਆਂ ਕਿਸਮਾਂ ਜਿਵੇਂ 1509,1692 ਜਾਂ ਪੀ ਆਰ 126 ਦੀ ਕਾਸ਼ਤ ਕੀਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਲ਼ਬਜੀ ਕਾਸ਼ਤਕਾਰਾਂ ਵਲੋਂ ਅਕਸਰ ਖੇਤ ਨੂੰ ਜਲਦੀ ਤਿਆਰ ਕਰਨ ਦੇ ਇਰਾਦੇ ਨਾਲ ਝੋਨੇ ਦੀ ਕਟਾਈ ਉਪਰੰਤ ਪਰਾਲੀ ਨੂੰ ਅੱਗ ਦਿੱਤੀ ਜਾਂਦੀ ਹੈ ਜਿਸ ਹਵਾ ਦਾ ਪ੍ਰਦੂਸ਼ਣ ਵਧਣ ਦੇ ਨਾਲ ਨਾਲ ਮਿੱਟੀ ਦੀ ਸਿਹਤ ਪ੍ਰਭਾਵਤ ਹੁੰਦੀ ਹੈ। ਉਨ੍ਹਾਂ ਦਸਿਆ ਕਿ ਸਬਜੀਆਂ ਦੀ ਸਫਲ ਕਾਸ਼ਤ ਲਈ ਜਰਖੇਜ ਮਿੱਟੀ ਦੀ ਜ਼ਰੂਰਤ ਹੁੰਦੀ ਹੈ ਅਤੇ ਖੇਤਾਂ ਦੀ ਮਿੱਟੀ ਜਰਖੇਜ ਤਾਂ ਹੀ ਹੋ ਸਕਦੀ ਹੈ,ਜੇਕਰ ਫ਼ਸਲੀ ਰਹਿੰਦ ਖੂੰਹਦ ਨੂੰ ਖੇਤਾਂ ਵਿਚ ਸੰਭਾਲ ਕੇ ਸਬਜੀ ਖਾਸ ਕਰਕੇ ਗੋਭੀ ,ਮਟਰ ਅਤੇ ਆਲੂ ਦੀ ਕਾਸ਼ਤ ਕੀਤੀ ਜਾਵੇ ।ਉਨ੍ਹਾਂ ਦੱਸਿਆ ਕਿ ਅਜਿਹਾ ਕਰਨ ਨਾਲ ਜਿੱਥੇ ਰਸਾਇਣਕ ਖਾਦਾਂ ਤੇ ਨਿਰਭਰਤਾ ਘਟਦੀ ਹੈ ਉੱਥੇ ਸਬਜੀਆਂ ਦੇ ਮਿਆਰੀਪਣ ਵਿਚ ਵੀ ਸੁਧਾਰ ਹੁੰਦਾ ਹੈ ।ਉਨਾਂ ਕਿਹਾ ਜਿਸ ਵੀ ਕਿਸਾਨ ਨੂੰ ਬੇਲਰ ਜਾਂ ਕਿਸੇ ਹੋਰ ਖੇਤੀ ਮਸ਼ੀਨਰੀ ਦੀ ਜ਼ਰੂਰਤ ਹੋਵੇ ਤਾਂ ਸਬੰਧਤ ਬਲਾਕ ਖੇਤੀ ਅਧਿਕਾਰੀਆਂ ਨਾਲ ਸੰਪਰਕ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਬਾਗਬਾਨੀ ਵਿਭਾਗ ਵੱਲੋਂ ਕਿਹਾ ਗਿਆ ਹੈ ਕਿ ਜੋਂ ਵੀ ਸਬਜੀ ਕਾਸ਼ਤਕਾਰ ਝੋਨੇ ਦੀ ਪਰਾਲੀ ਨੂੰ ਅੱਗ ਲਗਾ ਕੇ ਸਬਜੀ ਦੀ ਕਾਸ਼ਤ ਕਰੇਗਾ, ਉਸ ਨੂੰ ਸਬਸਿਡੀ ਦੀ ਸਹੂਲਤ ਨਹੀਂ ਦਿੱਤੀ ਜਾਵੇਗੀ ਅਤੇ ਪਰਾਲੀ ਨੂੰ ਅੱਗ ਲਗਾਏ ਬਗੈਰ ਸਬਜੀਆਂ ਦੀ ਕਾਸ਼ਤ ਕਰੇਗਾ ,ਉਸ ਨੂੰ ਤਰਜੀਹੀ ਕਿਸਾਨ ਦੇ ਰੁਤਬੇ ਨਾਲ ਸਨਮਾਨਿਤ ਕੀਤਾ ਜਾਵੇਗਾ ਉਨ੍ਹਾਂ ਦਸਿਆ ਕਿ ਅਜਿਹੇ ਕਿਸਾਨਾਂ ਨੂੰ ਸਰਕਾਰੀ ਦਫਤਰਾਂ ਵਿਚ ਕੰਮ ਕਾਰ ਵਿਚ ਤਰਜੀਹ ਅਤੇ ਬਣਦਾ ਸਨਮਾਨ ਦਿੱਤਾ ਜਾਵੇਗਾ।

ਇਸ ਮੌਕੇ ਅਗਾਂਹਵਧੂ ਕਿਸਾਨ ਰਵਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਬਾਸਰਪੁਰਾ ਅਤੇ ਨੇੜਲੇ ਹੋਰ ਪਿੰਡਾਂ ਵਿਚ ਸ਼ਬਜੀ ਦੀ ਕਾਸ਼ਤ ਕੀਤੀ ਜਾਂਦੀ ਹੈ ਅਤੇ ਇਸ ਕੰਮ ਲਈ ਡੀ ਏ ਪੀ ਖਾਦ ਦੀ ਜ਼ਰੂਰਤ ਹੁੰਦੀ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਪਰਾਲੀ ਦੀ ਸੰਭਾਲ ਲਈ ਬੇਲਰ ਵੀ ਮੁਹੱਈਆ ਕਰਵਾਇਆ ਜਾਵੇ।

# ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕ ਕਰਨ ਲਈ ਪਿੰਡਾਂ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾਣ - ਐਸਡੀਐਮ ਗੁਰਦਾਸਪੁਰ



**ਗੁਰਦਾਸਪੁਰ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸਡੀਐਮ ਗੁਰਦਾਸਪੁਰ ਮਨਜੀਤ ਸਿੰਘ ਰਾਜਲਾ ਵੱਲੋਂ ਅੱਜ ਆਪਣੇ ਦਫਤਰ ਵਿੱਚ ਖੇਤੀਬਾੜੀ ਵਿਭਾਗ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਹਨਾਂ ਅਧਿਕਾਰੀਆਂ ਨੂੰ ਕਿਹਾ ਕਿ ਮਾਣਯੋਗ ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਜਿਲਾ ਪ੍ਰਸ਼ਾਸਨ ਵੱਲੋਂ ਝੋਨੇ ਦੀ ਪਰਾਲੀ ਦੀ ਅੱਗ ਨੂੰ ਰੋਕਣ ਲਈ ਪਹਿਲਾਂ ਹੀ ਇੱਕ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਨੂੰ ਕਾਮਯਾਬ ਕਰਨ ਲਈ ਹਰ ਸਰਕਾਰੀ ਅਧਿਕਾਰੀ ਤੇ ਕਰਮਚਾਰੀ ਆਪਣਾ ਯੋਗਦਾਨ ਪਾਵੇ। ਉਹਨਾਂ ਕਿਹਾ ਕਿ ਪਿੰਡਾਂ ਵਿੱਚ ਵਿਸ਼ੇਸ਼ ਕੈਂਪ ਲਗਾ ਕੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਜਾਗਰੂਕ ਕੀਤਾ ਜਾਵੇ ਅਤੇ ਅੱਗ ਨਾ ਲਗਾਉਣ ਦੇ ਫਾਇਦਿਆਂ ਬਾਰੇ ਦੱਸਿਆ ਜਾਵੇ। ਉਹਨਾਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਨਾਲ ਜਿੱਥੇ ਸਾਡਾ ਵਾਤਾਵਰਨ ਦੂਸ਼ਤ ਹੁੰਦਾ ਹੈ ਉੱਥੇ ਸਾਡੀ ਜਮੀਨ ਦੇ ਉਪਜਾਊ ਤੱਤ ਵੀ ਨਸ਼ਟ ਹੋ ਜਾਂਦੇ ਹਨ। ਉਹਨਾਂ ਕਿਹਾ ਕਿ ਜਿਹੜੇ ਕਿਸਾਨ ਪਿਛਲੇ ਲੰਮੇ ਸਮੇਂ ਤੋਂ ਅੱਗ ਨਹੀਂ ਲਗਾ ਰਹੇ ਹਨ ਉਹਨਾਂ ਤਜਰਬੇ ਹੋਰ ਕਿਸਾਨਾਂ ਨਾਲ ਸਾਂਝੇ ਕੀਤੇ ਜਾਣ ਤਾਂ ਜੋ ਕਿਸਾਨ ਉਹਨਾਂ ਤੋਂ ਪ੍ਰੇਰਨਾ ਲੈ ਸਕਣ। ਐਸਡੀਐਮ ਗੁਰਦਾਸਪੁਰ ਮਨਜੀਤ ਸਿੰਘ ਰਾਜਲਾ ਨੇ ਅੱਗੇ ਕਿਹਾ ਕਿ ਜਿਹੜੇ ਕਿਸਾਨ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਗਾਉਣਗੇ ਉਹਨਾਂ ਨੂੰ ਜਿਲਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਲਾਨੌਰ ਵਿਖੇ ਪਰਾਲੀ ਨਾ ਸਾੜਨ ਲਈ ਕਿਸਾਨਾਂ ਨੂੰ ਕੀਤਾ ਗਿਆ ਜਾਗਰੂਕ

**ਗੁਰਦਾਸਪੁਰ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਗੁਰਦਾਸਪੁਰ ਡਾ. ਹਰਜਿੰਦਰ ਸਿੰਘ ਬੇਦੀ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਾਤਾਵਰਨ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਇਸ ਵਾਰ ਝੋਨੇ ਦੀ ਪਾਰਲੀ ਨੂੰ ਅੱਗ ਬਿਲਕੁਲ ਨਾ ਲਗਾਉਣ। ਉਨ੍ਹਾਂ ਕਿਹਾ ਕਿ ਸਾਡੇ ਗੁਰੂ ਸਾਹਿਬਾਨ ਨੇ ਵੀ ਸਾਨੂੰ ‘ਪਵਨ ਗੁਰੂ, ਪਾਣੀ ਪਿਤਾ’ ਦਾ ਸਿਧਾਂਤ ਦਿੱਤਾ ਹੈ ਅਤੇ ਸਾਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ’ਤੇ ਚੱਲਦੇ ਹੋਏ ਆਪਣੇ ਚੌਗਿਰਦੇ ਨੂੰ ਸਾਫ਼-ਸੁਥਰਾ ਰੱਖਣ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।



ਜ਼ਿਲ੍ਹੇ ਅੰਦਰ ਪਰਾਲੀ ਨਾ ਸਾੜਨ ਲਈ ਵਿੱਢੀ ਜਾਗਰੂਕਤਾ ਮੁਹਿੰਮ ਤਹਿਤ ਅੱਜ ਕਲਾਨੌਰ ਵਿਖੇ ਕਿਸਾਨਾਂ ਨਾਲ ਮੀਟਿੰਗ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਜੇਕਰ ਮਿੱਟੀ ਦੀ ਸਿਹਤ ਤੰਦਰੁਸਤ ਹੋਵੇਗੀ ਤਾਂ ਇਸ ਨਾਲ ਜਿੱਥੇ ਫ਼ਸਲਾਂ ਦਾ ਝਾੜ ਵਧੇਗਾ ਓਥੇ ਪੈਦਾ ਹੋਇਆ ਅਨਾਜ ਵੀ ਮਿਆਰੀ ਹੋਵੇਗਾ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਵਿਚ ਬਹੁਤ ਸਾਰੇ ਖ਼ੁਰਾਕੀ ਤੱਤ ਮੌਜੂਦ ਹੁੰਦੇ ਹਨ ਜੋ ਅੱਗ ਲੱਗਣ ਕਾਰਨ ਖ਼ਤਮ ਹੋ ਜਾਂਦੇ ਹਨ। ਉਨ੍ਹਾਂ ਕਲਾਨੌਰ ਅਤੇ ਨੇੜਲੇ ਪਿੰਡਾਂ ਵਿੱਚੋਂ ਆਏ ਕਿਸਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮੂਹਿਕ ਸਹਿਯੋਗ ਨਾਲ ਫ਼ਸਲ ਦੀ ਰਹਿੰਦ-ਖੂੰਹਦ ਨਾ ਸਾੜਨ ਦੀ ਮੁਹਿੰਮ ਨੂੰ ਕਾਮਯਾਬ ਕੀਤਾ ਜਾਵੇਗਾ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹੇ ਵਿੱਚ ’ਪਰਾਲੀ ਪ੍ਰੋਟੈਕਸ਼ਨ ਫੋਰਸ’ ਦਾ ਗਠਨ ਕੀਤਾ ਗਿਆ ਹੈ, ਜਿਸ ਤਹਿਤ ਹਰੇਕ ਟੀਮ ਵਿੱਚ 2/3 ਸਰਕਾਰੀ ਕਰਮਚਾਰੀ ਨਿਯੁਕਤ ਕੀਤੇ ਗਏ ਹਨ, ਜੋ ਪਿੰਡਾਂ ਵਿੱਚ ਜਾ ਕੇ ਕਿਸਾਨਾਂ/ਮੁਹਤਬਰਾਂ ਨਾਲ ਤਾਲਮੇਲ ਕਰਕੇ ਪਰਾਲੀ ਨਾ ਸਾੜਨ ਦੀ ਮੁਹਿੰਮ ਵਿੱਚ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਪੂਰੇ ਸੀਜ਼ਨ ਦੌਰਾਨ ਇਹ ਟੀਮਾਂ ਪਿੰਡਾਂ ਵਿੱਚ ਰਹਿਣਗੀਆਂ ਤਾਂ ਜੋ ਕਿਸਾਨਾਂ ਨੂੰ ਜੋ ਵੀ ਮੁਸ਼ਕਿਲ ਪੇਸ਼ ਆਵੇ ਉਸ ਨੂੰ ਤੁਰੰਤ ਹੱਲ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਫੋਰਸ ਪਿੰਡ ਵਾਸੀਆਂ ਤੇ ਜ਼ਿਲ੍ਹਾ ਪ੍ਰਸ਼ਾਸਨ ਵਿੱਚ ਪੁਲ ਦਾ ਕੰਮ ਕਰੇਗੀ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 5500 ਪਰਾਲੀ ਦੀ ਸੰਭਾਲ ਲਈ ਖੇਤੀ ਮਸ਼ੀਨਰੀ ਉਪਲਬਧ ਹੈ, ਜਿਸ ਦੀ ਮੈਪਿੰਗ ਕਰਕੇ ਪਿੰਡ ਵਾਈਜ਼ ਮਸ਼ੀਨਰੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਦੁਹਰਾਇਆ ਕਿ ਇਸ ਵਾਰ ਸਮੂਹਿਕ ਸਾਥ ਨਾਲ ਜ਼ਿਲ੍ਹੇ ਗੁਰਦਾਸਪੁਰ ਵਿੱਚ ਪਰਾਲੀ ਨਾ ਸਾੜਨ ਦੀਆਂ ਘਟਨਾਵਾਂ ਨੂੰ ਜ਼ੀਰੋ ਕੀਤਾ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਤੇ ਐੱਸ ਐੱਸ ਪੀ ਵੱਲੋਂ ਪਿਛਲੇ ਸਾਲਾਂ ਦੌਰਾਨ ਪਰਾਲੀ ਨਾ ਸਾੜਨ ਵਾਲੇ 10 ਅਗਾਂਹਵਧੂ ਕਿਸਾਨਾਂ ਨੂੰ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਐੱਸ.ਐੱਸ.ਪੀ. ਗੁਰਦਾਸਪੁਰ ਸ੍ਰੀ ਆਦਿੱਤਯ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ ਓਥੇ ਨਾਲ ਹੀ ਜ਼ਮੀਨ ਦੇ ਉਪਜਾਊ ਤੱਤ ਵੀ ਨਸ਼ਟ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਵਾਤਾਵਰਨ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਫ਼ਸਲੀ ਰਹਿੰਦ-ਖੂੰਹਦ ਨੂੰ ਅੱਗ ਬਿਲਕੁਲ ਨਹੀਂ ਲਗਾਉਣੀ ਚਾਹੀਦੀ।ਇਸ ਮੌਕੇ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਕਿਸਾਨਾਂ ਨੂੰ ਫ਼ਸਲ ਦੀ ਰਹਿੰਦ-ਖੂੰਹਦ ਪੈਲੀ ਵਿੱਚ ਵਾਹ ਕੇ ਕਣਕ ਬੀਜਣ ਦੀ ਅਪੀਲ ਕਰਦਿਆਂ ਕਿਸਾਨਾਂ ਨੂੰ ਇੰਨ ਸੀਟੂ ਵਿਧੀ ਰਾਹੀਂ ਕਣਕ ਬੀਜਣ ਅਤੇ ਐਕਸ ਸੀਟੂ ਵਿਧੀ ਰਾਹੀਂ ਪਰਾਲੀ ਪ੍ਰਬੰਧਨ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਵਾਤਾਵਰਣ ਨੂੰ ਸ਼ੁੱਧ ਰੱਖਣ, ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਅਤੇ ਸਿਹਤ ਨੂੰ ਮੁੱਖ ਰੱਖਦਿਆਂ ਫ਼ਸਲ ਦੀ ਰਹਿੰਦ- ਖੂੰਹਦ ਨੂੰ ਅੱਗ ਨਾ ਲਗਾਉਣ।

ਉਨ੍ਹਾਂ ਅੱਗੇ ਕਿਹਾ ਕਿ ਮਾਣਯੋਗ ਗਰੀਨ ਟ੍ਰਿਬਿਊਨਲ ਅਤੇ ਮਾਣਯੋਗ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਪਰਾਲੀ ਨੂੰ ਅੱਗ ਲੱਗਣ ਦੀ ਘਟਨਾਵਾਂ ਨੂੰ ਰੋਕਣ ਲਈ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਪੂਰੀ ਮੁਸਤੈਦੀ ਵਰਤੀ ਜਾ ਰਹੀ ਹੈ ਅਤੇ ਖੇਤੀਬਾੜੀ ਵਿਭਾਗ ਵੱਲੋਂ ਪਿੰਡਾਂ ਵਿਚ ਜਾ ਕੇ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ।ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਨਾਲ ਹੋਣ ਵਾਲੇ ਨੁਕਸਾਨ ਅਤੇ ਖੇਤਾਂ ਵਿਚ ਪਰਾਲੀ ਨੂੰ ਸੰਭਾਲਣ ਦੇ ਫ਼ਾਇਦਿਆਂ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਬਸਿਡੀ ਵਾਲੀ ਮਸ਼ੀਨਰੀ ਦੀ ਉਪਲਬਧੀ ਅਤੇ ਕਿਰਾਏ ਸਬੰਧੀ ਲਿਸਟ ਵੀ ਪਿੰਡਾਂ ਵਿੱਚ ਲਗਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਸਬਸਿਡੀ ਵਾਲੀ ਮਸ਼ੀਨਰੀ ਪਿੰਡ ਦੀ ਸਾਂਝੀ ਥਾਂ ’ਤੇ ਰੱਖੀ ਜਾਵੇ ਤਾਂ ਜੋ ਕੋਈ ਵੀ ਕਿਸਾਨ ਉਸ ਦੀ ਕਿਰਾਏ ਤੇ ਵਰਤੋਂ ਕਰ ਸਕੇ ।ਇਸ ਮੌਕੇ ਡਾਕਟਰ ਜਰਮਨਜੀਤ ਸਿੰਘ ,ਡਾਕਟਰ ਅਰਪਣਜੀਤ ਸਿੰਘ, ਨਾਇਬ ਤਹਿਸੀਲਦਾਰ ਜਗਦੀਪਿੰਦਰ ਸਿੰਘ ਸੋਢੀ, ਸਮੇਤ ਸਮੂਹ ਅਧਿਕਾਰੀ ਅਤੇ ਇਲਾਕੇ ਦੇ ਕਿਸਾਨ ਆਦਿ ਮੌਜੂਦ

# ਕਿਵੇਂ ਘਟਾਈਏ ਨੁਕਸਾਨਦਾਇਕ ਕੀੜੇ ?

• ਡਾ. ਦੀਪਇੰਦਰਪਾਲ ਸਿੰਘ

ਕੋਈ ਵੀ ਕੀੜਾ ਜਦੋਂ ਸਾਡੇ ਅਰਥਚਾਰੇ ਤੇ ਲਾਭ ਨੂੰ ਪ੍ਰਭਾਵਿਤ ਕਰਦਾ ਹੈ ਤਾਂ ਉਹ ਦੁਸ਼ਮਣ ਕੀੜਾ ਕਹਾਉਂਦਾ ਹੈ। ਜੇ ਇਹ ਕੀੜੇ ਸਿੱਧੇ ਤੌਰ ’ਤੇ ਕਿਸੇ ਬਿਮਾਰੀ ਦੇ ਕੈਰੀਅਰ ਹੋਣ ਜਾਂ ਅਸਿੱਧੇ ਤੌਰ ’ਤੇ ਸਾਡੇ ਪਾਲਤੂ ਜਾਨਵਰਾਂ, ਫ਼ਸਲਾਂ ਤੇ ਲੱਕੜ ਦੇ ਭੰਡਾਰ ਨੂੰ ਪ੍ਰਭਾਵਿਤ ਕਰਦੇ ਹਨ।ਤਾਂ ਇਹ ਬੇਹੱਦ ਨੁਕਸਾਨਦੇਹ ਸਿੱਧ ਹੁੰਦੇ ਹਨ। ਇਹ ਕੀੜੇ ਉਦੋਂ ‘ਪੈਸਟ’ ਬਣਦੇ ਹਨ ਜਦੋ ਉਹ ਇਕ ਖ਼ਾਸ ਜਗ੍ਹਾ ਰਹਿਣ ਵਾਲੀਆਂ ਜਾਤੀਆਂ ਨੂੰ ਉੱਥੋਂ ਖਦੇੜ ਦਿੰਦੇ ਹਨ। ਉਦਾਹਰਣ ਦੇ ਤੌਰ ’ਤੇ ਵਸਨੀਕ ਕੀੜੇ ਆਪਣੀ ਹੀ ਜਗਾ ਦੇ ਪੱਕੇ ਪੌਦਿਆਂ ’ਤੇ ਸ਼ਹਿਦ ਦੀਆਂ ਮੱਖੀਆਂ ਦੇ ਮੁਕਾਬਲੇ ਵਧੀਆ ਪਰਾਗਣ ਕਿਰਿਆ ਕਰਦੇ ਹਨ ਜਦਕਿ ਇਨ੍ਹਾਂ ਦੇ ਖ਼ਾਤਮੇ ਬੀਜਾਂ ਦੀ ਉਤਪਤੀ ਘਟ ਜਾਂਦੀ ਹੈ ਤੇ ਫ਼ਸਲੀ ਪੈਦਾਵਾਰ ’ਚ ਗਿਰਾਵਟ ਦੇ ਆਸਾਰ ਪੈਦਾ ਹੋ ਜਾਂਦੇ ਹਨ।

### ਬਾਹਰੀ ਕੀੜੇ ਮੂਲ ਕੀੜਿਆਂ ਲਈ ਖ਼ਤਰਾ

ਕੁਝ ਬਾਹਰੋਂ ਆਈਆ ਤੇ ਸੁਭਾਅ ਪੱਖੋਂ ਤੇਜ਼ ਕੀੜੀਆਂ, ਜਿਵੇਂ ਵੱਡੇ ਸਿਰ ਵਾਲੀ ਕੀੜੀ (ਫੀਲੀਐਲ ਮੈਗਸੀਫੈਲਾ) ਤੇ ਅਰਜਨਟਾਈਨ ਕੀੜੀ (ਲਾਈਨੇਪੀਥੈਮਾ ਹਿਊਮਾਈਲ) ਨੇ ਬਰਮੂਡਾ ਤੇ ਹਵਾਈ ਇਲਾਕੇ ਦੇ ਵਸਨੀਕ ਕੀੜਿਆਂ ਨੂੰ ਉੱਥੋਂ ਖਦੇੜ ਦਿੱਤਾ ਤੇ ਉਨ੍ਹਾਂ ਦੀਆਂ ਜਾਤੀਆਂ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ। ਸਾਡੇ ਲਈ ਇਹ ਜਾਨਣਾ ਬੇਹੱਦ ਜ਼ਰੂਰੀ ਹੈ ਕੀੜਾ ‘ਪੈਸਟ’ ਕਿਵੇਂ ਬਣਦਾ ਹੈ ਤੇ ਕਿਸ ਤਰ੍ਹਾਂ ਫ਼ਸਲਾਂ ਅਤੇ ਅਰਥਚਾਰੇ ਦਾ ਨੁਕਸਾਨ ਕਰਦਾ ਹੈ? ਇਸ ਤੋਂ ਇਲਾਵਾ ਕੀੜੇਮਾਰ ਦਵਾਈਆਂ ਦੇ ਪ੍ਰਭਾਵ ਤੇ ਕੀੜੇ ਦੇ ਇਨ੍ਹਾਂ ਦਵਾਈਆਂ ਪ੍ਰਤੀ ਅਵਰੋਧ ਬਾਰੇ ਜਾਨਣਾ ਵੀ ਲਾਜ਼ਮੀ ਹੈ। ਕਈ ਵਾਰ ਬਹੁਤ ਥੋੜ੍ਹੇ ਦੁਸ਼ਮਣ ਕੀੜੇ ਵੀ ਬਹੁਤ ਜ਼ਿਆਦਾ ਨੁਕਸਾਨ ਕਰ ਦਿੰਦੇ ਹਨ। ਜਿਵੇਂ, ਫਲਾਂ ਨੂੰ ਕੋਡਲਿੰਗ ਪਤੰਗਾ ਤੇ ਫਲਾਂ ਦੀ ਮੱਖੀ (ਡਰੋਸੋਫਿਲਾ) ਭਾਰੀ ਨੁਕਸਾਨ ਪਹੁੰਚਾਉਂਦੇ ਹਨ। ਮਾਰਕੀਟ ’ਚ ਮੁਕਾਬਲੇ ਦੀ ਸਥਿਤੀ ਹੋਣ ਕਰਕੇ ਹੁਣ ਮਿਆਰੀ ਭੋਜਨ ਤੇ ਹੋਰਨਾਂ ਪਦਾਰਥਾਂ ਦਾ ਰੁਝਾਨ ਵਧ ਗਿਆ ਹੈ। ਇਸ ਲਈ ਸਾਨੂੰ ਦੁਸ਼ਮਣ ਕੀੜਿਆਂ ਦੀ ਹੋਂਦ ਸਿਰਫ਼ ਬਾਇਲੋਜੀਕਲ ਨਾ ਸੋਚ ਕੇ ਇਕੋਨੋਮੀਕਲੀ ਵੀ ਸੋਚਣਾ ਪਵੇਗਾ ਕਿ ਉਹ ਕਿਸ ਤਰ੍ਹਾਂ ਸਾਨੂੰ ਵਿੱਤੀ ਨੁਕਸਾਨ ਪਹੁੰਚਾਉਂਦੇ ਹਨ।

### ਕੀੜਿਆਂ ਦੀ ਫ਼ਸਲਾਂ ਤਕ ਪਹੁੰਚ ਹੋਈ ਆਸਾਨ

ਕਿਸੇ ਵੀ ਕੀੜੇ ਦੇ ‘ਕੀਟ’ ਬਣਨ ਪਿੱਛੇ ਕਈ ਕਾਰਨ ਹੋ ਸਕਦੇ ਹਨ। ਪਹਿਲਾ ਕਾਰਨ ਇਹ ਹੈ ਕਿ ਕਿਸੇ ਵੀ ਕੀੜੇ ਦਾ ਗ਼ਲਤੀ ਨਾਲ ਜਾਂ ਜਾਣ ਬੁਝ ਕੇ ਆਪਣੀ ਅਸਲੀ ਤੈਅ ਸੀਮਾ ਤੋਂ ਬਾਹਰ ਜਾਣਾ, ਜਿੱਥੇ ਉਹ ਆਪਣੇ ਕੁਦਰਤੀ ਦੁਸ਼ਮਣ ਕੀੜਿਆਂ ਤੋਂ ਬਚ ਜਾਂਦੇ ਹਨ ਜਾਂ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਜਾਂਦੇ ਹਨ। ਦੂਸਰਾ, ਜਦੋਂ ਕੀਟ ਆਪਣੇ ਪੱਕੇ ਬੂਟੇ ਨੂੰ ਛੱਡ ਕੇ ਦੂਸਰੇ ਪੌਦੇ, ਜੋ ਉਸ ਜਗ੍ਹਾ ਵਾਸਤੇ ਨਵੇਂ ਹੁੰਦੇ ਹਨ, ਉਸ ਉੱਪਰ ਚਲੇ ਜਾਂਦੇ ਹਨ। ਇਹ ਕੰਮ ਉਹ ਕੀੜੇ ਕਰਦੇ ਹਨ ਜੋ ਇਕ ਤੋਂ ਵੱਧ ਪੌਦਿਆਂ ’ਤੇ ਆਪਣਾ ਨਿਰਵਾਹ ਕਰਦੇ ਹਨ, ਜਿਵੇਂ ਕਿ ‘ਆਲੂ ਖਪੜਾ’ (ਉਲੀਗੋਫੈਗਸ ਕਲੋਰੇਡੋ) ਆਪਣੇ ਪੱਕੇ ਬੂਟਿਆਂ ਤੋਂ ਆਲੂ ’ਤੇ ਚਲੇ ਗਈ ਹੈ ਤੇ ਇਕ ਤੋਂ ਵੱਧ ਪੌਦਿਆਂ ’ਤੇ ਰਹਿਣ ਜਾਂ ਉਨ੍ਹਾਂ ਨੂੰ ਖਾਣ ਵਾਲੇ ਕੀੜੇ, ਜਿਵੇਂ ਹੈਲੀਕੋਵਰਪਾ ਤੇ ਹੈਲੀਓਥਸ ਅੱਜ ਕਪਾਹ ਤੇ ਦੂਸਰੀਆਂ ਫ਼ਸਲਾਂ ਦੇ ਭਿਆਨਕ ਕੀੜੇ ਬਣ ਗਏ ਹਨ। ਤੀਜਾ ਕਾਰਨ ਇਕੱਲੀ ਫ਼ਸਲ ’ਤੇ ਬਹੁਤ ਸਾਰੀਆਂ ਫ਼ਸਲਾਂ ਨੂੰ ਸਾਂਝੇ ਤੌਰ ’ਤੇ ਬੀਜਣਾ ਹੈ। ਪਹਿਲਾਂ ਫ਼ਸਲਾਂ ਨੂੰ ਸਾਂਝੇ ਤੌਰ ’ਤੇ ਲਗਾਇਆ ਜਾਂਦਾ ਸੀ ਤੇ ਕੀੜੇ ਨੂੰ ਇਕ ਫ਼ਸਲ ਤੋਂ ਦੂਸਰੀ ਉਸੇ ਫ਼ਸਲ ਤਕ ਜਾਣ ਲਈ ਕਾਫੀ ਦੂਰੀ ਤੈਅ ਕਰਨੀ ਪੈਂਦੀ ਸੀ, ਜਿਸ ਨਾਲ ਵਿਚ-ਵਿਚਾਲੇ ਹੀ ਉਨ੍ਹਾਂ ਨੂੰ ਫ਼ਸਲਾਂ ਦੇ ਮਿੱਤਰ ਕੀੜੇ ਖਾ ਜਾਂਦੇ ਸਨ। ਹੁਣ ਜ਼ਮਾਨਾ ਇੱਕਲੀ ਜਾਂ ਇੱਕੋ ਫ਼ਸਲ ਬੀਜਣ ਦਾ ਆ ਗਿਆ ਹੈ, ਜਿਸ ਕਰਕੇ ਕੀੜੇ ਨੂੰ ਇਕ ਬੂਟੇ ਤੋਂ ਦੂਜੇ ਬੂਟੇ ਤਕ ਜਾਂ ਇਕ ਖੇਤ ਤੋਂ ਦੂਸਰੇ ਖੇਤ ਤਕ ਜਾਣ ਲਈ ਕੋਈ ਮੁਸ਼ਕਿਲ ਨਹੀਂ ਆਉਂਦੀ। ਜਿਸ ਕਾਰਨ ਕੀੜਿਆਂ ਦੀ ਗਿਣਤੀ ਵਧ ਜਾਂਦੀ ਹੈ ਤੇ ਉਹ ਕੀਟ ਦਾ ਰੂਪ ਧਾਰਨ ਕਰ ਲੈਂਦੇ ਹਨ।

### ਰਸਾਇਣਾਂ ਦੇ ਮਾੜੇ ਪ੍ਰਭਾਵ

ਕੀੜੇਮਾਰ ਰਸਾਇਣਕ ਦਵਾਈਆਂ ਦਾ ਉਤਪਾਦਨ ਦੂਸਰੇ ਵਿਸ਼ਵ ਯੁੱਧ ਵੇਲੇ ਹੋਇਆ। ਉਸ ਵੇਲੇ ਇਹ ਦਵਾਈਆਂ ਦਮਦਾਰ ਤੇ ਸਸਤੀਆਂ ਸਨ। ਕਿਸਾਨਾਂ ਲਈ ਕੀੜਿਆਂ ਨੂੰ ਕੰਟਰੋਲ ਕਰਨ ਦਾ ਇਹ ਸਸਤਾ ਤੇ ਵਧੀਆ ਸਾਧਨ ਸੀ। ਜਿਸ ਨੂੰ ਜਲਦ ਹੀ ਘਰੇਲੂ ਰਸਾਇਣਕ, ਕਲਚਰਲ ਤੇ ਬਾਇਲੋਜੀਕਲ ਕੰਟਰੋਲ ਨੇ ਬਦਲ ਕੇ ਰੱਖ ਦਿੱਤਾ॥1950-60 ਦੇ ਦਹਾਕੇ ਸਮੇਂ ਇਨ੍ਹਾਂ ਕੀੜੇਮਾਰ ਦਵਾਈਆਂ ਦੀ ਭਰਮਾਰ ਸੀ ਤੇ ਇਨ੍ਹਾਂ ਦਾ ਇਸਤੇਮਾਲ ਵਧਦਾ ਗਿਆ। ਅੱਜ ਕਿਸਾਨ ਕੋਲ ਨੁਕਸਾਨਦੇਹ ਕੀੜਿਆਂ ’ਤੇ ਕਾਬੂ ਪਾਉਣ ਦਾ ਇਹ ਇਕੋ ਹੀ ਤਰੀਕਾ ਰਹਿ ਗਿਆ ਹੈ। ਇਸ ’ਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਦਵਾਈਆਂ ਨੇ ਕੀੜੇ ਦੀ ਆਮਦ ਨੂੰ ਬਹੁਤ ਹੱਦ ਤਕ ਘਟਾਇਆ ਹੈ ਪਰ ਇਸ ਦੇ ਬੁਰੇ ਪ੍ਰਭਾਵ ਵੀ ਪਏ ਹਨ। ਕੁਦਰਤੀ ਪੌਲੀਨੇਟਰਜ਼ ਤੇ ਮਿੱਤਰ ਕੀੜਿਆਂ ਦਾ ਵੀ ਇਨ੍ਹਾਂ ਦਵਾਈਆਂ ਨਾਲ ਖ਼ਾਤਮਾ ਹੋ ਰਿਹਾ ਹੈ। ਨਤੀਜੇ ਵਜੋਂ ਦੁਸ਼ਮਣ ਕੀੜਿਆਂ ਦੀ ਗਿਣਤੀ ਵਧ ਗਈ ਹੈ। ਜੇ ਇਨ੍ਹਾਂ ਕੀੜਿਆਂ ਦੇ ਕੁਦਰਤੀ ਦੁਸ਼ਮਣ ਕੀੜੇ ਬਹੁਤ ਹੌਲੀ ਦਰ ਨਾਲ ਵਧਦੇ ਹਨ ਤਾਂ ਫ਼ਸਲਾਂ ਦੇ ਦੁਸ਼ਮਣ ਕੀੜੇ ਏਨੇ ਵਧ ਜਾਣਗੇ ਕਿ ਇਨ੍ਹਾਂ ਨਾਲ ਰਸਾਇਣਿਕ ਵਿਧੀ ਨਾਲ ਨਜਿੱਠਣਾ ਵੀ ਔਖਾ ਹੋ ਜਾਵੇਗਾ। ਇਸ ਤੋਂ ਇਲਾਵਾ ਇਨ੍ਹਾਂ ਰਸਾਇਣਕ ਦਵਾਈਆਂ ਦਾ ਵਾਤਾਵਰਨ ਤੇ ਮਨੁੱਖੀ ਸਿਹਤ ’ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ। ਇਨ੍ਹਾਂ ਦਵਾਈਆਂ ਕਾਰਨ ਧਰਤੀ ਦੀ ਉਪਜਾਊ ਸ਼ਕਤੀ ਘਟ ਰਹੀ ਹੈ ਤੇ ਪਾਣੀ ਦੇ ਸਰੋਤਾਂ ’ਤੇ ਵੀ ਮਾੜਾ ਅਸਰ ਪੈ ਰਿਹਾ ਹੈ। ਕੀਟਨਾਸ਼ਕਾਂ ਕਾਰਨ ਵਾਲ ਝੜਨ, ਕੈਂਸਰ, ਅੱਖਾਂ ਦਾ ਖ਼ਰਾਬ ਹੋਣਾ, ਚਮੜੀ ਰੋਗ, ਸਾਹ ਦੀਆਂ ਬੀਮਾਰੀਆਂ ਮੁੱਖ ਤੌਰ ’ਤੇ ਉੱਭਰ ਕੇ ਸਾਹਮਣੇ ਆਈਆਂ ਹਨ।

### ਸਮੂਹਿਕ ਪ੍ਰਬੰਧ ਵਿਧੀ

ਨੁਕਸਾਨਦਾਇਕ ਕੀੜੇ ਘਟਾਉਣ ਦੇ ਸਮੂਹਿਕ ਪ੍ਰਬੰਧ ਦੀ ਵਿਧੀ ਪਹਿਲੀ ਵਾਰ 1960 ਵਿਚ ਪ੍ਰਮੋਟ ਹੋਈ ਸੀ, ਜਦੋਂ ਰਸਾਇਣਕ ਕੀੜੇਮਾਰ ਦਵਾਈਆਂ ਫੇਲ੍ਹ ਹੋ ਗਈਆਂ ਸਨ। ਖ਼ਾਸ ਕਰਕੇ ਕਪਾਹ ਦੀ ਫ਼ਸਲ ਉੱਤੇ 12 ਵਾਰ ਇਨ੍ਹਾਂ ਦਵਾਈਆਂ ਦਾ ਛੜਕਾਅ ਕਰਨ ਦੀ ਲੋੜ ਪੈ ਰਹੀ ਸੀ। ਜਿਸ ਕਰਕੇ ਇਹ ਦਵਾਈਆਂ ਫੇਲ੍ਹ ਹੋ ਗਈਆਂ ਸਨ। ਇਸ ਵਿਧੀ ਦਾ ਮੁੱਖ ਕਾਰਜ ਫ਼ਸਲ ਦੇ ਹੋ ਰਹੇ ਨੁਕਸਾਨ ਤੇ ਅਰਥਚਾਰੇ ਨੂੰ ਵੱਜ ਰਹੇ ਧੱਕੇ ਦੀ ਹੱਦ ਨੂੰ ਘਟਾਉਣ ਦੇ ਨਾਲ-ਨਾਲ ਇਨ੍ਹਾਂ ਰਸਾਇਣਾਂ ਦੇ ਮਿੱਤਰ ਕੀੜਿਆਂ ਤੇ ਵਾਤਾਵਰਨ ਉੱਪਰ ਪੈ ਰਹੇ ਮਾੜੇ ਪ੍ਰਭਾਵ ਦਾ ਘੱਟ ਕਰਨਾ ਹੈ। ਇਕੋਨੋਮਿਕ ਤੇ ਵਾਤਾਵਰਨ ਨੂੰ ਫ਼ਾਇਦੇ ਦੇ ਬਾਵਜੂਦ ਇਸ ਨੂੰ ਲਾਗੂ ਕਰਨ ਦਾ ਕੰਮ ਬਹੁਤ ਹੌਲੀ ਚੱਲ ਰਿਹਾ ਹੈ। ਇਸ ਦੇ ਮੁੱਖ ਕਾਰਨ ਹਨ : ਕੀਟ ਤੇ ਕੁਦਰਤੀ ਦੁਸ਼ਮਣਾਂ ਦੇ ਜੀਵਨ ਚੱਕਰ ਤੇ ਰਹਿਣ-ਸਹਿਣ ਦੀ ਜਾਣਕਾਰੀ ਦੀ ਘਾਟ, ਹਰੇਕ ਕੀਟ ਦੁਆਰਾ ਫ਼ਸਲ ਨੂੰ ਪਹੁੰਚਾਏ ਜਾਂਦੇ ਨੁਕਸਾਨ ਤੇ ਵਿੱਤੀ ਘਾਟੇ ਦੀ ਜਾਣਕਾਰੀ ਨਾ ਹੋਣ, ਉਕਤ ਜਾਣਕਾਰੀ ਲਈ ਖੋਜ ਦੇ ਖੇਤਰਾਂ ’ਚ ਪਰਪੱਕਤਾ ਨਾ ਹੋਣਾ ਤੇ ਕਿਸਾਨ, ਖੇਤੀਬਾੜੀ ਅਫਸਰਾਂ ਤੇ ਜੰਗਲਾਤ ਮਹਿਕਮੇ ਦੇ ਕਰਮਚਾਰੀਆਂ ਨੂੰ ਸਿਖਲਾਈ ਦੀ ਘਾਟ।

ਬਾਇਲੋਜੀਕਲ ਕੰਟਰੋਲ ਮਨੁੱਖ ਦੁਆਰਾ ਵਿਕਸਿਤ ਕੀਤੀ ਤਕਨੀਕ ਹੈ। ਇਸ ਵਿਚ ਕਿਸੇ ਵੀ ਕੀਟ ਦੇ ਕੁਦਰਤੀ ਦੁਸ਼ਮਣ ਨੂੰ ਉਸ ਉੱਪਰ ਛੱਡਿਆ ਜਾਂਦਾ ਹੈ ਤਾਂ ਕਿ ਕੀਟ ਨੂੰ ਕੁਝ ਹੱਦ ਤਕ ਖ਼ਤਮ ਕੀਤਾ ਜਾ ਸਕੇ ਪਰ ਇਹ ਤਕਨੀਕ ਸਾਡੇ ਅਰਥਚਾਰੇ ਨੂੰ ਉੱਚਾ ਚੁੱਕਣ ’ਚ ਬਹੁਤੀ ਸਹਾਈ ਸਿੱਧ ਨਹੀਂ ਹੋਈ, ਫਿਰ ਵੀ ਇਹ ਨੁਕਸਾਨ ਦੀ ਹੱਦ ਤਕ ਪਹੁੰਚਣ ਤੋਂ ਪਹਿਲਾਂ ਦੁਸ਼ਮਣ ਕੀੜੇ ਨੂੰ ਖ਼ਤਮ ਕਰ ਦਿੰਦੀ ਹੈ। ਹੁਣ ਤਕ ਬਹੁਤ ਸਾਰੀਆਂ ਬਾਇਲੋਜੀਕਲ ਵਿਧੀਆਂ ਪਛਾਣੀਆਂ ਜਾ ਚੁੱਕੀਆਂ ਹਨ ਪਰ ਇਨ੍ਹਾਂ ਦੀਆਂ ਪਰਿਭਾਸ਼ਾਵਾਂ ਅਲੱਗ ਹਨ ਜੋ ਅੱਜ ਵੀ ਸਮਝ ਨਹੀਂ ਆ ਰਹੀਆਂ। ਇਕ ਹੈ ‘ਕਲਾਸੀਕਲ ਬਾਇਲੋਜੀਕਲ ਰੋਕਥਾਮ’ ਜਿਸ ਦਾ ਮਤਲਬ ਹੈ ਨਵੇਂ ਕੁਦਰਤੀ ਦੁਸ਼ਮਣਾਂ ਨੂੰ ਵਿਕਸਿਤ ਕਰਨਾ, ਤਾਂ ਕਿ ਦੁਸ਼ਮਣ ਕੀੜੇ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਇਹ ਵਿਧੀ ਉਨ੍ਹਾਂ ਦੁਸ਼ਮਣ ਕੀੜਿਆਂ ਵਾਸਤੇ ਲਾਭਦਾਇਕ ਹੈ ਜਿਹੜੇ ਆਪਣੀ ਜਗ੍ਹਾ ਛੱਡ ਕੇ ਆਪਣੀ ਸੀਮਾ ਤੋਂ ਬਾਹਰ ਦੂਸਰੀ ਜਗ੍ਹਾ ’ਤੇ ਚਲੇ ਜਾਂਦੇ ਹਨ। ਕੀੜਿਆਂ ਤੋਂ ਬਚਾਅ ਲਈ ਕਿਸਾਨਾਂ ਨੂੰ ਬਾਕਾਇਦਾ ਜਾਣਕਾਰੀ ਤੇ ਤਜਰਬਾ ਹੋਣਾ ਚਾਹੀਦਾ ਹੈ ਕਿ ਕਿਸ ਤਰ੍ਹਾਂ ਘੱਟ ਖ਼ਰਚੇ ਨਾਲ ਫ਼ਸਲ ਨੂੰ ਨੁਕਸਾਨ ਤੋਂ ਬਚਾਇਆ ਜਾ ਸਕਦਾ ਹੈ।

# ਵਿਹਲ ਨੂੰ ਹਾੜ੍ਹੀ ਦੀਆਂ ਫ਼ਸਲਾਂ ਦੀ ਵਿਉਂਤਬੰਦੀ ਲਈ ਵਰਤੋ

• ਡਾ. ਰਣਜੀਤ ਸਿੰਘ



ਮੌਸਮ ਬੇਭਰੋਸਗੀ ਵਾਲਾ ਚੱਲ ਰਿਹਾ ਹੈ। ਇਸ ਕਰਕੇ ਮੀਂਹ ਦਾ ਹਰ ਵੇਲੇ ਡਰ ਬਣਿਆ ਰਹਿੰਦਾ ਹੈ। ਕਿਸਾਨ ਮੌਸਮ ਬਾਰੇ ਭਵਿੱਖਬਾਣੀ ਜ਼ਰੂਰ ਪੜ੍ਹਿਆ ਕਰਨ ਤੇ ਉਸ ਅਨੁਸਾਰ ਆਪਣੀਆਂ ਫ਼ਸਲਾਂ ਦਾ ਪ੍ਰਬੰਧ ਕਰਨ। ਹੁਣ ਮੌਸਮ ਵਿੱਚ ਬਦਲਾਅ ਆਉਣ ਦਾ ਸਮਾਂ ਆ ਗਿਆ ਹੈ। ਕਿਸਾਨਾਂ ਕੋਲ ਇਨ੍ਹਾਂ ਦਿਨਾਂ ਵਿੱਚ ਕੁਝ ਵਿਹਲ ਹੁੰਦੀ ਹੈ। ਅਗਲੇ ਮਹੀਨੇ ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਸ਼ੁਰੂ ਹੋ ਜਾਣੀ ਹੈ। ਇਸ ਕਰਕੇ ਇਸ ਵਿਹਲ ਦੀ ਵਰਤੋਂ ਹਾੜ੍ਹੀ ਦੀਆਂ ਫ਼ਸਲਾਂ ਦੀ ਵਿਉਂਤਬੰਦੀ ਕਰਨ ਲਈ ਕਰਨੀ ਚਾਹੀਦੀ ਹੈ। ਮੌਸਮੀ ਤਬਦੀਲੀਆਂ ਅਤੇ ਮੰਡੀ ਦੀਆਂ ਮੁਸ਼ਕਿਲਾਂ ਨੂੰ ਦੇਖਦਿਆਂ ਹੋਇਆਂ ਕੇਵਲ ਇਕ ਹੀ ਫ਼ਸਲ ਦੀ ਬਿਜਾਈ ਨਾ ਕੀਤੀ ਜਾ ?ਵੇ ਸਗੋਂ ਫ਼ਸਲਾਂ ਵਿੱਚ ਕੁਝ ਵਖਰੇਵਾਂ ਕੀਤਾ ਜਾਵੇ। ਕਣਕ ਦੇ ਨਾਲ-ਨਾਲ ਕੁਝ ਰਕਬੇ ਵਿੱਚ ਸਬਜ਼ੀਆਂ, ਹਰਾ ਚਾਰਾ, ਦਾਲਾਂ ਤੇ ਤੇਲ ਬੀਜਾਂ ਦੀ ਵੀ ਕਾਸ਼ਤ ਕੀਤੀ ਜਾਵੇ। ਇਸ ਦੇ ਨਾਲ ਹੀ ਫ਼ਸਲਾਂ ਦੀਆਂ ਬੀਜਣ ਵਾਲੀਆਂ ਕਿਸਮਾਂ ਦਾ ਫ਼ੈਸਲਾ ਵੀ ਹੁਣ ਕਰ ਲੈਣਾ ਚਾਹੀਦਾ ਹੈ। ਇੰਜ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਤੁਸੀਂ ਕਿਹੜੀ ਫ਼ਸਲ ਹੇਠ ਕਿੰਨਾ ਰਕਬਾ ਬੀਜਣਾ ਹੈ। ਉਸ ਅਨੁਸਾਰ ਬੀਜ ਤੇ ਖਾਦ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਫ਼ਸਲਾਂ ਦੀਆਂ ਪੰਜਾਬ ਵਿੱਚ ਕਾਸ਼ਤ ਲਈ ਸਿਫ਼ਾਰਿਸ਼ ਕੀਤੀਆਂ ਕਿਸਮਾਂ ਹੀ ਬੀਜੀਆਂ ਜਾਣ। ਦੁਕਾਨਦਾਰਾਂ ਦੇ ਆਖੇ ਲੱਗ ਗ਼ੈਰ ਪ੍ਰਮਾਣਿਤ ਕਿਸਮਾਂ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਾਰੀਆਂ ਕਿਸਮਾਂ ਦੀ ਪੂਰੀ ਤਰ੍ਹਾਂ ਪਰਖ਼ ਕਰਕੇ ਹੀ ਕਾਸ਼ਤ ਲਈ ਉਨ੍ਹਾਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

ਜੇ ਫ਼ਲਦਾਰ ਬੂਟੇ ਨਹੀਂ ਲਾਏ ਤਾਂ ਇਹ ਅਜੇ ਵੀ ਲਾਏ ਜਾ ਸਕਦੇ ਹਨ। ਸਦਾ ਬਹਾਰ ਬੂਟਿਆਂ ਵਿੱਚ ਕਿੰਨੂ, ਅੰਬ, ਲੀਚੀ, ਅਮਰੂਦ, ਬੇਰ, ਨਿੰਬੂ, ਆਂਵਲਾ ਪ੍ਰਮੁੱਖ ਹਨ। ਆਪਣੀ ਬੰਬੀ ਲਾਗੇ ਦੋ ਚਾਰ ਫ਼ਲਾਂ ਦੇ ਬੂਟੇ ਜ਼ਰੂਰ ਲਾਏ ਜਾਣ। ਇਸ ਵਾਰ ਲੁਧਿਆਣਾ ਕਿਸਾਨ ਮੇਲਾ 22-23 ਸਤੰਬਰ ਨੂੰ ਹੋ ਰਿਹਾ ਹੈ। ਤੁਹਾਨੂੰ ਪਰਿਵਾਰਾਂ ਸਮੇਤ ਇਨ੍ਹਾਂ ਮੇਲਿਆਂ ਵਿੱਚ ਜਾਣਾ ਚਾਹੀਦਾ ਹੈ। ਆਪਣੀਆਂ ਸਮੱਸਿਆਵਾਂ ਨੂੰ ਨਾਲ ਲੈ ਕੇ ਜਾਵੋ ਤੇ ਮਾਹਿਰਾਂ ਨਾਲ ਇਨ੍ਹਾਂ ਬਾਰੇ ਵਿਚਾਰ ਵਟਾਂਦਰਾ ਕਰੋ।

**ਜੇ ਫ਼ਲਦਾਰ ਬੂਟੇ ਨਹੀਂ ਲਾਏ ਤਾਂ ਇਹ ਅਜੇ ਵੀ ਲਾਏ ਜਾ ਸਕਦੇ ਹਨ। ਸਦਾ ਬਹਾਰ ਬੂਟਿਆਂ ਵਿੱਚ ਕਿੰਨੂ, ਅੰਬ, ਲੀਚੀ, ਅਮਰੂਦ, ਬੇਰ, ਨਿੰਬੂ, ਆਂਵਲਾ ਪ੍ਰਮੁੱਖ ਹਨ। ਆਪਣੀ ਬੰਬੀ ਲਾਗੇ ਦੋ ਚਾਰ ਫ਼ਲਾਂ ਦੇ ਬੂਟੇ ਜ਼ਰੂਰ ਲਾਏ ਜਾਣ।**



ਵੇਲੇ ਸਿਰ ਬੀਜੀਆਂ ਸਾਉਣੀ ਦੀਆਂ ਫ਼ਸਲਾਂ ਇਸ ਮਹੀਨੇ ਪੱਕਣ ਲੱਗਦੀਆਂ ਹਨ। ਜੇਕਰ ਮੀਂਹ ਨਹੀਂ ਪਿਆ ਤਾਂ ਫ਼ਸਲ ਨੂੰ ਆਖ਼ਰੀ ਪਾਣੀ ਕਟਾਈ ਤੋਂ ਕਰੀਬ 15 ਦਿਨ ਪਹਿਲਾਂ ਦੇ ਦੇਣਾ ਚਾਹੀਦਾ ਹੈ। ਫ਼ਸਲਾਂ ਦੀ ਕਟਾਈ ਤੇ ਗਹਾਈ ਸਮੇਂ ਸਿਰ ਕਰੋ ਤਾਂ ਜੋ ਇਨ੍ਹਾਂ ਦਾ ਨੁਕਸਾਨ ਨਾ ਹੋ ਸਕੇ। ਅਸੀਂ ਪਿਛਲੇ ਹਫ਼ਤੇ ਵੀ ਦੱਸਿਆ ਸੀ ਕਿ ਜੇ ਕੋਈ ਖੇਤ ਵਿਹਲਾ ਹੈ ਤਾਂ ਉਥੇ ਤੋਰੀਆ ਬੀਜਿਆ ਜਾ ਸਕਦਾ ਹੈ। ਸਾਡੇ ਦੇਸ਼ ਵਿੱਚ ਤੇਲ ਬੀਜਾਂ ਦੀ ਬਹੁਤ ਘਾਟ ਹੈ। ਇਸ ਕਰਕੇ ਇਨ੍ਹਾਂ ਦੀ ਵਿਕਰੀ ਵਿੱਚ ਵੀ ਕੋਈ ਪ੍ਰੇਸ਼ਾਨੀ ਨਹੀਂ ਆਉਂਦੀ। ਤੋਰੀਆ ਕੇਵਲ ਤਿੰਨ ਮਹੀਨਿਆਂ ਦੀ ਫ਼ਸਲ ਹੈ ਤੇ ਇਕ ਏਕੜ ਵਿੱਚੋਂ ਪੰਜ ਕੁਇੰਟਲ ਤੋਂ ਵੱਧ ਝਾੜ ਪ੍ਰਾਪਤ ਹੋ ਜਾਂਦਾ ਹੈ। ਇਸ ਪਿੱਛੋਂ ਖੇਤ ਵਿੱਚ ਪਿਆਜ਼, ਆਲੂ ਜਾਂ ਸੂਰਜਮੁਖੀ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਸ ਵਿੱਚ ਗੋਭੀ ਸਰ੍ਹੋਂ ਨੂੰ ਰਲਾ ਕੇ ਵੀ ਬੀਜਿਆ ਜਾ ਸਕਦਾ ਹੈ। ਤੋਰੀਆ ਦਸੰਬਰ ਵਿੱਚ ਕੱਟ ਲਿਆ ਜਾਂਦਾ ਹੈ ਜਦੋਂ ਕਿ ਸਰੋਂ ਮਾਰਚ ਵਿੱਚ ਪੱਕਦੀ ਹੈ। ਖੇਤ ਵਿੱਚ ਇਕ ਲਾਈਨ ਤੋਰੀਆ ਤੇ ਇਕ ਲਾਈਨ ਗੋਭੀ ਸਰੋਂ ਦੀ ਬੀਜੀ ਜਾ ਸਕਦੀ ਹੈ। ਗੋਭੀ ਸਰੋਂ ਤੋਂ ਪੂਰਾ ਝਾੜ ਭਾਵ ਅੱਠ ਕੁਇੰਟਲ ਪ੍ਰਤੀ ਏਕੜ ਪ੍ਰਾਪਤ ਹੋ ਜਾਂਦਾ ਹੈ। ਟੀਐੱਲ 17, ਪੀਬੀਟੀ 37 ਅਤੇ ਟੀਐੱਲ 15 ਸਿਫ਼ਾਰਸ਼ ਕੀਤੀਆਂ ਤੋਰੀਏ ਦੀਆਂ ਕਿਸਮਾਂ ਹਨ। ਜੀਐੱਸਸੀ 7, ਜੀਐੱਸਸੀ 6, ਹਾਇਓਲਾ ਪੀਏਸੀ 401 ਅਤੇ ਜੀਐੱਸਐੱਲ 2 ਗੋਭੀ ਸਰੋਂ ਦੀਆਂ ਕਿਸਮਾਂ ਹਨ। ਸਭ ਤੋਂ ਵੱਧ ਝਾੜ ਜੀਐੱਸਸੀ 7 ਦਾ ਕਰੀਬ 9 ਕੁਇੰਟਲ ਪ੍ਰਤੀ ਏਕੜ ਹੈ। ਰਲਵੀ ਫ਼ਸਲ ਲਈ ਦੋਵਾਂ ਦਾ ਕਿਲੋ ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ। ਜਦੋਂਕਿ ਨਿਰੋਲ ਫ਼ਸਲ ਲਈ ਡੇਢ ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ। ਸਰਦੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ ਦਾ ਹੁਣ ਮੌਸਮ ਚੱਲ ਰਿਹਾ ਹੈ। ਫ਼ਲ ਗੋਭੀ ਦੀ ਪਨੀਰੀ ਪੁੱਟ ਕੇ ਖੇਤ ਵਿਚ ਲਾਉਣ ਦਾ ਇਹ ਢੁਕਵਾਂ ਸਮਾਂ ਹੈ। ਇਸ ਤਰ੍ਹਾਂ ਬੰਦਗੋਭੀ ਦੀ ਪਨੀਰੀ ਵੀ ਹੁਣ ਲਾ ਦੇਣੀ ਚਾਹੀਦੀ ਹੈ। ਗਾਜਰ, ਮੂਲੀ ਤੇ ਸ਼ਲਗਮ ਦੀ ਅਗੇਤੀ ਬਿਜਾਈ ਲਈ ਵੀ ਢੁਕਵਾਂ ਸਮਾਂ ਹੈ। ਪੰਜਾਬ ਕੈਰਟ ਰੈੱਡ, ਪੰਜਾਬ ਬਲੈਕ ਬਿਊਟੀ ਅਤੇ ਪੀਸੀ-34 ਗਾਜਰ ਦੀਆਂ ਉੱਨਤ ਕਿਸਮਾਂ ਹਨ। ਐੱਲ-1 ਸ਼ਲਗਮ ਦੀ ਸਿਫ਼ਾਰਸ਼ ਕੀਤੀਂ ਸਮ ਹੈ। ਮੂਲੀ ਦੀਆਂ ਹੁਣ ਪੰਜਾਬ ਸਫ਼ੈਦ ਮੂਲੀ-2, ਪੰਜਾਬ ਪਸੰਦ ਅਤੇ ਜਪਾਨੀ ਵਾਈਟ ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਪਾਲਕ ਦੀ ਖੇਤੀ ਲਗਪਗ ਸਾਰਾ ਸਾਲ ਹੀ ਹੁੰਦੀ ਰਹਿੰਦੀ ਹੈ। ਨਵੀਂ ਬਿਜਾਈ ਹੁਣ ਕੀਤੀ ਜਾ ਸਕਦੀ ਹੈ। ਪੰਜਾਬ ਗਰੀਨ ਉੱਨਤ ਕਿਸਮ ਹੈ। ਇਕ ਏਕੜ ਲਈ ਕੋਈ ਪੰਜ ਕਿਲੋ ਬੀਜ ਚਾਹੀਦਾ ਹੈ।

ਅਗੇਤੀ ਮੱਕੀ ਤੇ ਦਾਲਾਂ ਨੇ ਪੱਕਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਦੀ ਸਮੇਂ ਸਿਰ ਸਾਂਭ ਸੰਭਾਲ ਜ਼ਰੂਰੀ ਹੈ। ਮੱਕੀ ਨੂੰ ਮੰਡੀ ਵਿੱਚ ਸੁਕਾ ਕੇ ਵੇਚਣਾ ਚਾਹੀਦਾ ਹੈ। ਅਜਿਹਾ ਕੀਤਿਆਂ ਵਿਕਰੀ ਛੇਤੀ ਹੋ ਜਾਂਦੀ ਹੈ। ਦਾਲਾਂ ਦੀ ਵਿਕਰੀ ਤਾਂ ਆਪ ਸਿੱਧੀ ਕਰਨ ਦਾ ਯਤਨ ਕੀਤਾ ਜਾਵੇ ਤਾਂ ਜੋ ਵੱਧ ਪੈਸੇ ਵੱਟੇ ਜਾ ਸਕਣ।

ਅਗਲੇ ਮਹੀਨੇ ਹਾੜ੍ਹੀ ਦੀਆਂ ਫ਼ਸਲਾਂ ਦੀ ਬਿਜਾਈ ਸ਼ੁਰੂ ਹੋ ਜਾਣੀ ਹੈ। ਇਸ ਬਾਰੇ ਆਪਣੇ ਫਾਰਮ ਦੀ ਵਿਉਂਤਬੰਦੀ ਕਰੋ। ਜਿਹੜੀਆਂ ਫ਼ਸਲਾਂ ਬੀਜਣੀਆਂ ਹਨ, ਉਨ੍ਹਾਂ ਦੀ ਸੂਚੀ ਬਣਾਵੋ। ਇਨ੍ਹਾਂ ਲਈ ਬੀਜ ਅਤੇ ਖਾਦਾਂ ਦਾ ਲੋੜ ਅਨੁਸਾਰ ਪ੍ਰਬੰਧ ਕਰੋ।

ਕਿਸਾਨਾਂ ਨੂੰ ਚਾਹੀਦਾ ਹੈ ਕਿ ਆਪਣੀ ਵਿਉਂਤ ਅਨੁਸਾਰ ਢੁਕਵੀਂ ਸਿਫ਼ਾਰਸ਼ ਕੀਤੀ ਕਿਸਮ ਦੇ ਵਧੀਆ ਬੀਜ ਦਾ ਪ੍ਰਬੰਧ ਕਰ ਲੈਣ ਤਾਂ ਜੋ ਬਿਜਾਈ ਸਮੇਂ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਫ਼ਸਲ ਦਾ ਪੂਰਾ ਝਾੜ ਲੈਣ ਲਈ ਇਨ੍ਹਾਂ ਛੋਟੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ।

ਆਮ ਤੌਰ ’ਤੇ ਗੰਨੇ ਦੀ ਬਿਜਾਈ ਫ਼ਰਵਰੀ-ਮਾਰਚ ਵਿੱਚ ਕੀਤੀ ਜਾਂਦੀ ਹੈ ਪਰ ਮਾਹਿਰਾਂ



ਦਾ ਮੰਨਣਾ ਹੈ ਕਿ ਇਸ ਦੀ ਬਿਜਾਈ ਹੁਣ ਵੀ ਕੀਤੀ ਜਾ ਸਕਦੀ ਹੈ। ਇਸ ਨੂੰ ਪਤਝੜੀ ਫ਼ਸਲ ਆਖਿਆ ਜਾਂਦਾ ਹੈ। ਇਸ ਮੌਸਮ ਦੀ ਬਿਜਾਈ ਦਾ ਮੁੱਖ ਲਾਭ ਹੈ ਕਿ ਇਸ ਵਿੱਚ ਦੂਜੀਆਂ ਫ਼ਸਲਾਂ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਆਲੂ, ਕਣਕ, ਰਾਇਆ, ਗੋਭੀ ਸਰੋਂ, ਤੋਰੀਆ, ਮੱਕੀ, ਪੱਤਗੋਭੀ, ਮੂਲੀ, ਮਟਰ, ਛੋਲੇ ਜਾਂ ਲਸਣ ਦੀ ਬਿਜਾਈ ਕੀਤੀ ਜਾ ਸਕਦੀ ਹੈ। ਇੰਜ ਇਕ ਵਾਧੂ ਫ਼ਸਲ ਪ੍ਰਾਪਤ ਹੋ ਜਾਵੇਗੀ। ਇਸ ਮੌਸਮ ਵਿੱਚ ਬਿਜਾਈ ਲਈ ਸੀਓਪੀਬੀ 92, ਸੀਓ 118 ਸੀਓਜੇ 85 ਅਤੇ ਸੀਓਜੇ 64 ਕਿਸਮਾਂ ਦੀ ਸਿਫ਼ਾਰਸ਼ ਕੀਤੀ ਗਈ ਹੈ।

ਖਾਦਾਂ ਦੀ ਵਰਤੋਂ ਮਿੱਟੀ ਪਰਖ਼ ਦੀ ਰਿਪੋਰਟ ਅਨੁਸਾਰ ਕਰਨੀ ਚਾਹੀਦੀ ਹੈ। ਬਿਜਾਈ ਸਮੇਂ 30 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਪਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਕ ਏਕੜ ਲਈ ਤਿੰਨ ਅੱਖਾਂ ਵਾਲੀਆਂ 20 ਹਜ਼ਾਰ ਪੱਛੀਆਂ ਜਾਂ ਚਾਰ ਅੱਖਾਂ ਵਾਲੀਆਂ 15000 ਪੱਛੀਆਂ ਚਾਹੀਦੀਆਂ ਹਨ। ਬਿਜਾਈ ਸਿਆੜਾਂ ਵਿੱਚ ਪੱਛੀਆਂ ਨੂੰ ਇਕ ਦੂਜੀ ਨਾਲ ਜੋੜ ਕੇ ਕਰੋ। ਲਈਆਂ ਵਿਚਕਾਰ 90 ਸੈਂਟੀਮੀਟਰ ਦਾ ਫ਼ਾਸਲਾ ਰੱਖਿਆ ਜਾਵੇ। ਪਹਿਲਾ ਪਾਣੀ ਬਿਜਾਈ ਤੋਂ ਇਕ ਮਹੀਨੇ ਪਿੱਛੋਂ ਦੇਵੋ।



# ਚੰਗੇ ਫ਼ਸਲੀ ਝਾੜ ਲਈ ਜ਼ਰੂਰੀ ਹੈ ਖਾਦਾਂ ਦੀ ਸੰਤੁਲਿਤ ਵਰਤੋਂ

**ਰਸਾਇਣਿਕ ਖਾਦਾਂ ਦੇ ਨਾਲ-ਨਾਲ ਜੇਕਰ ਅਸੀਂ ਸਮੇਂ-ਸਮੇਂ ਤੇ ਖੇਤ ਵਿਚ ਰੂੜੀ ਦੀ ਖਾਦ ਪਾਈਏ ਅਤੇ ਹਰੀਆਂ ਖਾਦਾਂ (ਜੰਤਰ, ਰਵਾਂਹ, ਮੂੰਗੀ) ਉਗਾਈਏ ਤਾਂ ਰਸਾਇਣਿਕ ਖਾਦਾਂ ਦੀ ਵਰਤੋਂ ਘਟਾਈ ਜਾ ਸਕਦੀ ਹੈ, ਜ਼ਮੀਨ ਦੀ ਸਿਹਤ ਬਹੁਤ ਵਧੀਆ ਰਹਿੰਦੀ ਹੈ ਅਤੇ ਜ਼ਮੀਨ ਵਿਚ ਸਾਰੇ ਵੱਡੇ ਅਤੇ ਸੂਖਮ ਤੱਤਾਂ ਦਾ ਸੰਤੁਲਨ ਬਣਿਆ ਰਹਿੰਦਾ ਹੈ। ਚਲੋ ਹੁਣ ਅਸੀਂ ਪੰਜਾਬ ਵਿਚ ਸਾਉਣੀ ਦੀ ਮੁੱਖ ਫ਼ਸਲ ਝੋਨੇ ਦੀ ਗੱਲ ਕਰਦੇ ਹਾਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫਾਰਿਸ਼ਾਂ ਅਨੁਸਾਰ ਖਾਦਾਂ ਦੀ ਵਰਤੋਂ ਮਿੱਟੀ ਦੀ ਪਰਖ ਦੇ ਆਧਾਰ ’ਤੇ ਹੀ ਕਰਨੀ ਚਾਹੀਦੀ ਹੈ ਅਤੇ ਜੇਕਰ ਮਿੱਟੀ ਦੀ ਪਰਖ ਨਹੀਂ ਕਰਵਾਈ ਗਈ ਤਾਂ 110 ਕਿਲੋ ਯੂਰੀਆ, 27 ਕਿਲੋ ਡੀ. ਏ. ਪੀ. ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪਾਉਣੀ ਚਾਹੀਦੀ ਹੈ।**

ਡਾ. ਗੁਰਮਿੰਦਰ ਸਿੰਘ ਬਰਾੜ

ਕਿਸਾਨ ਵੀਰੋ ਕਿਸੇ ਵੀ ਫ਼ਸਲ ਤੋਂ ਵਧੇਰੇ ਝਾੜ ਅਤੇ ਮੁਨਾਫਾ ਲੈਣ ਲਈ ਜਿੰਨੀਆਂ ਖਾਦਾਂ ਜ਼ਰੂਰੀ ਹਨ, ਉਸ ਤੋਂ ਵੀ ਵੱਧ ਮਹੱਤਵ ਹੈ, ਕਿਸੇ ਵੀ ਫ਼ਸਲ ਨੂੰ ਪਾਈਆਂ ਜਾਣ ਵਾਲੀਆਂ ਵੱਖ-ਵੱਖ ਖਾਦ ਦੀ ਮਾਤਰਾ ਅਤੇ ਖਾਦਾਂ ਪਾਉਣ ਦੇ ਸਹੀ ਸਮੇਂ ਦਾ ਹੈ, ਕਿਉਂਕਿ ਬੇਲੋੜੀ ਮਾਤਰਾ ਅਤੇ ਬੇਲੋੜੇ ਸਮੇਂ ’ਤੇ ਪਾਈਆਂ ਜਾਣ ਵਾਲੀਆਂ ਰਸਾਇਣਿਕ ਖਾਦਾਂ ਫ਼ਸਲ ਨੂੰ ਫਾਇਦਾ ਕਰਨ ਦੀ ਬਜਾਏ ਉਲਟਾ ਸਾਡੀ ਫ਼ਸਲ ਅਤੇ ਪੈਸੇ ਦਾ ਨੁਕਸਾਨ ਕਰਦੀਆਂ ਹੀ ਹਨ, ਇਸ ਦੇ ਨਾਲ ਹੀ ਮਿੱਟੀ, ਪਾਣੀ ਅਤੇ ਵਾਤਾਵਰਨ ਨੂੰ ਵੀ ਦੂਸ਼ਿਤ ਕਰਦੀਆਂ ਹਨ, ਜਿਸ ਨਾਲ ਮਨੁੱਖੀ ਸਿਹਤ ਉੱਪਰ ਵੀ ਬੁਰਾ ਪ੍ਰਭਾਵ ਪੈਂਦਾ ਹੈ। ਰਸਾਇਣਿਕ ਖਾਦਾਂ ਦੇ ਨਾਲ-ਨਾਲ ਜੇਕਰ ਅਸੀਂ ਸਮੇਂ-ਸਮੇਂ ਤੇ ਖੇਤ ਵਿਚ ਰੂੜੀ ਦੀ ਖਾਦ ਪਾਈਏ ਅਤੇ ਹਰੀਆਂ ਖਾਦਾਂ (ਜੰਤਰ, ਰਵਾਂਹ, ਮੂੰਗੀ) ਉਗਾਈਏ ਤਾਂ ਰਸਾਇਣਿਕ ਖਾਦਾਂ ਦੀ ਵਰਤੋਂ ਘਟਾਈ ਜਾ ਸਕਦੀ ਹੈ, ਜ਼ਮੀਨ ਦੀ ਸਿਹਤ ਬਹੁਤ ਵਧੀਆ ਰਹਿੰਦੀ ਹੈ ਅਤੇ ਜ਼ਮੀਨ ਵਿਚ ਸਾਰੇ ਵੱਡੇ ਅਤੇ ਸੂਖਮ ਤੱਤਾਂ ਦਾ ਸੰਤੁਲਨ ਬਣਿਆ ਰਹਿੰਦਾ ਹੈ। ਚਲੋ ਹੁਣ ਅਸੀਂ ਪੰਜਾਬ ਵਿਚ ਸਾਉਣੀ ਦੀ ਮੁੱਖ ਫ਼ਸਲ ਝੋਨੇ ਦੀ ਗੱਲ ਕਰਦੇ ਹਾਂ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀਆਂ ਸਿਫਾਰਿਸ਼ਾਂ ਅਨੁਸਾਰ ਖਾਦਾਂ ਦੀ ਵਰਤੋਂ ਮਿੱਟੀ ਦੀ ਪਰਖ ਦੇ ਆਧਾਰ ’ਤੇ ਹੀ ਕਰਨੀ ਚਾਹੀਦੀ ਹੈ ਅਤੇ ਜੇਕਰ ਮਿੱਟੀ ਦੀ ਪਰਖ ਨਹੀਂ ਕਰਵਾਈ ਗਈ ਤਾਂ 110 ਕਿਲੋ ਯੂਰੀਆ, 27 ਕਿਲੋ ਡੀ. ਏ.ਪੀ. ਅਤੇ 20 ਕਿਲੋ ਮਿਊਰੇਟ ਆਫ ਪੋਟਾਸ਼ ਪਾਉਣੀ ਚਾਹੀਦੀ ਹੈ। ਜੇਕਰ ਕਣਕ ਦੀ ਫ਼ਸਲ ਨੂੰ ਸਿਫਾਰਿਸ਼ ਕੀਤੀ ਗਈ ਡੀ. ਏ. ਪੀ. ਦੀ ਮਾਤਰਾ ਪਾਈ ਗਈ ਹੋਵੇ ਤਾਂ ਝੋਨੇ ਦੀ ਫ਼ਸਲ ਨੂੰ ਡੀ. ਏ. ਪੀ. ਖਾਦ ਪਾਉਣ ਦੀ ਜ਼ਰੂਰਤ ਨਹੀਂ, ਪਰੰਤੂ ਫਿਰ ਵੀ ਕੁਝ ਕਿਸਾਨ ਵੀਰ ਝੋਨੇ ਦੀ ਫ਼ਸਲ ਨੂੰ 50 ਕਿਲੋ ਤੱਕ ਵੀ ਡੀ. ਏ. ਪੀ. ਖਾਦ ਪਾ ਦਿੰਦੇ ਹਨ, ਜਿਸਦਾ ਝੋਨੇ ਦੀ ਫ਼ਸਲ ਨੂੰ ਕੋਈ ਫਾਇਦਾ ਨਹੀਂ ਮਿਲਦਾ, ਜੋ ਕਿ ਪੈਸੇ ਦੀ ਬਰਬਾਦੀ ਹੈ। ਪੰਜਾਬ ਦੀਆਂ ਸਾਰੀਆਂ ਜ਼ਮੀਨਾਂ ਵਿਚ ਪੋਟਾਸ਼ ਦੀ ਕਾਫੀ ਮਾਤਰਾ ਮੌਜੂਦ ਹੈ, ਪਰੰਤੂ ਫਿਰ ਵੀ ਜੇਕਰ ਲੋੜ ਮਹਿਸੂਸ ਹੋਵੇ ਤਾਂ ਪੋਟਾਸ਼ ਖਾਦ ਸਿਫਾਰਿਸ਼ ਅਨੁਸਾਰ ਪਾਈ ਜਾ ਸਕਦੀ ਹੈ। ਹੁਣ ਅਸੀਂ ਗੱਲ ਕਰਦੇ ਹਾਂ ਨਾਈਟ੍ਰੋਜਨ ਤੱਤ ਵਾਲੀ ਖਾਦ ਯੂਰੀਆ ਦੀ ਜਿਸ ਦੀ ਸਿਫਾਰਿਸ਼ ਮਾਤਰਾ ਵਿਚੋਂ 1/3 ਹਿੱਸਾ ਕੱਦੂ ਕਰਨ ਤੋਂ ਪਹਿਲਾਂ ਜਾਂ ਪਨੀਰੀ ਲਾਉਣ ਤੋਂ ਦੋ ਹਫਤੇ ਤੱਕ ਅਤੇ ਬਾਕੀ ਰਹਿੰਦੀ ਯੂਰੀਆ ਨੂੰ ਦੋ ਬਰਾਬਰ ਹਿੱਸਿਆਂ ਵਿਚ ਪਨੀਰੀ ਲਾਉਣ ਤੋਂ 3 ਅਤੇ 6 ਹਫਤੇ ਬਾਅਦ ਛੱਟੇ ਨਾਲ ਪਾਉਣੀ ਚਾਹੀਦੀ ਹੈ। ਇਸ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਯੂਰੀਆ ਖਾਦ ਦੀ ਵਰਤੋਂ ਲਈ ਪੱਤਾ ਰੰਗ ਚਾਰਟ (ਐਲ.ਸੀ.ਸੀ.) ਵਿਧੀ ਵੀ ਦੱਸੀ ਗਈ ਹੈ ਜਿਸ ਅਨੁਸਾਰ ਝੋਨੇ ਦੀ ਲੁਆਈ ਸਮੇਂ 25 ਕਿਲੋ ਯੂਰੀਆ ਪ੍ਰਤੀ ਏਕੜ ਪਾਉਣ ਉਪਰੰਤ ਝੋਨਾ ਲੱਗਣ ਦੇ ਦੋ-ਦੋ ਹਫਤਿਆਂ ਬਾਅਦ ਹਰ ਵਾਰ ਖੇਤ ਵਿਚ ਦਸ ਪੌਦਿਆਂ ਦੇ ਉੱਪਰੋਂ ਪੂਰੇ ਖੁੱਲ੍ਹੇ ਪਹਿਲੇ ਪੱਤੇ ਦਾ ਰੰਗ ਬਿਨਾਂ ਤੋੜੇ ਚਾਰਟ ਨਾਲ ਮਿਲਾਉ ਅਤੇ ਜਦੋਂ ਦਸ ਵਿਚੋਂ ਛੇ ਜਾਂ ਵੱਧ ਪੱਤਿਆਂ ਦਾ ਰੰਗ ਚਾਰਟ ਦੀ ਟਿੱਕੀ ਨੰਬਰ 4 ਤੋਂ ਫਿੱਕਾ ਹੋਵੇ ਤਾਂ 25 ਕਿਲੋ ਯੂਰੀਆ ਪ੍ਰਤੀ ਏਕੜ ਪਾ ਦਿਉ, ਪਰੰਤੂ ਕਿਸਾਨ ਵੀਰ ਝੋਨੇ ਦਾ ਝਾੜ ਵਧਾਉਣ ਲਈ ਸਿਰਫ ਯੂਰੀਆ ਨੂੰ ਹੀ ਰਾਮਬਾਣ ਮੰਨਦੇ ਹਨ ਅਤੇ ਜਦੋਂ ਵੀ ਫ਼ਸਲ ਥੋੜਾ ਜਿਹਾ ਵੀ ਰੰਗ ਛੱਡਦੀ ਹੈ ਤਾਂ ਇਕ-ਦੂਜੇ ਦੀ ਦੇਖਾ-ਦੇਖੀ ਰੰਗ ਗੂੜ੍ਹਾ ਕਰਨ ਲਈ ਵਾਰ-ਵਾਰ ਹੀ ਯੂਰੀਆ ਖਾਦ ਪਾਉਂਦੇ ਹਨ ਅਤੇ ਕੁਝ ਕਿਸਾਨ ਵੀਰ 4 ਤੋਂ 5 ਗੱਟੇ ਮਤਲਬ 200 ਤੋਂ 250 ਕਿਲੋ ਯੂਰੀਆ ਵੀ ਪਾ ਦਿੰਦੇ ਹਨ, ਜੋ ਕਿ ਗ਼ਲਤ ਹੈ, ਕਿਉਂਕਿ ਜ਼ਿਆਦਾ ਮਾਤਰਾ ਵਿਚ ਨਾਈਟ੍ਰੋਜਨ ਤੱਤ ਵਾਲੀ ਖਾਦ ਪਾਉਣ ਨਾਲ ਪੱਤਿਆਂ ਵਿਚ ਪ੍ਰੋਟੀਨ ਦੀ ਮਾਤਰਾ ਵੱਧ ਹੋ ਜਾਂਦੀ ਅਤੇ ਪੱਤੇ ਜ਼ਿਆਦਾ ਹਰੇ ਅਤੇ ਨਰਮ ਹੋ ਜਾਂਦੇ ਹਨ, ਜਿਸ ਕਾਰਨ ਫ਼ਸਲ ਉੱਪਰ ਕੀੜੇ-ਮਕੌੜਿਆਂ



ਤੋਂ ਇਲਾਵਾ ਤਣਾ ਗਲਣ ਦਾ ਰੋਗ, ਝੁਲਸ ਰੋਗ, ਭੂਰੇ ਧੱਬਿਆਂ ਦਾ ਰੋਗ ਆਦਿ ਹੋ ਸਕਦਾ ਹੈ ਅਤੇ ਫ਼ਸਲ ਦਾ ਝਾੜ ਘਟ ਜਾਂਦਾ ਹੈ। ਇਸ ਤੋਂ ਇਲਾਵਾ ਯੂਰੀਆ ਖਾਦ ਪਾਉਣ ਵੇਲੇ ਖੇਤ ਵਿਚ ਪਾਣੀ ਵੀ ਖੜ੍ਹਾ ਨਹੀਂ ਹੋਣਾ ਚਾਹੀਦਾ ਕਿਉਂਕਿ ਇਸ ਨਾਲ ਯੂਰੀਆ ਦਾ ਕੁਝ ਹਿੱਸਾ ਪਾਣੀ ਨਾਲ ਹੇਠਾਂ ਚਲਾ ਜਾਂਦਾ ਹੈ ਅਤੇ ਕੁਝ ਅਮੋਨੀਆ ਬਣ ਕੇ ਹਵਾ ਵਿਚ ਉੱਡ ਜਾਂਦਾ ਹੈ, ਸੋ ਖਾਦ ਪਾਉਣ ਤੋਂ ਤੀਸਰੇ ਦਿਨ ਪਾਣੀ ਲਾਉਣਾ ਚਾਹੀਦਾ ਹੈ। ਜ਼ਿਆਦਾ ਸਮੇਂ ਤੋਂ ਲਗਾਤਾਰ ਕਣਕ-ਝੋਨਾ ਫ਼ਸਲੀ ਚੱਕਰ ਕਾਰਨ ਹੁਣ ਪੰਜਾਬ ਦੀਆਂ ਜ਼ਮੀਨਾਂ ਵਿਚ ਲੋਹਾ ਅਤੇ ਜ਼ਿੰਕ ਆਦਿ ਤੱਤਾਂ ਦੀ ਘਾਟ ਵੀ ਆਉਂਦੀ ਹੈ, ਸੋ ਜੇਕਰ ਬੂਟਿਆਂ ਦੇ ਪੱਤੇ ਮਧਰੇ ਰਹਿਣ, ਜੜ੍ਹ ਘੱਟ ਮਾਰਨ, ਜੰਗਾਲੇ ਜਿਹੇ ਅਤੇ ਭੂਰੇ ਹੋ ਜਾਣ ਤਾਂ 25 ਕਿਲੋ ਜ਼ਿੰਕ ਸਲਫੇਟ 21 ਫ਼ੀਸਦੀ ਪ੍ਰਤੀ ਏਕੜ ਖੇਤ ਵਿਚ ਖਿਲਾਰ ਦਿਉ। ਇਸੇ ਤਰਾਂ ਜੇਕਰ ਹਲਕੀਆਂ ਜ਼ਮੀਨਾਂ ਵਿਚ ਝੋਨਾ ਲਾਇਆ ਗਿਆ ਹੋਵੇ ਜਾਂ ਪਾਣੀ ਦੀ ਜ਼ਿਆਦਾ ਘਾਟ ਆ ਜਾਵੇ ਤਾਂ ਝੋਨੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਜਾਂਦੇ ਹਨ ਅਤੇ ਹੌਲੀ-ਹੌਲੀ ਬੂਟੇ ਮਰ ਜਾਂਦੇ ਹਨ, ਜੋ ਕਿ ਲੋਹੇ ਤੱਤ ਦੀ ਘਾਟ ਦੀਆਂ ਨਿਸ਼ਾਨੀਆਂ ਹਨ, ਸੋ ਜਦੋਂ ਅਜਿਹੀਆਂ ਨਿਸ਼ਨੀਆਂ ਨਜ਼ਰ ਆਉਣ ਤਾਂ ਛੇਤੀ-ਛੇਤੀ ਭਰਵੇਂ ਪਾਣੀ ਲਾਉ ਅਤੇ ਇਕ ਕਿਲੋ ਫੈਰਸ ਸਲਫੇਟ ਨੂੰ 100 ਲਿਟਰ ਪਾਣੀ ਵਿਚ ਮਿਲਾ ਕੇ ਇਕ ਹਫਤੇ ਦੀ ਵਿੱਥ ’ਤੇ 2-3 ਛਿੜਕਾਅ ਕਰੋ। ਕਈ ਕਿਸਾਨ ਵੀਰ ਗ਼ੈਰ-ਤਕਨੀਕੀ ਲੋਕਾਂ ਦੇ ਕਹਿਣ ਤੇ ਲੋਹਾ ਤੱਤ ਜ਼ਮੀਨ ਵਿਚ ਪਾ ਦਿੰਦੇ ਹਨ ਪਰੰਤੂ ਇੱਥੇ ਧਿਆਨ ਯੋਗ ਗੱਲ ਇਹ ਹੈ ਕਿ ਲੋਹੇ ਦੀ ਜ਼ਮੀਨ ਰਾਹੀਂ ਪੂਰਤੀ ਅਸਰਦਾਰ ਨਹੀਂ ਹੈ। ਸੋ ਆਖਰ ਵਿਚ ਕਿਸਾਨ ਵੀਰਾਂ ਨੂੰ ਬੇਨਤੀ ਹੈ ਕਿ ਖਾਦਾਂ ਨੂੰ ਲੋੜ ਅਨੁਸਾਰ ਸਹੀ ਮਾਤਰਾ ਅਤੇ ਸਹੀ ਸਮੇਂ ਉੱਪਰ ਪਾ ਕੇ ਅਸੀਂ ਵਧੇਰੇ ਫ਼ਸਲੀ ਝਾੜ ਲੈ ਸਕਦੇ ਹਾਂ ਅਤੇ ਇਸ ਦੇ ਨਾਲ-ਨਾਲ ਜੇਕਰ ਅਸੀਂ ਸੰਤੁਲਿਤ ਖਾਦਾਂ ਜਿਸ ਵਿਚ ਰਸਾਇਣਿਕ ਖਾਦਾਂ ਦੇ ਨਾਲ ਰੂੜੀ, ਹਰੀ ਖਾਦ ਦੀ ਵਰਤੋਂ ਵੀ ਕਰੀਏ ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। -ਖੇਤੀਬਾੜੀ ਵਿਕਾਸ ਅਫਸਰ, ਬਾਘਾਪੁਰਾਣਾ

# ਗਿਆਨ ਭਗਤੀ ਦੇ ਪੁੰਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ

**ਮਨੋਹਰ ਲਾਲ ਪਵਾਰ**



ਅਰਜਨ ਸੁਨਤਿ ਸੁ ਦਾਸਨ ਕੋ ਦਾਨ ਦੇਤਿ,
ਮੋਹ ਕੋ ਬਿਦਾਰਬੇ ਕੋ ਬਾਕ ਸਾਰ ਅਰਜਨ।
ਅਰਜਨ ਨਾ ਜਾਨਸੋ ਜਾਇ, ਕੇਤੋ ਹੈ ਬਿਥਾਰ ਤੇਰੋ
ਐਸੋ ਰੂਪ ਧਾਰਿ ਆਇ ਰਾਜੈ ਗੁਰੂ ਅਰਜਨ।

ਇਤਿਹਾਸ ਗਵਾਹ ਹੈ ਜਦੋਂ ਵੀ ਧਰਮ ਤੇ ਸੰਕਟ/ਅਤਿਆਚਾਰ ਹੁੰਦਾ ਰਿਹਾ ਉਦੋਂ ਅਵਤਾਰਾਂ, ਗੁਰੂਆਂ / ਸੰਤਾਂ ਧਰਮ ਦੀ ਰੱਖਿਆ ਲਈ ਸੰਤਪਤ ਮਾਨਵ ਜਾਤੀ ਨੂੰ ਉਬਾਰਿਆ ਅਤੇ ਜ਼ੁਲਮ ਜ਼ਾਬਰ ਦਾ ਸਾਹਮਣਾ ਕਰਦੇ ਹੋਏ ਆਪਣੇ ਪ੍ਰਾਣਾਂ ਦੀ ਅਹੂਤੀ ਦਿੱਤੀ। ਪੰਜਵੇਂ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਦਾ ਬਲਿਦਾਨ ਭਾਰਤ ਦੇ ਇਤਿਹਾਸ ਵਿਚ ਅਜੋਕੀ ਮਿਸਾਲ ਹੈ। ਇਸੇ ਤਰ੍ਹਾਂ ਨੌਵੇਂ ਗੁਰੂ ਸਾਹਿਬ ਗੁਰੂ ਤੇਗ ਬਹਾਦਰ ਜੀ ਨੇ ਵੀ ਧਰਮ ਦੀ ਰੱਖਿਆ ਲਈ ਆਪਣਾ ਬਲਿਦਾਨ ਦਿੱਤਾ।

ਮੁੱਢਲਾ ਜੀਵਨ:- ਸਾਹਿਬ ਗੁਰੂ ਅਰਜਨ ਦੇਵ ਜੀ ਦਾ ਜਨਮ ਮਾਤਾ ਭਾਨੀ ਸਪੁੱਤਰੀ ਸ੍ਰੀ ਅਮਰਦਾਸ ਜੀ ਦੀ ਕੁੱਖੋਂ ਗੁਰੂ ਰਾਮ ਦਾਸ ਜੀ ਦੇ ਘਰ 15 ਅਪ੍ਰੈਲ 1563 ਈਸਵੀਂ ਵਿਚ ਹੋਇਆ। ਗੋਇੰਦਵਾਲ ਵਿਖੇ ਆਪ 11 ਸਾਲ ਰਹੇ ਜਿਸ ਮਗਰੋਂ ਆਪ ਚੱਕ ਗੁਰੂ (ਅੰਮ੍ਰਿਤਸਰ) ਆਪਣੇ ਪਿਤਾ ਗੁਰੂ ਰਾਮ ਦਾਸ ਜੀ ਨਾਲ ਆ ਗਏ। ਗੁਰੂ ਅਮਰਦਾਸ ਜੀ ਇਨ੍ਹਾਂ ਦੇ ਨਾਨਾ ਜੀ ਲੱਗਦੇ ਸਨ ਅਤੇ ਉਹਨਾਂ ਨੇ ਇਨ੍ਹਾਂ ਦੇ ਜਨਮ ਸਮੇਂ ਭਵਿੱਖਵਾਣੀ ਕੀਤੀ ਸੀ, "ਦੋਹਤਾ ਬਾਣੀ ਦਾ ਬੋਹਥਾ" ਬਾਬਾ ਮੋਹਨ ਜੀ ਇਨ੍ਹਾਂ ਨੇ ਮਾਮਾ ਜੀ ਲਗਦੇ ਹਨ, ਜਿਨ੍ਹਾਂ ਨਾਲ ਇੰਨ੍ਹਾਂ ਦਾ ਡੂੰਘਾ ਪ੍ਰੇਮ ਸੀ ਗੁਰੂ ਜੀ ਦੇ ਦੋ ਵੱਡੇ ਭਰਾ ਪ੍ਰਿਥਵੀ ਚੰਦ ਅਤੇ ਮਹਾਂਦੇਵ ਹਮੇਸ਼ਾ ਸ੍ਰੀ ਅਰਜਨ ਦੇਵ ਜੀ ਦੇ ਨਾਲ ਈਰਖਾ ਕਰਦੇ ਰਹੇ। 18 ਸਾਲ ਦੀ ਉਮਰ ਵਿਚ ਇਨ੍ਹਾਂ ਨੂੰ ਗੁਰ ਗੱਦੀ ਮਿਲੀ। ਮਹਾਂਦੇਵ ਜੀ ਦੀ ਪਤਨੀ ਕਰਮੋਂ ਨੇ ਇਨ੍ਹਾਂ ਦੇ ਸਪੁੱਤਰ ਬਾਲ ਹਰਗੋਬਿੰਦ ਰਾਏ ਜੀ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਵਿਅਰਥ। ਪ੍ਰਿੰਥੀ ਚੰਦ ਨੇ ਤਾਂ ਇਥੋਂ ਤੱਕ ਇੱਕ ਸਪੋਲਾ ਇਨ੍ਹਾਂ ਨੂੰ ਮਾਰਨ ਲਈ ਹੱਥ ਵਿਚ ਫੜ੍ਹਾਇਆ ਗਿਆ ਪਰ ਗੁਰੂ ਪ੍ਰਮੇਸ਼ਵਰ ਨੂੰ ਕੌਣ ਮਾਰ ਸਕਦਾ ਹੈ। ਇਨ੍ਹਾਂ ਨੇ ਸਪੋਲਾ ਹੱਥ ਨਾਲ ਫੜ ਜ਼ਮੀਨ 'ਤੇ ਰਗੜ ਕੇ ਮਾਰ ਦਿੱਤਾ। ਪ੍ਰਿਥੀ ਚੰਦ ਹਮੇਸ਼ਾ ਦਿੱਲੀ ਦਰਬਾਰ ਵਿਚ ਇਨ੍ਹਾਂ ਖਿਲਾਫ ਝੂਠੀ ਸ਼ਿਕਾਇਤਾਂ ਕਰਦਾ ਰਿਹਾ ਅਤੇ ਪਿਤਾ ਗੁਰੂ ਰਾਮਦਾਸ ਵੱਲੋਂ ਲਿਖੀਆਂ ਚਿੱਠੀਆਂ ਵੀ ਲੁਕਾਉਂਦਾ ਰਿਹਾ।

ਜਦੋਂ ਬਾਲ ਹਰਗੋਬਿੰਦ ਜੀ ਨੂੰ ਸ਼ੀਤਲਾ ਦਾ ਪਰਕੋਪ ਹੋਇਆ ਤਾਂ ਆਪ ਨੇ ਬਚਨ ਫੁਰਮਾਏ;
ਡਰੋ ਨਾ ਉਹ ਬਾਲਕ ਕੇ ਰਖਵਾਰ ਰਮਾਪਤਿ
ਆਸ ਕਰੋ ਪਰਮੇਸਰ ਕੀ ਜਿਸ ਤੇ ਨਹਿ ਔਰ
ਬੜੇ ਦੁਖ ਦਾਹਿਤ॥
ਸੁਨ ਦੇਤਿ ਧੀਰ ਨਹੀਂ ਕਰਹੁ ਤ੍ਰਾਸ
ਇਕ ਪਾਰਬ੍ਰਹਮ ਕੀ ਧਰਹੁ ਆਸ।
ਗੁਰੂ ਨਾਨਕ ਇਨਕੇ ਨਿਤ ਸਹਾਏ
ਜਿਨ ਨਾਮ ਜਪੇ ਸਭ ਕਸ਼ਟ ਜਾਏ।

ਜਦੋਂ ਇਨ੍ਹਾਂ ਦੇ ਵੱਡੇ ਭਰਾ ਮਹਾਂਦੇਵ ਜੀ ਹਾਲ ਪੁੱਛਣ ਆਏ ਤਾਂ ਗੁਰੂ ਜੀ ਨੇ ਕਿਹਾ,
ਦੀਨਨ ਸਾਥ ਹੋਇ ਸਹਾਇ।
ਦ੍ਰਿਗ ਲਏ ਆਪ ਕਰ ਦੈ ਬਚਾਇ।
ਪ੍ਰਭ ਹੋਵਹਿ ਸਹਾਇ ਤੁਮਰੀ ਕ੍ਰਿਪਾ ਸੁ ਦੇ ਹੈ ਬਚਾਇ।

ਜਦ ਹਰਗੋਬਿੰਦ ਜੀ ਨਿਰੋਏ ਹੋਏ ਤਾਂ ਆਪ ਨੇ ਉਚਰਿਆ
ਸ੍ਰੀ ਨਾਨਕ ਗੁਰੂ ਦੇਵ ਨੇ ਕਰ ਸੁ ਨੈਨ ਪ੍ਰਕਾਸ਼
ਰਛਾ ਕੀਨਿਸ ਹਾਥਿ ਦੇ ਲਖਿ ਪੂਰੀ ਮਮਆਸ।

ਸਿੱਖੀ ਦਾ ਵਿਕਾਸ : ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਸਿੱਖੀ ਦਾ ਪ੍ਰਚਾਰ ਪ੍ਰਸਾਰ ਖੂਬ ਹੋਇਆ ਜੋ ਇਤਿਹਾਸ ਵਿਚ ਵਿਸ਼ੇਸ਼ ਸਥਾਨ ਰੱਖਦਾ ਹੈ ਉਹਨਾਂ ਵਲੋਂ ਹੇਠ ਲਿਖੇ ਮਹਾਨ ਕਾਰਜ ਕੀਤੇ ਗਏ;

ਸ੍ਰੀ ਆਦਿ ਗ੍ਰੰਥ ਦਾ ਸੰਕਲਨ:- ਗੁਰੂ ਜੀ ਵੇਲੇ ਕੁਝ ਸੰਤਾਂ ਨੇ ਆਪਣੀ ਹੀ ਗੁਰਬਾਣੀ ਦੀ ਰਚਨਾ ਕਰ ਦਿੱਤੀ ਜਿਸ ਨਾਲ ਸਿੱਖ ਜਗਤ ਅਸਮੰਜਸ ਵਿਚ ਪੈ ਗਿਆ। ਇਸ ਲਈ ਗੁਰੂ ਜੀ ਨੇ ਪਹਿਲੇ ਚਾਰ ਗੁਰੂਆਂ ਦੀ ਬਾਣੀ ਅਤੇ ਆਪਣੇ ਲਿਖੇ ਸਲੋਕ ਵੀ ਇੱਕਤਰ ਕਰਕੇ ਸੰਕਲਨ ਦਾ ਕੰਮ, ਭਾਈ ਗੁਰਦਾਸ ਜੀ ਤੋਂ ਕਰਵਾਇਆ ਜੋ ਇਹਨਾਂ ਦੇ ਮਾਮਾ ਜੀ ਲਗਦੇ ਸਨ। ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੇ 976, ਸ੍ਰੀ ਗੁਰੂ ਅੰਗਦ ਦੇਵ ਜੀ ਦੇ 62 ਸ੍ਰੀ ਗੁਰੂ ਅਮਰ ਦਾਸ ਜੀ ਦੇ 907 ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ 679 ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ 2216 ਸਲੋਕ ਜੋੜ ਕੇ 16 ਹੋਰ ਸੰਤਾਂ ਦੀ ਬਾਣੀ ਵੀ ਦਰਜ ਕੀਤੀ। ਇਹਨਾਂ ਸੰਤਾਂ ਵਿਚੋਂ ਕਬੀਰ, ਰਵਿਦਾਸ, ਭਗਤ ਨਾਮ ਦੇਵ, ਫਰੀਦ, ਜੈਦੇਵ, ਸੂਰਦਾਸ ਅਤੇ ਭਗਤ ਤ੍ਰਿਲੋਚਨ ਦੀ ਬਾਣੀਆਂ ਸ਼ਾਮਲ ਕੀਤੀਆਂ।

(2) ਤਰਨ ਤਾਰਨ ਅਤੇ ਕਰਤਾਰਪੁਰ ਦੀ ਨੀਂਹ:- ਗੁਰੂ ਜੀ ਨੇ ਅੰਮ੍ਰਿਤਸਰ ਤੋਂ 22 ਕਿ.ਮੀਟਰ ਦੂਰ ਇਕ ਤਲਾਬ ਦੀ ਖੁਦਾਈ ਕਰਵਾਈ ਜਿਸਦਾ ਨਾਂ ਤਰਨ ਤਾਰਨ ਰੱਖਿਆ। 1539 ਈ. ਨੂੰ ਜਲੰਧਰ ਦੇ ਨੇੜੇ ਕਰਤਾਰਪੁਰ ਦੀ ਨੀਂਹ ਰੱਖੀ, ਇਥੇ ਹੀ ਗੰਗਸਰ ਨਾਂ ਦੇ ਕੂੰਏਂ ਦੀ ਖੁਦਾਈ ਕਰਵਾਈ ਅਤੇ ਬਚਨ ਫੁਰਮਾਏ ਕਿ ਇਸਦਾ ਪਾਣੀ ਗੰਗਾ ਦੇ ਸਮਾਨ ਪਵਿੱਤਰ ਹੋਵੇਗਾ। ਅੰਮ੍ਰਿਤਸਰ ਦੇ ਨੇੜੇ ਹੀ ਛੇਹਰਟਾ ਦੀ ਨੀਂਹ ਰੱਖੀ ਅਤੇ ਆਪਣੇ ਬੇਟੇ ਸ੍ਰੀ ਹਰਗੋਬਿੰਦ ਰਾਏ ਜੀ ਦੇ ਨਾਂ 'ਤੇ ਬਿਆਸ ਦੇ ਕਿਨਾਰੇ ਹਰਗੋਬਿੰਦਪੁਰ ਦੀ ਸਥਾਪਨਾ ਕੀਤੀ।

ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ:- ਗੁਰੂ ਸਾਹਿਬ ਜੀ ਨੇ ਅੰਮ੍ਰਿਤਸਰ ਵਿਖੇ ਸ਼੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕਰਵਾਇਆ ਜੋ ਸਿੱਖ ਇਤਿਹਾਸ ਵਿਚ ਬਹੁਤ ਵੱਡੀ ਘਟਨਾ ਸੀ ਜਿਸ ਦਾ ਨੀਂਹ ਪੱਥਰ ਉਸ ਸਮੇਂ ਪ੍ਰਸਿੱਧ ਮੁਸਲਮਾਨ ਫ਼ਕੀਰ, ਮੀਆਂ ਮੀਰ ਨੇ 1588 ਈ. ਨੂੰ ਰੱਖੀ। ਗੁਰੂ ਜੀ ਨੇ ਹਰਿਮੰਦਰ ਸਾਹਿਬ ਦੀ ਉਸਾਰਨ ਦੀ ਸੇਵਾ - ਭਾਈ ਗੁਰਦਾਸ ਜੀ, ਬੁੱਲਾ, ਭਾਨਾ ਅਤੇ ਕਲਿਆਣਾ ਆਦਿ ਸਿੱਖਾਂ ਨੂੰ ਸੌਂਪੀ। ਗੁਰੂ ਜੀ ਨੇ ਹਰਿਮੰਦਰ ਸਾਹਿਬ ਦੀ ਮਹਿਮਾ ਬਾਰੇ ਉਚਰਿਆ:-
ਰਾਮਦਾਸ ਸਰੋਵਰ ਨਾਤੇ, ਸਭਿ ਉਤਰੇ ਪਾਪ ਕਮਾਤੇ।
ਨਿਰਮਲ ਹੋਏ ਕਰਿ ਇਸ਼ਨਾਨਾ। ਗੁਰ ਪੂਰੈ ਕੀਨੇ ਦਾਨਾ॥

ਹਰਿਮੰਦਰ ਸਾਹਿਬ ਦਾ ਨਿਰਮਾਣ 1601 ਨੂੰ ਪੂਰਾ ਹੋਇਆ। ਸੰਨ 1604 ਈ. ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਰਾਜਮਾਨ ਹੋਏ, ਜਿਸਦੇ ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਜੀ ਨੂੰ ਨਿਯੁਕਤ ਕੀਤਾ ਗਿਆ। ਹਰਿਮੰਦਰ ਸਾਹਿਬ ਬੀੜ ਨੂੰ ਸਜੇ ਹੋਏ ਤਖਤ 'ਤੇ ਟਿਕਾਇਆ ਗਿਆ ਤੇ ਗੁਰੂ ਮਹਾਰਾਜ ਨੇ ਬਾਬਾ ਬੁੱਢਾ ਜੀ ਨੂੰ ਵਾਕ ਲੈਣ ਲਈ ਕਿਹਾ, ਵਾਕ ਸੀ;
ਵਿਚਿ ਕਰਤਾ ਖਲੋਆ, ਵਾਲ ਨਾ ਵਿੰਗਾ ਹੋਆ।

ਗੁਰੂ ਜੀ ਦਾ ਬਲਿਦਾਨ :- ਸਿੱਖਾਂ ਦੇ ਇਮਤਿਹਾਨ ਦੀ ਕਠਿਨ ਪ੍ਰੀਖਿਆ ਦਾ ਸਮਾਂ ਆ ਪੁਜਾ। ਸ੍ਰੀ ਗੁਰੂ ਮਹਾਰਾਜ ਦਾ ਬਲਿਦਾਨ ਭਾਰਤ ਦੇ ਇਤਿਹਾਸ ਦੀ ਬਹੁਤ ਵੱਡੀ ਘਟਨਾ ਸੀ ਜਿਸਨੇ ਸਾਰੀ ਮਾਨਵਜਾਤੀ ਨੂੰ ਹਿਲਾ ਦਿੱਤਾ। ਜਿਸ ਮਗਰੋਂ ਸਿੱਖੀ ਦਾ ਸਰੂਪ ਹੀ ਬਦਲ ਗਿਆ ਅਤੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਰਾਏ ਜੀ ਨੇ ਦੋ ਤਲਵਾਰਾਂ ਧਾਰਨ ਕਰਕੇ ਸਿੱਖਾਂ ਨੂੰ ਸਸ਼ਤਰਧਾਰੀ ਬਣਾਇਆ। ਮੁਗਲ ਪਾਤਸ਼ਾਹ ਅਕਬਰ ਦੀ ਮੌਤ 17 ਅਕਤੂਬਰ 1605 ਈ: ਨੂੰ ਹੋਈ ਅਤੇ 7 ਦਿਨਾਂ ਦੇ ਸੋਗ ਮਗਰੋਂ ਉਸਦਾ ਪੁੱਤਰ ਜਹਾਂਗੀਰ (ਸਲੀਮ) 24.10.1605 ਨੂੰ ਗੱਦੀ 'ਤੇ ਬੈਠਾ ਉਹ ਅਕਬਰ ਦੀ ਤਰ੍ਹਾਂ ਉਦਾਰ ਹਿਰਦੈ ਨਹੀਂ ਸੀ ਸਗੋਂ ਸ਼ੁਰੂ ਤੋਂ ਹੀ ਸਿੱਖਾਂ ਅਤੇ ਹਿੰਦੂਆਂ ਦੇ ਖਿਲਾਫ ਸੀ ਅਤੇ ਗੁਰੂਆਂ ਦੀ ਪ੍ਰਸਿੱਧੀ ਤੋਂ ਬੇਚੈਨ ਸੀ। ਜਿਸ ਕਾਰਨ ਗੁਰੂ ਜੀ ਨੂੰ ਸ਼ਹੀਦ ਕਰਨ ਦਾ ਫਰਮਾਨ ਜਾਰੀ ਕੀਤਾ ਉਹਨਾਂ ਦੇ ਬਲੀਦਾਨ ਦੇ ਪ੍ਰਮੁੱਖ ਕਾਰਨਾਂ ਦੇ ਬਾਰੇ ਰੋਸ਼ਨੀ ਪਾਉਣੀ ਬਹੁਤ ਜ਼ਰੂਰੀ ਹੈ, ਜੋ ਨਿਮਨ ਲਿਖਤ ਹਨ:-

ੳ. ਜਹਾਂਗੀਰ ਦੀ ਅਸਹਿਨਸ਼ੀਲਤਾ ਅਤੇ ਕੱਟੜਪੁਣਾ:- "ਤੁਜਕੇ ਜਹਾਂਗੀਰੀ" ਵਿਚ ਜਹਾਂਗੀਰ ਲਿਖਦਾ ਹੈ ਕਿ ਇਸ ਧਰਮ ਦੇ ਠੇਕੇਦਾਰ (ਗੁਰੂ ਅਰਜਨ ਦੇਵ ਜੀ) ਦੀ ਦੁਕਾਨ ਬੰਦ ਕਰਕੇ ਉਸਨੂੰ ਮੁਸਲਮਾਨ ਬਣਾ ਦਿੱਤਾ ਜਾਵੇ ਜਦੋਂ ਉਹਨਾਂ ਨੂੰ ਪਤਾ ਲਗਾ ਕਿ ਗੁਰੂ ਜੀ ਨੇ ਰਾਜਕੁਮਾਰ ਖੁਸਰੋ ਨੂੰ ਅਸੀਸ ਦਿੱਤੀ ਹੈ ਤਾਂ ਉਹ ਭੜਕ ਗਿਆ ਅਤੇ ਗੁਰੂ ਜੀ 'ਤੇ ਦੋ ਲੱਖ ਰੁਪਏ ਜੁਰਮਾਨਾ ਲੱਗਾ ਦਿੱਤਾ ਜੋ ਗੁਰੂ ਜੀ ਨੇ ਦੇਣ ਤੋਂ ਇੰਨਕਾਰ ਕਰ ਦਿੱਤਾ।

ਅ. ਗੁਰੂ ਜੀ ਖਿਲਾਫ਼ ਰਚੀ ਸਾਜਿਸ਼:- ਚੰਦੂ ਸ਼ਾਹ ਅਤੇ ਗੁਰੂ ਜੀ ਦੇ ਸਕੇ ਭਰਾ ਪ੍ਰਿਥੀ ਚੰਦ ਵੀ ਗੁਰੂ ਜੀ ਦੇ ਵਿਰੋਧੀ ਸਨ ਜੋ ਰਾਤ ਦਿਨ ਗੁਰੂ ਜੀ ਦੇ ਖਿਲਾਫ ਬਾਦਸ਼ਾਹ ਅਕਬਰ ਨੂੰ ਭੜਕਾ ਰਹੇ ਸਨ ਅਤੇ ਅਕਬਰ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਪੜ੍ਹਕੇ ਸੁਣਾਉਣ ਲਈ ਕਿਹਾ ਤਾਂ ਸ਼ਬਦ ਆਇਆ:-
"ਖਾਕ ਨੂੰਹ ਕਰਦੇ ਆਲਮ ਦੁਨੀਆਇ,
ਅਸਮਾਨ ਜਿੰਮੀ ਦਰੱਖਤ ਆਬ ਪੈਦਾਇਸ਼,
ਫਨਾਇ ਬੰਦੇ ਚਮਨ ਦੀਦਾਰੇ ਫਨਾਇ,
ਦੁਨੀਆ ਮੁਰਦਾਰ ਖੁਰਦਨੀ ਗਾਫ਼ਲ ਗਵਾਇ।"

ਅਕਬਰ ਸ਼ਬਦ ਸੁਣ ਕੇ ਬਹੁਤ ਪ੍ਰਭਾਵਤ ਅਤੇ ਪ੍ਰਸੰਨ ਹੋਇਆ ਅਤੇ ਅਕਬਰ ਨੇ ਬੜੇ ਅਦਬ ਨਾਲ ਗੁਰੂ ਜੀ ਨੂੰ ਪੰਜ ਸੌ ਅਸ਼ਰਫੀਆਂ ਭੇਟ ਕੀਤੀਆਂ ਅਤੇ ਸਜ਼ਦਾ ਕੀਤੀ।

ਚੰਦੂ ਦੀ ਈਰਖਾ:- ਪ੍ਰਿਥੀ ਚੰਦ ਅਤੇ ਚੰਦੂ ਸ਼ਾਹ ਦਿੱਲੀ ਸਲਤਨਤ ਕੋਲ ਗੁਰੂ ਜੀ ਖਿਲਾਫ਼ ਸ਼ਿਕਾਇਤਾਂ ਕਰਦੇਆ ਰਹੇ ਸਨ। ਚੰਦੂ ਨੇ ਆਪਣੀ ਲੜਕੀ ਦਾ ਰਿਸ਼ਤਾ ਕਰਨ ਲਈ ਗੁਰੂ ਜੀ ਕੋਲ ਪਰੋਹਤ ਨੂੰ ਭੇਜਿਆ ਅਤੇ ਹਰਗੋਬਿੰਦ ਰਾਏ ਜੀ ਨਾਲ ਰਿਸ਼ਤਾ ਪੱਕਾ ਹੋ ਗਿਆ ਤਾਂ ਚੰਦੂ ਹੰਕਾਰ ਭਰੇ ਸ਼ਬਦਾਂ ਵਿਚ ਬੋਲਿਆ, "ਪਰਹੋਤ ਜੀ ਚੰਗਾ ਨਹੀਂ ਕੀਤਾ। ਚੁਬਾਰੇ ਦੀ ਇੱਟ ਮੋਰੀ ਨੂੰ ਲਗਾ ਆਏ ਹੋ।" ਭਾਵੇਂ ਗੁਰੂ ਅਰਜਨ ਇਕ ਮਾਲਦਾਰ ਸਾਮੀ ਹੈ, ਪਰ ਭਿਖਾਰੀਆਂ ਦੇ ਟੱਬਰ ਵਿਚੋਂ ਹੈ। ਚੰਦੂ ਦੇ ਹੰਕਾਰ ਭਰੇ ਸ਼ਬਦਾਂ ਨਾਲ ਸੰਗਤਾਂ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ ਅਤੇ ਸੰਗਤਾਂ ਦੀ ਗੁਰੂ ਜੀ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਮੋੜ ਦਿੱਤਾ। ਚੰਦੂ ਨੇ ਲੱਖ ਮਿੰਨਤਾਂ ਕਰਨ ਦੇ ਬਾਵਜੂਦ ਵੀ ਗੁਰੂ ਜੀ ਨੇ ਰਿਸ਼ਤਾ ਵਾਪਸ ਕਰ ਦਿੱਤਾ। ਇਸ ਲਈ ਚੰਦੂ ਰਿਸ਼ਤਾ ਟੁੱਟਣ ਕਾਰਨ ਜਲ-ਭੁਜ ਗਿਆ। ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਨੂੰ ਪ੍ਰਿਥਵੀ ਚੰਦ ਨੂੰ ਸਮਝਾਉਣ ਲਈ ਭੇਜਿਆ ਪਰ ਉਸ ਨੇ ਨਾ ਕਰ ਦਿੱਤੀ ਅਤੇ ਜਹਾਂਗੀਰ ਕੋਲ ਝੂਠੀਆਂ ਸ਼ਿਕਾਇਤਾਂ ਕਰਦਾ ਰਿਹਾ ਸੁਹਲੀ ਖਾਨ ਵੱਲੋਂ ਗੁਰੂ ਜੀ ਦਾ ਵਿਰੋਧ :- ਸੁਲਹੀ ਖਾਨ ਬਟਾਲੇ ਦਾ ਇੱਕ ਪਠਾਣ ਜੋ ਜਹਾਂਗੀਰ ਦਾ ਅਹਿਲਕਾਰ ਅਤੇ ਲਾਹੌਰ ਦਾ ਸੂਬੇਦਾਰ ਅਤੇ ਮਾਮਲਾ ਅਫਸਰ ਵੀ ਸੀ। ਪ੍ਰਿਥਵੀ ਚੰਦ ਨੇ ਉਸ ਨਾਲ ਮਿਲ ਕੇ ਗੁਰੂ ਜੀ ਵਿਰੁੱਧ ਵਿਉਂਤਾਂ ਰਚਾਉਣੀਆਂ ਸ਼ੁਰੂ ਕੀਤੀਆਂ। ਪ੍ਰੰਤੂ ਦੂਜੇ ਪਾਸੇ ਵਜ਼ੀਰ ਖਾਂ ਗੁਰੂ ਜੀ ਦਾ ਸ਼ਰਧਾਵਾਨ ਸੀ ਜਿਸਦਾ ਸੁੱਖਮਨੀ ਸਾਹਿਬ ਦਾ ਪਾਠ ਸੁਣਨ ਨਾਲ ਜਲੋਦਰ ਰੋਗ ਦੂਰ ਹੋ ਗਿਆ ਸੀ ਉਸ ਨੇ ਵੀ ਦੋਵਾਂ ਭਰਾਵਾਂ ਵਿਚ ਸਮਝੌਤਾ ਕਰਾਉਣਾ ਚਾਹਿਆ ਗੁਰੂ ਜੀ ਨੇ ਸੁਲਹੀ ਖਾਨ ਦੀ ਖੋਟੀ ਮਨਸਾ ਜਾਣਦੇ ਸਨ ਅਤੇ ਸ਼ਬਦ ਉਚਾਰਿਆ:
ਮਿਰਤੁ ਹਸੈ ਸਿਰ ਉਪਰੇ ਪਸ਼ੂਆ ਨਹੀਂ ਬੁਝੇ।
ਬਾਦਸ਼ਾਹ ਅਹੰਕਾਰ ਮਹਿ ਮਰਨਾ ਨਹੀਂ ਸੂਝੇ॥
ਸਤਿਗੁਰੂ ਸੇਵਹੁ ਅਪਨਾ ਕਾਹੇ ਫਿਰਹੁ ਅਭਾਗੇ। ਦੇਖਿ ਕਸੁੰਭਾ ਰੰਗੁਲਾ ਕਾਹੇ ਭੁਲਿ ਲਾਗੇ॥ (ਬਿਲਾਵਲੁ ਮਹਲਾ 5)

ਖੁਸਰੋ ਦੀ ਸਹਾਇਤਾ ਅਤੇ ਆਸ਼ੀਰਵਾਦ :- ਖੁਸਰੋ ਜੋ ਕਿ ਜਹਾਂਗੀਰ ਦਾ ਪੁੱਤਰ ਸੀ, ਨੇ ਅਪ੍ਰੈਲ 1605 ਈ. ਨੂੰ ਬਗਾਵਤ ਕਰ ਦਿੱਤੀ ਅਤੇ ਉਸਨੇ ਗੁਰੂ ਜੀ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਉਹ ਗੁਰੂ ਜੀ ਨੂੰ ਤਰਨਤਾਰਨ ਮਿਲਿਆ ਅਤੇ ਗੁਰੂ ਜੀ ਕੋਲੋਂ ਇੱਕ ਲੱਖ ਰੁਪਏ ਦੀ ਮੰਗ ਕੀਤੀ। ਗੁਰੂ ਜੀ ਨੇ ਕਿਹਾ, "ਸਾਡੇ ਫਕੀਰਾਂ ਕੋਲ ਰੁਪਏ ਕਿੱਥੇ ?" ਖੁਸਰੋ ਨੇ ਬਹੁਤ ਤਰਲੇ ਮਿੰਨਤਾਂ ਕੀਤੀਆਂ। ਗੁਰੂ ਜੀ ਨੇ ਮੁਹਤਾਜ ਜਾਣ ਕੇ ਪੰਜ ਹਜਾਰ ਰੁਪਏ ਦੇ ਕੇ ਆਪਣੇ ਮਗਰੋਂ ਲਾਹਿਆ ਅਤੇ ਕਿਹਾ ਕਿ ਆਪਣੇ ਪਿਤਾ ਕੋਲੋਂ ਮਾਫੀ ਮੰਗੋ ਪਰ ਉਹ ਨਹੀਂ ਮੰਨਿਆਂ। ਇਸ ਕਾਰਨ ਵੀ ਜਹਾਂਗੀਰ ਬਹੁਤ ਖਫ਼ਾ ਸੀ। ਸੁਲਹੀ ਖਾਂ ਦੀ ਮੌਤ ਤਰੇਹੀ ਤੋਂ ਸੁਲਹੀ ਖਾਂ ਅਮ੍ਰਿਤਸਰ ਵੱਲ ਫੌਜਾਂ ਲੈਕੇ ਤੁਰਨ ਲਗਾ ਤਾਂ ਪ੍ਰਿਥੀ ਚੰਦ ਨੇ ਆਪਣੇ ਨਵੇਂ ਲਗਾਏ ਆਵੇ ਨੂੰ ਵੇਖਣ ਲਈ ਕਿਹਾ। ਉਸ ਨੇ ਹੰਕਾਰ ਵਿਚ ਘੋੜੇ ਨੂੰ ਅੱਡੀ ਲਗਾਈ, ਘੋੜਾ ਦੌੜ ਕੇ ਆਵੇ ਵਿਚ ਡਿੱਗ ਪਿਆ ਅਤੇ ਸੁਲਹੀ ਖਾਂ ਜੋ ਗੁਰੂ ਜੀ ਦਾ ਮਾੜਾ ਕਰਨ ਆਇਆ ਸੀ ਖੁਦ ਹੀ ਆਵੇ ਵਿਚ ਡਿੱਗ ਕੇ ਸੜ ਮਰਿਆ ਗੁਰੂ ਜੀ ਨੇ ਉਸ ਵੇਲੇ ਵਚਨ ਫਰਮਾਏ:
ਪਾਰਬ੍ਰਹਮ ਪ੍ਰਭ ਭਏ ਦਇਆਲਾ ਸ਼ਿਵ ਕੈ ਬਾਣਿ ਸਿਰ ਕਾਟਿਓ।
ਭਸਮ ਭੂਤ ਹੋਇਆ ਖਿਨ ਭੀਤਰਿ ਆਪਨਾ ਕੀਆ ਪਾਇਆ॥

ਗੁਰੂ ਜੀ ਖਿਲਾਫ਼ ਚੰਦੂ ਸ਼ਾਹ ਦੀ ਸ਼ਿਕਾਇਤਾਂ ਅਤੇ ਖੁਸਰੋ ਨੂੰ ਆਸ਼ੀਰਵਾਦ ਦੇਣਾ ਆਦਿ ਕਾਰਨ ਤਾਂ ਇਕ ਸਬਬ ਸੀ, ਪ੍ਰੰਤੂ ਭਾਣਾ ਅਕਾਲ ਪੁਰਖ ਦਾ ਅਤੇ ਧਰਮ ਦੀ ਰੱਖਿਆ, ਸੰਤਾਂ /ਭਗਤਾਂ ਨੂੰ ਉਬਾਰਨ ਵੱਜੋਂ ਆਪਣਾ ਬਲੀਦਾਨ ਦੇਣਾ ਪਿਆ। ਗੁਰੂ ਅਰਜਨ ਦੇਵ ਜੀ ਨੂੰ 22 ਮਈ 1606 ਈ. ਨੂੰ ਅਮ੍ਰਿਤਸਰ ਤੋਂ ਮੁਰਤਜਾਖਾਨ ਨੇ ਗ੍ਰਿਫਤਾਰ ਕੀਤਾ ਗੁਰੂ ਹੁਕਮ ਅਨੁਸਾਰ ਗੁਰੂ ਹਰਗੋਬਿੰਦ ਜੀ ਦੁਆਬਾ ਚਲੇ ਗਏ ਸਨ। ਗੁਰੂ ਜੀ ਨਾਲ ਉਸ ਵੇਲੇ ਪੰਜ ਪ੍ਰਸਿੱਧ ਸਿਖ- ਚੌਧਰੀ ਲੰਘਾ, ਭਾਈ ਬਿਧੀ ਚੰਦ, ਭਾਈ ਪੈੜਾ, ਭਾਈ ਜੇਠਾ ਅਤੇ ਭਾਈ ਪਿਰਾਣਾ ਜੀ ਆਪੂੰ ਚਲ ਪਏ। ਇਨਾਂ ਸਿੱਖਾਂ ਨੂੰ ਗੁਰੂ ਜੀ ਨੇ ਆਪ ਹੀ ਲਾਹੌਰ ਤੋਂ ਮੁੜਨ ਦਾ ਹੁਕਮ ਦੇ ਦਿੱਤਾ ਅਤੇ ਹਰਗੋਬਿੰਦ ਜੀ ਦੀ ਸ਼ਰਨ ਜਾਣ ਲਈ ਕਿਹਾ। ਆਖਿਰਕਾਰ 15 ਮਈ 1606 ਈ. ਨੂੰ ਗੁਰੂ ਜੀ ਨੂੰ ਗਿਰਫਤਾਰ ਕਰ ਲਿੱਤਾ। 30 ਮਈ 1606 ਈ: ਨੂੰ ਉਨ੍ਹਾਂ ਨੂੰ ਲਾਹੌਰ ਵਿਖੇ ਉਬਲਦੀ ਦੇਗ ਵਿੰਚ ਬਿਠਾਇਆ ਅਤੇ ਫਿਰ ਤੱਤੀ ਤਵੀ ਤੇ ਬਿਠਾ ਕੇ ਗਰਮ ਰੇਤ ਪਾਇਆ ਅਤੇ ਸ਼ਹੀਦੀ ਸਮੇਂ ਆਪ ਜੀ ਨੇ ਹੇਠ ਲਿਖੇ ਵਾਕ ਉਚਰੇ:
'ਸੁਣੀ ਅਰਦਾਸਿ ਸੁਆਮੀ ਮੇਰੇ ਸਰਬਕਲਾ ਬਣਿ ਆਈ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰੂ ਨਾਨਕ ਕੀ ਵਡਿਆਈ॥'

ਫਲਸਰੂਪ ਉਹਨਾਂ ਦਾ ਪਵਿੱਤਰ ਸ਼ਰੀਰ ਰਾਵੀ ਦਰਿਆ ਦੇ ਜਲ ਵਿਚ ਸਮਾ ਗਿਆ। ਗੁਰੂ ਜੀ ਨੇ ਧਰਮ ਦੀ ਖਾਤਿਰ ਦਿਤਾ ਬਲਿਦਾਨ ਸੰਸਾਰ ਦੇ ਇਤਿਹਾਸ ਵਿਚ ਅਜੋਕਿ ਮਿਸਾਲ ਹੈ ਜਿਸ ਦਾ ਮਤਲਬ ਹੈ ਧਰਮ ਦੀ ਰਾਹ ਬੇਹਦ ਕਠਿਨ ਹੈ, ਤਾਂ ਹੀ ਉਸ ਪ੍ਰਮੇਸ਼ਵਰ ਨੂੰ ਪਾਇਆ ਜਾ ਸਕਦਾ ਹੈ, ਜਦੋਂ ਇਹ ਭਾਵਨਾ ਪਰਿਪੱਕ ਹੋਵੇ-

ਮਾਨਸ ਕੀ ਜਾਤ ਸਭੈ ਇੱਕੋ ਪਚਿਾਨਬੋ

ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਸਿੱਟੇ:- ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਮਗਰੋਂ ਹਿੰਦੂ - ਸਿੱਖਾਂ ਦੇ ਦਿੱਲਾਂ ਵਿਚ ਮੁਗਲ ਸਲਤਨਤ ਦੇ ਵਿਰੁੱਧ ਨਫ਼ਰਤ ਦੀ ਲਹਿਰ ਫੈਲ ਗਈ ਅਤੇ ਸਿੱਖਾਂ ਨੂੰ ਸ਼ਸ਼ਤਰ ਚੁਕਣ ਲਈ ਮਜਬੂਰ ਕੀਤਾ ਅਤੇ ਉਹਨਾਂ ਸ਼ਹੀਦੀ ਮਗਰੋਂ, ਉਹਨਾਂ ਦੇ ਸਪੁੱਤਰ ਸਾਹਿਬ ਸ਼੍ਰੀ ਹਰਗੋਬਿੰਦ ਰਾਏ ਗੁਰ ਗੱਦੀ ਤੇ ਬੈਠੇ ਜਿਨਾਂ ਦੀ ਉਸ ਵੇਲੇ ਉਮਰ ਕੇਵਲ ਦੱਸ ਸਾਲ ਦੀ ਸੀ ਜਿਨ੍ਹਾਂ ਨੇ ਮੀਰੀ ਪੀਰੀ ਵੱਜੋਂ ਦੋ ਤਲਵਾਰਾਂ ਧਾਰਨ ਕੀਤੀਆਂ ਅਤੇ ਚਾਰ ਬਹੁਤ ਭਾਰੀ ਲੜਾਈਆਂ ਲੜੀਆਂ ਅਤੇ ਮੁੱਗਲਾਂ ਨੂੰ ਬੁਰੀ ਤਰ੍ਹਾਂ ਸ਼ਿਕਸ਼ਤ ਦਿੱਤੀ। ਸੰਨ 1627 ਈ: ਨੂੰ ਦਮੇਂ ਦੀ ਬਿਮਾਰੀ ਕਾਰਨ ਜਹਾਂਗੀਰ ਦੀ ਮੌਤ ਹੋ ਗਈ। ਸਿੱਖੀ ਦਾ ਸਰੂਪ ਬਦਲ ਗਿਆ ਜੋ ਦੀਨ ਦੁਖੀ ਦੀ ਰਖਿਆ ਲਈ ਹਮੇਸ਼ਾਂ ਤਿਆਰ ਰਹਿੰਦੀ।

---

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਮੂਲ ਕਾਰਣ

**ਡਾ. ਹਰਨਾਮ ਸਿੰਘ ਸ਼ਾਨ**



ਪੰਜਵੇਂ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ (1563-1606 ਈ.) ਦੇ ਇਕ ਸਮਕਾਲੀ ਮੁਸਲਮਾਨ ਇਤਿਹਾਸਕਾਰ, ਮੁਹਸਿਨ ਫਾਨੀ (1615-1670 ਈ.) ਦੇ ਤਵਾਰੀਖੀ ਬਿਆਨ ਅਨੁਸਾਰ "ਹਰ ਗੁਰੂ ਸਾਹਿਬ ਦੀ ਗੁਰਿਆਈ ਸਮੇਂ ਸਿੱਖਾਂ ਦੀ ਗਿਣਤੀ ਵੱਧਦੀ ਹੀ ਰਹੀ ਹੈ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਤਾਂ ਇਹ ਬਹੁਤ ਵੱਧ ਗਈ ਸੀ। ਉਹ ਅਕਸਰ ਸ਼ਹਿਰਾਂ ਵਿਚ ਰਹੇ ਸਨ ਅਤੇ ਕੋਈ ਵੀ ਅਜਿਹਾ ਸ਼ਹਿਰ ਨਹੀਂ ਸੀ ਜਿਸ ਵਿਚ ਕੁਝ ਨਾ ਕੁਝ ਸਿੱਖ ਨਾ ਵਸਦੇ ਹੋਣ।" (ਦੁਬਿਸਤਾਨੇ ਮੁਜ਼ਾਹਿਬ ਮਿਤੀ 1645 ਈ., ਪੰਨਾ 233)

ਗੁਰੂ ਸਾਹਿਬ ਦਾ ਤੇਜ਼ ਪਰਤਾਪ ਅਤੇ ਗੁਰੂ ਦੀ ਸਿੱਖੀ ਦਾ ਇਉਂ ਦਿਨੋ ਦਿਨ ਵਧ ਰਿਹਾ ਪਾਸਾਰ ਉਨ੍ਹਾਂ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਦੇ ਹਿਰਦੇ ਅੰਦਰ ਈਰਖਾ ਤੇ ਦਵੈਖ ਦਾ ਭਾਂਬੜ ਬਾਲ ਰਿਹਾ ਸੀ। ਗੁਰਗੱਦੀ ਦੀ ਖੁੰਝਾਈ ਦਾ ਅਰਮਾਨ ਜੋ ਗੁਰੂ ਪਿਤਾ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਰਤ ਬਾਬਾ ਸ੍ਰੀ ਚੰਦ ਜੀ ਵਲੋਂ ਹੋਏ ਭਾਈ ਕੇਸਰ ਸਿੰਘ ਛਿੱਬਰ ਦੇ ਲਫਜ਼ਾਂ ਵਿਚ ਹੇਠ ਲਿਖੇ ਨਿਰਣੇ ਕਾਰਨ ਹੋਰ ਉਤੇਜਿਤ ਹੋ ਗਿਆ ਸੀ। ਉਸਨੂੰ ਉਸੇ ਦਿਨ ਤੋਂ ਬਹੁਤ ਕਲਪਾ ਤੇ ਤੜਫਾ ਰਿਹਾ ਸੀ :
ਸਿਰੀ ਚੰਦ ਸਾਹਿਬ ਜੀ
ਪੱਗ ਭਿਜਵਾਈ।
ਇਕ ਪ੍ਰਿਥੀਏ ਨੂੰ
ਇਕ ਅਰਜਨ ਨੂੰ ਆਈ।
ਮਰਨੇ ਦੀ ਪੱਗ ਪ੍ਰਿਥੀਏ ਬੱਧੀ
ਗੁਰਿਆਈ ਪੱਗ
ਗੁਰੂ ਅਰਜਨ ਬੱਧੀ।
(ਛਿੱਬਰ, ਬੰਸਾਵਲੀਨਾਮਾ, ਮਿਤੀ 1769 ਈ.)

ਉਹ ਮਸੰਦਾਂ, ਗੁਰੂ ਦੋਖੀਆਂ ਤੇ ਸਰਕਾਰੀ ਕਰਮਚਾਰੀਆਂ ਨਾਲ ਗੰਢ ਤੁਪ ਕਰਕੇ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਤੋਂ ਹਟਾਉਣ ਅਤੇ ਉਸ ਉੱਤੇ ਆਪਣਾ ਹੱਕ ਜਮਾਉਣ ਲਈ ਹਰ ਮੁਮਕਨ ਕੋਸ਼ਿਸ਼ ਕਰ ਰਿਹਾ ਸੀ ਅਤੇ ਨਿੱਤ ਨਵੀਆਂ ਰਿਕਤਾਂ ਵੀ ਛੇੜ ਰਿਹਾ ਸੀ।

ਸਮੇਂ ਦੇ ਸ਼ਹਿਨਸ਼ਾਹ ਜਲਾਲ-ਉਦ-ਦੀਨ ਅਕਬਰ (1556-1605 ਈ.) ਦੇ ਇਕ ਉੱਘੇ ਵਜ਼ੀਰ, ਰਾਜਾ ਬੀਰਬਲ ਦੀ ਈਰਖਾ ਤੇ ਵਿਰੋਧ ਦਾ ਕਾਰਨ ਵੀ ਸਿੱਖ ਲਹਿਰ ਦਾ ਬੜੀ ਤੇਜ਼ੀ ਨਾਲ ਵੱਧ ਰਿਹਾ ਅਸਰ ਤੇ ਰਸੂਖ ਹੀ ਸੀ। ਡਾ. ਸਮਿੱਥ ਅਨੁਸਾਰ "ਅਕਬਰ ਉਸ ਦੀ ਅਜਿਹੀ ਨੀਤ ਤੇ ਨੀਤੀ ਨਾਲ ਸਹਿਮਤ ਨਹੀਂ ਸੀ। ਉਸਨੂੰ ਤਾਂ ਸਿੱਖ ਸਿਧਾਂਤ ਭਰਵੀਂ ਸ਼ਲਾਘਾ ਦੇ ਹੱਕਦਾਰ ਜਾਪਦੇ ਸਨ।" (ਅਕਬਰ, ਮਿਤੀ 1923, ਪੰਨਾ 171)

ਇਸ ਦੇ ਬਾਵਜੂਦ, ਬੀਰਬਲ ਨੇ ਸੰਨ 1586 ਵਿਚ ਅੰਮ੍ਰਿਤਸਰ ਵੱਲ ਕੂਚ ਕਰਦਿਆਂ ਸਾਰੇ ਸ਼ਹਿਰ ਨੂੰ ਉਜਾੜ ਦੇਣ ਦੀ ਧਮਕੀ ਦਿਤੀ ਸੀ। ਪਰ ਉਸਨੂੰ ਯੂਸਫਜ਼ਈਆਂ ਦੀ ਬਗਾਵਤ ਦਬਾਉਣ ਲਈ ਬਾਦਸ਼ਾਹ ਵਲੋਂ ਆਏ ਫੌਰੀ ਹੁਕਮ ਮੁਤਾਬਿਕ ਆਪਣੀ ਮੁਹਾਰ ਅਚਾਨਕ ਉਧਰ ਮੋੜਨੀ ਪੈ ਗਈ ਸੀ ਜਿਸ ਕਰਕੇ ਪੰਜਾਬ ਅਤੇ ਗੁਰੂ ਘਰ ਉਤੇ ਮੰਡਲਾ ਰਿਹਾ ਉਹ ਹੱਲਾ ਵੀ ਟੱਲ ਗਿਆ ਸੀ। (ਮੈਕਾਲਿਫ ਸਿੱਖ ਰਿਲਿਜ਼ਨ, ਮਿਤੀ 1909 ਈ. ਪੰਨਾ 15- 17)

ਉਹੀ ਸ਼ਹਿਨਸ਼ਾਹ ਅਕਬਰ ਜਦੋਂ ਸੰਨ 1600 ਦੇ ਲਾਗੇ ਚਾਗੇ ਖੁਦ ਪੰਜਾਬ ਆਇਆ ਸੀ ਤਾਂ ਗੁਰੂ ਦੋਖੀਆਂ ਨੇ ਇਕ ਮੇਜਰਨਾਮੇ ਦੁਆਰਾ ਇਸ ਗੱਲ ਦੀ ਸ਼ਿਕਾਇਤ ਕੀਤੀ ਸੀ ਕਿ ਗੁਰੂ ਸਾਹਿਬ ਨੇ ਆਪਣੀ ਉਮਤ ਲਈ ਇਕ ਅਜਿਹੀ ਨਿਵੇਕਲੀ ਜਿਹੀ ਧਰਮ-ਪੁਸਤਕ ਤਿਆਰ ਕਰ ਲਈ ਹੈ ਜਿਸ ਵਿਚ ਇਸਲਾਮ ਬਾਰੇ ਨਿੰਦਾ ਤੇ ਬੇਅਦਬੀ ਭਰੇ ਸ਼ਬਦ ਸੰਚਿਤ ਹਨ ਪਰ ਅਕਬਰ ਨੇ ਜਦੋਂ ਉਸ ਪਾਵਨ ਪੁਸਤਕ (ਗੁਰੂ) ਗ੍ਰੰਥ ਸਾਹਿਬ ਦੇ ਕੁਝ ਵਿਕੋਲਿਤਰੇ ਸ਼ਬਦ ਥਾਂਉਂ-ਥਾਂਈ ਸੁਣੇ ਸਨ ਤਾਂ ਉਸ ਦੀ ਖੁਸ਼ੀ ਤੇ ਤਸੱਲੀ ਦੀ ਕੋਈ ਹੱਦ ਨਹੀਂ ਸੀ ਰਹੀ ਤੇ ਉਸਨੇ ਝੂਠੀ ਸ਼ਿਕਾਇਤ ਨੂੰ ਉਸ ਵੇਲੇ ਖਾਰਜ ਕਰਨ ਵੱਜੋਂ 51 ਮੋਹਰਾਂ ਭੇਟਾਂ ਕਰਦਿਆਂ ਗੁਰੂ ਸਾਹਿਬ ਦੇ ਸਰਬ ਸਾਂਝੇ ਸੰਦੇਸ਼ ਤੇ ਪਰਉਪਕਾਰੀ ਕਾਰਜਾਂ ਦੀ ਭਰਪੂਰ ਸ਼ਲਾਘਾ ਵੀ ਕੀਤੀ ਸੀ। (ਗੁਪਤਾ- ਹਿਸਟਰੀ ਆਫ ਦੀ ਸਿੱਖਜ਼, ਮਿਤੀ 1984, ਪੰ. 143-144)

ਗੁਰੂ ਅਰਜਨ ਦੇਵ ਜੀ ਨੇ ਆਪਣੀ ਹਸਬ ਮਾਮੂਲ 'ਚੜ੍ਹਦੀਕਲਾ' ਵਿਚ ਹੀ ਵਿਚਰਦਿਆਂ ਇਸ ਕ੍ਰਿਪਾਲਤਾ ਤੇ 'ਪੈਜ-ਰਖਾਈ' ਲਈ ਵੀ ਕੇਵਲ ਵਾਹਿਗੁਰੂ ਦਾ ਹੀ ਧੰਨਵਾਦ ਕਰਦਿਆਂ ਫੁਰਮਾਇਆ ਸੀ :
ਮਹਜਰੁ ਝੂਠਾ ਕੀਤੋਨੁ ਆਪਿ॥
ਪਾਪੀ ਕਉ ਲਾਗਾ ਸੰਤਾਪੁ॥੧॥

ਅਜਿਹੇ ਸੁਲਹਕੁਲ ਤੇ ਸਹਿਨਸ਼ੀਲ ਬਾਦਸ਼ਾਹ ਦੇ ਸੰਨ 1605 ਵਿਚ ਹੋਏ ਦੇਹਾਂਤ ਤੋਂ ਬਾਅਦ ਜਦੋਂ ਉਸ ਦਾ ਪੁੱਤਰ ਨੂਰ-ਉਦ ਦੀਨ ਜਹਾਂਗੀਰ (1605 - 1627 ਈ.) ਤਖਤ ਨਸ਼ੀਨ ਹੋਇਆ ਸੀ ਤਾਂ ਮੁਗਲੀਆ ਸਰਕਾਰ ਦੀ ਨੀਤ ਤੇ ਨੀਤੀ ਬਦਲਨੀ ਸ਼ੁਰੂ ਹੋ ਗਈ ਸੀ। ਆਪਣੇ ਆਪ ਨੂੰ 'ਰੱਬ ਦਾ ਨਾਇਬ' ਤੇ 'ਮਜੱਦਦ ਅਲਫ ਸਾਨੀ' ਅਖਵਾਉਣ ਵਾਲੇ ਅਤੇ ਗੁਰੂ ਅਰਜਨ ਦੇਵ ਜੀ ਨੂੰ 'ਇਮਾਮੇ ਕੁਫਰ' ਆਖਣ ਵਾਲੇ ਸ਼ੇਖ ਅਹਿਮਦ ਸਰਹੰਦੀ (1569 - 1624 ਈ.) ਅਤੇ ਉਸ ਦੀਆਂ ਤੁਅੱਸਬੀ ਸਰਗਰਮੀਆਂ ਦਾ ਬੋਲ-ਬਾਲਾ ਹੋ ਗਿਆ ਸੀ। (ਪੰਜਾਬ ਪਾਸਟ ਐਂਡ ਪਰੈਜ਼ੈਂਟ ਜਿ. 12, ਮਿਤੀ 1978, ਪੰਨਾ 163)

ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਉਸ ਤੋਂ ਭਾਵ ਜਹਾਂਗੀਰੀ ਦੀ ਤਾਜਪੋਸ਼ੀ ਤੋਂ ਵਰ੍ਹਾ ਕੁ ਬਾਅਦ 30 ... ਮਈ ... 1606 ਈ. ਨੂੰ ਹੋਈ ਸ਼ਹੀਦੀ ਦਾ ਮੂਲ ਤੇ ਮੁੱਖ ਕਾਰਨ ਮੁਗਲ ਰਾਜ ਦੀ ਨੀਤ ਤੇ ਨੀਤੀ ਵਿਚ ਇਕਦਮ ਆਈ ਇਹੋ ਅਨਿਆਈ ਤੇ ਪੱਖਪਾਤੀ ਤਬਦੀਲੀ ਹੀ ਸੀ।

ਸਿੱਖ ਸਿਧਾਂਤ ਦੇ ਆਚਾਰ ਵਿਹਾਰ ਦਾ ਨਿਆਰਾਪਣ ਅਤੇ ਉਸ ਦਾ ਦਿਨੋ ਦਿਨ ਵਧ ਰਿਹਾ ਅਸਰ ਰਸੂਖ ਸਮੇਂ ਦੀ ਇਸਲਾਮੀ ਸਰਕਾਰ ਉਸ ਦੇ ਤੁਅੱਸਬੀ ਬਾਦਸ਼ਾਹ, ਕਰਮਕਾਂਡੀ ਧਰਮ ਅਤੇ ਕੱਟੜਪੰਥੀ ਸਲਾਹਕਾਰਾਂ ਦੀ ਬਰਦਾਸ਼ਤ ਤੋਂ ਬਾਹਰ ਹੋ ਚੁੱਕਾ ਸੀ। ਗੁਰੂ ਅਰਜਨ ਦੇਵ ਜੀ ਦੁਆਰਾ ਹੇਠ ਲਿਖਿਆ 'ਚੜ੍ਹਦੀਕਲਾ ਪੂਰਤ' ਬੇਬਾਕ ਬਿਆਨ ਤੇ ਨਿਧੱੜਕ ਐਲਾਨ ਜਿੱਥੇ ਉਨ੍ਹਾਂ ਦੇ ਧਰਮ ਕਰਮ ਦੀ ਵਿਲੱਖਣਤਾ, ਆਚਾਰ ਸਦਾਚਾਰ ਦੀ ਨਿਆਰਤਾ ਕਥਨੀ ਕਰਨੀ ਦੀ ਸੁਤੰਤਰਤਾ, ਸੁਭਾਅ ਦੀ ਨਿਰਭੈਤਾ ਅਤੇ ਸਿੱਖ ਲਹਿਰ ਦੀ ਅੱਗੇ ਵੱਧਦਾ ਦਾ ਸੂਚਕ ਸੀ। ਮਜ਼ਬੀ ਤੁਅੱਸਬ ਨਾਲ ਭਰਿਆ ਪੀਤਾ ਜਹਾਂਗੀਰ ਅਤੇ ਉਸ ਦੇ ... ਧਾਰਮਿਕ ਸਰਪ੍ਰਸਤ ਤੇ ਕੱਟੜਪੰਥੀ ਸਲਾਹਕਾਰ ਆਪਣੇ ਰਾਜ ਭਾਗ ਤੇ ਧਰਮ ਖੇਤਰ ਵਿਚ ਅਜਿਹੇ ਬੇਬਾਕ ਵੱਖਰਤ ਬਰਦਾਸ਼ਤ ਨਹੀਂ ਕਰ ਸਕੇ ਸਨ ਅਤੇ ਉਨ੍ਹਾਂ ਨੇ ਇਸ ਲਹਿਰ ਨੂੰ ਉਥੇ ਹੀ ਰੋਕ ਦੇਣ ਤੇ ਇਸ ਦੇ ਪਾਵਨ ਸੰਚਾਲਕ ਛੇਤੀ ਤੋਂ ਛੇਤੀ ਮਾਰ ਮੁਕਾਉਣ ਦਾ ਪੱਕਾ ਫੈਸਲਾ ਕਰ ਲਿਆ ਸੀ। ਸਿੱਖ ਲਹਿਰ ਨੂੰ 'ਦੁਕਾਨੇ ਬਾਤਲ' (ਕੂੜ ਦਾ ਵਪਾਰ) ਕਹਿ ਕੇ ਦਬਾਉਣ ਤੇ ਸਾਹਿਬ ਗੁਰੂ ਅਰਜਨ ਦੇਵ ਜੀ ਨੂੰ ਮਾਰ ਮੁਕਾਉਣ ਤੋਂ ਕੇਵਲ ਵੀ 20 ਦਿਨ ਬਾਅਦ ਜਹਾਂਗੀਰ ਨੇ ਆਪਣੀ ਸ੍ਵੈਜੀਵਨੀ 'ਤੁਜ਼ਕੇ ਜਹਾਂਗੀਰੀ' ਵਿਚ 19 ਜੂਨ 1606 ਨੂੰ ਇਹ ਆਪ ਲਿਖਿਆ ਸੀ :

'ਗੋਇੰਦਵਾਲ ਵਿਚ ਜੋ ਦਰਿਆ ਬਿਆਸ ਦੇ ਕੰਡੇ ਸਥਿਤ ਹੈ, ਅਰਜਨ ਨਾਂ ਦਾ ਇਕ ਹਿੰਦੂ ਪੀਰਾਂ ਸ਼ੇਖਾਂ ਦੇ ਸਰੂਪ ਵਿਚ ਰਹਿ ਰਿਹਾ ਸੀ। ਉਸਨੇ ਬਹੁਤ ਸਾਰੇ ਸਿੱਧੇ ਸਾਦੇ ਹਿੰਦੂਆਂ ਸਗੋਂ ਮੂਰਖ ਅਤੇ ਨੀਚ ਮੁਸਲਮਾਨਾਂ ਨੂੰ ਵੀ ਆਪਣੇ ਧਰਮ ਕਰਮ ਦਾ ਸ਼ਰਧਾਲੂ ਬਣਾ ਕੇ ਆਪਣੀ ਪੀਰੀ ਤੇ ਪਦਵੀ ਦਾ ਢੋਲ ਉੱਚੀ ਆਵਾਜ਼ ਨਾਲ ਵਜਾਇਆ ਹੋਇਆ ਸੀ। ਲੋਕ ਉਸ ਨੂੰ 'ਗੁਰੂ' ਆਖਦੇ ਸਨ ਅਤੇ ਕਈ ਪਾਸਿਆਂ ਤੇ ਦਿਸ਼ਾਵਾਂ ਦੇ ਭੋਲੇ ਭਾਲੇ ਤੇ ਪਾਖੰਡ ਪੂਜ ਲੋਕ ਉਸ ਵਲ ਰੁਹਿਤ ਸਨ ਅਤੇ ਉਸ ਦੀ ਜਾਤ ਵਿਚ ਸੰਪੂਰਨ ਨਿਸ਼ਚਾ ਰਖਦੇ ਰਹਿੰਦੇ ਸਨ। ਉਨ੍ਹਾਂ ਨੇ ਤਿੰਨ ਚਾਰ ਪੀੜ੍ਹੀਆਂ ਤੋਂ ਇਹ ਦੁਕਾਨ ਭਾਵ ਸਿੱਖ ਲਹਿਰ ਚਲਾਈ ਹੋਈ ਸੀ।

ਮੇਰੇ ਦਿਲ ਵਿਚ ਇਹ ਖਿਆਲ ਚੌਖੇ ਚਿਰ ਤੋਂ ਆ ਜਾ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ (ਭਾਵ ਸਿੱਖ ਧਰਮ) ਨੂੰ ਬੰਦ ਕਰ ਦਿਤਾ ਜਾਵੇ ਜਾਂ ਉਸ ਗੁਰੂ ਅਰਜਨ ਦੇਵ ਜੀ ਦੇ ਧਰਮ ਮੰਡਲ ਵਿਚ ਦਾਖਲ ਕਰ ਲਿਆ ਜਾਵੇ। ਮੈਂ ਹੁਕਮ ਦਿਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਏ ਜਾਂ ਉਸ ਨੂੰ ਇਸਲਾਮ ਦੇ ਘੇਰੇ ਵਿਚ ਦਾਖਲ ਕਰ ਲਿਆ ਜਾਵੇ। ਉਸ ਦਾ ਘਰ ਘਾਟ ਤੇ ਬੱਚੇ ਮੈਂ ਮੁਰਤਜ਼ਾ ਖਾਨ ਦੇ ਹਵਾਲੇ ਕੀਤੇ ਜਾਣ ਅਤੇ ਉਸ ਦਾ ਮਾਲ ਅਸਬਾਬ, ਕੈਦ, ਸਹਿਤ ਜਜ਼ਬ ਕਰਕੇ ਮੈਂ ਹੁਕਮ ਦਿਤਾ ਕਿ ਉਸ ਨੂੰ ਸਿਆਸਤ ਅਤੇ ਯਾਸਾ ਦੀ ਰਾਜ ਡੰਡਾਵਲੀ ਅਨੁਸਾਰ ਮਾਰ ਮੁਕਾ ਦਿੱਤਾ ਜਾਵੇ।'
(ਤੁਜੁਕਿ ਜਹਾਂਗੀਰੀ ਮਿਤੀ 1606 ਈ. ਪੰਨਾ 35)

ਉਸੇ ਨਿਰਦਈ ਡੰਡਾਵਲੀ ਅਨੁਸਾਰ ਦੈਵੀ, ਕੋਮਲ ਚਿਤ ਤੇ ਮਹਾਨ ਆਤਮਾ ਦੇ ਸੁਆਮੀ ਅੰਮ੍ਰਿਤਸਰ ਤੇ ਕਈ ਹੋਰ ਨਗਰਾਂ ਦੇ ਉਸੱਰਈਏ ਗੁਰੂ ਗ੍ਰੰਥ ਸਾਹਿਬ ਦੇ ਰਚਨਾਹਾਰ, ਮਨੁੱਖੀ ਅਧਿਕਾਰਾਂ ਦੇ ਅਲਮ ਬਰਦਾਰ ਅਤੇ ਧਰਮ ਕਰਮ ਦੇ ਅਨੂਠੇ ਪਹਿਰੇਦਾਰ ਗੁਰੂ ਅਰਜਨ ਦੇਵ ਜੀ ਲਗਾਤਾਰ ਕਈ ਦਿਨ ਤੱਤੀ ਤਵੀ ਉਤੇ ਤਾਇਆ ਗਿਆ, ਭਖਦੀ ਰੇਤ ਪਾ ਪਾ ਕੇ ਦੁਖਾਇਆ ਗਿਆ, ਖੌਲਦੇ ਪਾਣੀ ਵਿਚ ਉਬਾਲਿਆ ਗਿਆ ਅਤੇ ਅਖੀਰ ਰਾਵੀ ਦੇ ਠੰਢੇ ਪਾਣੀ ਵਿਚ ਡੁਬੋ ਕੇ ਸ਼ਹੀਦ ਕਰ ਦਿਤਾ ਗਿਆ ਸੀ।

ਇਕ ਸਮਕਾਲੀ ਬਦੇਸੀ ਯਮੂਈ ਮਿਸ਼ਨਗੀ ਫਾਦਰ ਫਰਦੀਨੰਦ ਗੁਇਰੈਰੋ ਦੀ 25 ਸਤੰਬਰ 1606 ਨੂੰ ਲਾਹੌਰ ਤੋਂ ਆਪਣੇ ਦੇਸ਼ ਵਲ ਚਿੱਠੀ ਲਿਖ ਭੇਜੀ ਅਤੇ ਸੰਨ 1609 ਵਿਚ ਲਿਜ਼ਬਨ ਵਿਖੇ ਪ੍ਰਕਾਸ਼ਤ ਹੋ ਇਕ ਚਿੱਠੀ ਅਨੁਸਾਰ : "ਜਦੋਂ ਬਾਦਸਾਹ ਜਹਾਂਗੀਰ ਨੇ ਸ਼ਹਿਜ਼ਾਦਾ ਖੁਸਰੋ ਨੂੰ ਫੜ ਲਿਆ ਸੀ ਤਾਂ ਉਸ ਨੇ ਗੁਰੂ ਨੂੰ ਬੁਲਵਾ ਕੇ ਇਕ ਅਮੀਰ ਮੂਰਤੀ ਪੂਜ ਦੇ ਹਵਾਲੇ ਕਰ ਦਿਤਾ ਸੀ। ਉਹ ਉਨ੍ਹਾਂ ਨੂੰ ਨਿੱਤ ਨਵੇਂ ਕਸ਼ਟ ਦੇਂਦਾ ਰਿਹਾ ਸੀ। ਇਸ ਤਰ੍ਹਾਂ ਸਿਖਾਂ ਦੇ ਉਹ ਨੇਕ ਪੋਪ ਗੁਰੂ ਅਰਜਨ ਦੇਵ ਜੀ ਦੁਖ, ਤਸੀਹੇ ਤੇ ਨਿਰਾਦਰੀਆਂ ਸਹਾਰਦੇ ਹੋਏ ਸੁਰਗਵਾਸ ਹੋ ਗਏ ਸਨ।"
(ਐਨੁਅਲ ਰੀਲੇਸ਼ਨਜ਼ ਮਿਤੀ 1609 ਈ. ਜਿ. 2, ਪੰਨਾ 366)

ਉਨ੍ਹਾਂ ਦੇ ਇਕ ਹੋਰ ਸਮਕਾਲੀ ਅਤੇ ਜਹਾਂਗੀਰ ਨੂੰ ਚੁੱਕਾਂ ਦੇਣ ਵਾਲੇ ਤੁਅੱਸਬੀ ਉਲਮਾਵਾਂ ਦੇ ਮੁੱਖੀ ਉਕਤ ਸ਼ੇਖ ਅਹਿਮਦ ਸਰਹਿੰਦੀ ਉਰਫ ਮਜੱਦਦੇ ਅਲਫ ਸਾਨੀ ਨੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿੰਦਿਆਂ ਅਤੇ ਸ਼ੁਕਰਾਨਿਆਂ ਭਰੀ ਚੜ੍ਹਦੀਕਲਾ ਵਿਚ ਵਿਗਸਦਿਆਂ ਦਿਤੀ ਗਈ ਇਸ ਮਹਾਨ ਸ਼ਹਾਦਤ ਨੂੰ ਲਾਹੌਰ ਦੇ ਉਕਤ ਗਵਰਨਰ ਮੁਰਤਜ਼ਾ ਖਾਨ ਵਲ ਲਿਖੀ ਮੁਬਾਰਕੀ ਚਿਠੀ ਵਿਚ ਗੋਇੰਦਵਾਲ ਦੇ ਫਿਟਕਾਰ ਯੋਗ ਕਾਫਰ ਦਾ ਕਤਲ ਇਸਲਾਮ ਦੇ ਸ਼ਰਧਾਲੂਆਂ ਲਈ ਉੱਚਤਮ ਸ਼ੋਭਾ ਵਾਲਾ ਕੰਮ ਦੱਸਿਆ ਸੀ। (ਮਕਤੂਬਾਤੇ ਇਮਾਮੇ ਰੱਬਾਨੀ, ਜਿ. 1-3, ਮਿਤੀ 16-9-4।, ਪੰਨਾ 193) ਸੋ, ਉਪਰੋਕਤ ਸਮਕਾਲੀ ਤੇ ਭਰੋਸੇਯੋਗ ਇਤਿਹਾਕ ਗਵਾਈਆਂ (ਸਮਕਾਲੀ ਬਾਦਸ਼ਾਹ ਜਹਾਂਗੀਰ, ਬਦੇਸੀ ਮਿਸ਼ਨਰੀਆਂ ਫਰੀਨੰਦ ਤੇ ਸ਼ੇਖ ਅਹਿਮਦ ਸਰਹਿੰਦੀ ਦੀਆਂ) ਨੂੰ ਮੁੱਖ ਰਖਦਿਆਂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਅਸਲ ਕਾਰਨ ਤੇ ਅਸਲ ਦੋਸ਼ੀ ਪ੍ਰਿਥੀਚੰਦ ਤੇ ਉਸ ਦੀ ਖਾਨਦਾਨੀ ਈਰਖਾ, ਚੰਦੂ ਤੇ ਉਸ ਦੀ ਜਾਤੀ ਰੰਜਸ਼, ਖੁਸਰੋ ਅਤੇ ਉਸ ਦੀ ਗੋਇੰਦਵਾਲ ਆਵੰਦ ਜਾਂ ਇਸ ਤਰ੍ਹਾਂ ਦੀਆਂ ਆਮ ਦੱਸੀਆਂ ਜਾਂਦੀਆਂ ਗੱਲਾਂ ਜਾਂ ਘਟਨਾਵਾਂ ਨਹੀਂ ਸਨ। ਸਿੱਖ ਇਤਿਹਾਸ ਦੀ ਇਹ ਪਹਿਲੀ ਤੇ ਅਦੁੱਤੀ ਸ਼ਹੀਦੀ, ਸਮੇਂ ਦੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਉਪਰੋਕਤ ਲਿਖਤੀ ਬਿਆਨ ਮੁਤਾਬਕ ਉਸ ਦੇ ਆਪਣੇ ਹੁਕਮ ਅਧੀਨ ਅਤੇ ਉਸ ਦੀ ਤੁਅੱਸਬੀ ਵਿਧੀ ਅਨੁਸਾਰ ਹੀ ਹੋਈ ਸੀ। ਇਸੇ ਸ਼ਹੀਦੇ ਨੇ ਸਿੱਖ ਧਰਮ ਦੀ ਉਸਾਰੀ ਦੀਆਂ ਨੀਹਾਂ, ਹੇਠ ਲਿਖੇ ਮਕੂਲਿਆਂ ਅਨੁਸਾਰ ਏਨੀਆਂ ਪੱਕੀਆਂ ਕਰ ਦਿਤੀਆਂ ਸਨ ਕਿ ਉਨ੍ਹਾਂ ਉਤੇ ਉਨ੍ਹਾਂ ਤੇ ਪਾਵਨ ਪੋਤੇ ਗੁਰੂ ਤੇਗ ਬਹਾਦਰ ਜੀ ਪੜ ਪੋਤੇ, ਗੁਰੂ ਗੋਬਿੰਦ ਸਿੰਘ ਜੀ ਤੇ ਨਕੜਪੋਤਿਆਂ ਚਾਰ ਸਾਹਿਬਜ਼ਾਦਿਆਂ ਨੇ ਆਪੋ ਆਪਣੀ ਬਲਿਦਾਨਾਂ ਰਾਹੀਂ ਇਕ ਅਜਿਹਾ ਅਮਰ ਤੇ ਅੱਦੁਤੀ ਮਹਿਲ ਉਸਾਰ ਦਿਤਾ ਸੀ। ਜਿਸ ਨੂੰ 'ਸਿੱਖ ਕੌਮ' ਅਤੇ ਪੰਥ ਖ਼ਾਲਸਾ ਅਖਵਾਉਣ ਦਾ ਮਾਣ ਪ੍ਰਾਪਤ ਹੈ।

ਸ਼ਹੀਦ ਕੀ ਜੋ ਮੌਤ ਹੈ, ਵੋਹ ਕੌਮ ਕੀ ਹਯਾਤ ਹੈ
ਹਯਾਤ ਭੀ ਹਯਾਤ ਹੈ, ਔਰ ਮੌਤ ਭੀ ਹਯਾਤ ਹੈ।

# ਸੋਨਮ ਵਾਂਗਚੁਕ ਦੀ ਗ੍ਰਿਫ਼ਤਾਰੀ ਮਗਰੋਂ ਲੇਹ 'ਚ ਜਨਜੀਵਨ ਠੱਪ

## ਬਾਜ਼ਾਰ ਬੰਦ; ਸੜਕਾਂ 'ਤੇ ਸੁੰਨ ਪਸਰੀ; ਸੁਰੱਖਿਆ ਬਲ ਤਾਇਨਾਤ; ਸਥਾਨਕ ਲੋਕਾਂ ਤੇ ਸੈਲਾਨੀਆਂ ਨੇ ਬਣਾਈ ਦੂਰੀ



**ਲੇਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲਵਾਯੂ ਕਾਰਕੁਨ ਸੋਨਮ ਵਾਂਗਚੁਕ ਦੀ ਗ੍ਰਿਫ਼ਤਾਰੀ ਤੋਂ ਬਾਅਦ ਲੇਹ ਵਿੱਚ ਜਨਜੀਵਨ ਠੱਪ ਹੋ ਗਿਆ ਹੈ। ਬਾਜ਼ਾਰ ਬੰਦ ਹਨ, ਸੜਕਾਂ 'ਤੇ ਸੁੰਨ ਪਸਰੀ ਹੋਈ ਹੈ ਅਤੇ ਸਿਰਫ਼ ਨੀਮ ਫੌਜੀ ਬਲਾਂ ਦੇ ਜਵਾਨ ਹੀ ਖਾਲੀ ਗਲੀਆਂ ਵਿੱਚ ਗਸ਼ਤ ਕਰ ਰਹੇ ਹਨ। ਲੇਹ ਪੁਲੀਸ ਨੇ ਯਾਤਰੀਆਂ ਦੀ ਆਵਾਜਾਈ 'ਤੇ ਨੇੜਿਓਂ ਨਜ਼ਰ ਰੱਖਦਿਆਂ ਕਈ ਥਾਵਾਂ 'ਤੇ ਚੌਕੀਆਂ ਸਥਾਪਤ ਕੀਤੀਆਂ ਹਨ। ਅਧਿਕਾਰੀਆਂ ਨੇ ਕਿਹਾ ਕਿ ਸ਼ੁੱਕਰਵਾਰ ਨੂੰ ਵਾਂਗਚੁਕ ਦੀ ਹਿਰਾਸਤ ਤੋਂ ਬਾਅਦ ਵਾਧੂ ਸੁਰੱਖਿਆ ਵਧਾ ਦਿੱਤੀ ਗਈ ਹੈ।

ਪਿਛਲੇ ਹਫ਼ਤੇ ਹੀ ਸੈਲਾਨੀਆਂ ਨਾਲ ਭਰੇ ਬਾਜ਼ਾਰ ਹੁਣ ਸੁੰਨਸਾਨ ਹੋ ਗਏ ਹਨ, ਸੜਕਾਂ 'ਤੇ ਸਿਰਫ਼ ਕੁਝ ਵਿਦੇਸ਼ੀ ਸੈਲਾਨੀ ਹੀ ਦਿਖਾਈ ਦੇ ਰਹੇ ਹਨ।

ਸਥਾਨਕ ਲੋਕਾਂ ਨੇ ਕਿਹਾ ਕਿ ਅਗਲੇ ਦੋ ਦਿਨ 'ਅਹਿਮ' ਹਨ, ਕਿਉਂਕਿ ਹਾਲ ਹੀ ਵਿੱਚ ਹੋਈ ਹਿੰਸਾ ਦੌਰਾਨ ਮਾਰੇ ਗਏ ਚਾਰ ਵਿਅਕਤੀਆਂ ਦੇ ਅੰਤਿਮ ਸੰਸਕਾਰ ਹੋਣਗੇ। ਲਦਾਖ ਪ੍ਰਸ਼ਾਸਨ ਨੇ ਸ਼ੁੱਕਰਵਾਰ ਰਾਤ ਨੂੰ ਵਾਂਗਚੁਕ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਜੇਕਰ ਉਹ 'ਭੁੱਖ ਹੜਤਾਲ ਰੱਦ ਕਰਕੇ ਆਪਣੀਆਂ ਨਿੱਜੀ ਅਤੇ ਰਾਜਨੀਤਿਕ ਇੱਛਾਵਾਂ ਤੋਂ ਉੱਪਰ ਉੱਠ ਸਕਦਾ' ਹੁੰਦਾ ਤਾਂ ਇਸ ਘਟਨਾ ਤੋਂ 'ਬਚਿਆ ਜਾ ਸਕਦਾ ਸੀ'।

ਬੁੱਧਵਾਰ ਦੁਪਹਿਰ ਨੂੰ ਲੇਹ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਵਾਂਗਚੁਕ ਨੂੰ ਉਸ ਦੇ ਪਿੰਡ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ ਸੀ, ਜਿਸ ਵਿੱਚ ਚਾਰ ਵਿਅਕਤੀ ਮਾਰੇ ਗਏ ਸਨ ਅਤੇ ਲਗਭਗ 100 ਜ਼ਖ਼ਮੀ ਹੋ ਗਏ ਸਨ।

# ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦਾ ਨਾਟਕ ਬੇਤੁੱਕਾ: ਭਾਰਤ

## ਸ਼ਹਿਬਾਜ਼ ਸ਼ਰੀਫ ਦੇ ਸੰਯੁਕਤ ਰਾਸ਼ਟਰ ਦੇ ਬਿਆਨਾਂ ਦੀ ਆਲੋਚਨਾ ਕੀਤੀ

**ਨਵੀਂ ਦਿੱਲੀ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੀ ਫ਼ੌਜ ਨੇ ਮਈ ਵਿੱਚ 'ਅਪਰੇਸ਼ਨ ਸਿੰਧੂਰ' ਦੌਰਾਨ ਲੜਾਈ ਬੰਦ ਕਰਨ ਦੀ 'ਬੇਨਤੀ' ਕੀਤੀ ਸੀ, ਭਾਰਤ ਨੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਤੋਂ ਇੱਕ ਸਖ਼ਤ ਜਵਾਬ ਵਿੱਚ ਕਿਹਾ ਹੈ ਕਿ ਨਵੀਂ ਦਿੱਲੀ ਅਤੇ ਇਸਲਾਮਾਬਾਦ ਵਿਚਕਾਰ ਮੁੱਦਿਆਂ ਵਿੱਚ ਦਖ਼ਲ ਦੇਣ ਲਈ 'ਕਿਸੇ ਵੀ ਤੀਜੀ ਧਿਰ ਲਈ ਕੋਈ ਥਾਂ ਨਹੀਂ ਹੈ।' ਇਹ ਟਿੱਪਣੀ ਸ਼ੁੱਕਰਵਾਰ ਨੂੰ ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਮਿਸ਼ਨ ਦੀ ਪਹਿਲੀ ਸਕੱਤਰ ਪੇਟਲ ਗਹਿਲੋਤ ਨੇ ਕੀਤੀ। ਇਹ ਟਿੱਪਣੀ ਉਸ ਸਮੇਂ ਆਈ ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਸੰਯੁਕਤ ਰਾਸ਼ਟਰ ਮਹਾਸਭਾ (”©71) ਦੇ 80ਵੇਂ ਸੈਸ਼ਨ ਦੀ ਆਮ ਬਹਿਸ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਦੋਵੇਂ ਪ੍ਰਮਾਣੂ ਹਥਿਆਰਾਂ ਵਾਲੇ ਗੁਆਂਢੀਆਂ ਵਿਚਕਾਰ ਜੰਗ ਟਾਲਣ ਦਾ ਸਿਹਰਾ ਦਿੱਤਾ ਸੀ।

ਗਹਿਲੋਤ ਨੇ UNGA ਵਿੱਚ ਭਾਰਤ ਦੇ ਜਵਾਬ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਕਿਹਾ, "ਇਸ ਅਸੈਂਬਲੀ ਨੇ ਸਵੇਰੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵੱਲੋਂ ਅਜੀਬ ਨਾਟਕ ਦੇਖਿਆ, ਜਿਸ ਨੇ ਇੱਕ ਵਾਰ ਫਿਰ ਅਤਿਵਾਦ ਦਾ ਗੁਣਗਾਨ ਕੀਤਾ ਜੋ ਉਨ੍ਹਾਂ ਦੀ ਵਿਦੇਸ਼ ਨੀਤੀ ਦਾ ਕੇਂਦਰੀ ਹਿੱਸਾ ਹੈ।"

ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਹਾਲ ਹੀ ਵਿੱਚ ਹੋਏ ਤਣਾਅ ਦਾ ਇੱਕ 'ਅਜੀਬ' ਬਿਰਤਾਂਤ ਪੇਸ਼ ਕੀਤਾ ਜਦੋਂ ਭਾਰਤ ਨੇ 22 ਅਪਰੈਲ ਨੂੰ ਪਹਿਲਗਾਮ ਅਤਿਵਾਦੀ ਹਮਲੇ ਦਾ ਬਦਲਾ ਲੈਣ ਲਈ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਅਤਿਵਾਦੀ ਢਾਂਚੇ ਨੂੰ ਨਿਸ਼ਾਨਾ ਬਣਾਉਂਦਿਆਂ 'ਅਪਰੇਸ਼ਨ ਸਿੰਧੂਰ' ਸ਼ੁਰੂ ਕੀਤਾ ਸੀ, ਜਿਸ ਵਿੱਚ 26 ਨਾਗਰਿਕ ਮਾਰੇ ਗਏ ਸਨ।

ਪਾਕਿਸਤਾਨ ਸਥਿਤ ਅਤਿਵਾਦੀ ਸਮੂਹ ਲਸ਼ਕਰ-ਏ-ਤਾਇਬਾ ਦੀ ਇੱਕ ਸ਼ਾਖਾ, ਰੈਜ਼ਿਸਟੈਂਸ ਫਰੰਟ ਨੇ ਹਮਲੇ ਦੀ ਜ਼ਿੰਮੇਵਾਰੀ ਲਈ ਸੀ।

ਭਾਰਤ ਨੇ ਕਿਹਾ, "9 ਮਈ ਤੱਕ, ਪਾਕਿਸਤਾਨ ਭਾਰਤ 'ਤੇ ਹੋਰ ਹਮਲਿਆਂ ਦੀ ਧਮਕੀ ਦੇ ਰਿਹਾ ਸੀ ਪਰ 10 ਮਈ ਨੂੰ ਪਾਕਿਸਤਾਨੀ ਫ਼ੌਜ ਨੇ ਸਿੱਧੇ ਤੌਰ 'ਤੇ ਸਾਡੇ ਨਾਲ ਲੜਾਈ ਬੰਦ ਕਰਨ ਲਈ ਬੇਨਤੀ ਕੀਤੀ। ਵਿਚਕਾਰਲੀ ਘਟਨਾ ਭਾਰਤੀ ਫ਼ੌਜਾਂ ਦੁਆਰਾ ਕਈ ਪਾਕਿਸਤਾਨੀ ਹਵਾਈ ਅੱਡਿਆਂ ਦੀ ਕੀਤੀ ਗਈ ਤਬਾਹੀ ਸੀ। ਉਸ ਨੁਕਸਾਨ ਦੀਆਂ ਤਸਵੀਰਾਂ ਬੇਸ਼ੱਕ ਜਨਤਕ ਤੌਰ 'ਤੇ ਮੌਜੂਦ ਹਨ।"



ਸ਼ਰੀਫ ਦੁਆਰਾ ਸ਼ੁੱਕਰਵਾਰ ਸਵੇਰੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਨੂੰ ਆਪਣੇ ਸੰਬੋਧਨ ਵਿੱਚ ਭਾਰਤ ਨਾਲ ਹਾਲ ਹੀ ਵਿੱਚ ਹੋਏ ਟਕਰਾਅ ਦੌਰਾਨ ਉਨ੍ਹਾਂ ਦੇ ਦੇਸ਼ ਨੇ 'ਜੰਗ ਜਿੱਤੀ' ਕਹਿਣ, ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੁਆਰਾ ਕੀਤੀ ਗਈ 'ਜੰਗਬੰਦੀ' ਦਾ ਹਵਾਲਾ ਦੇਣ ਅਤੇ ਕਸ਼ਮੀਰ ਦਾ ਮੁੱਦਾ ਉਠਾਉਣ ਤੋਂ ਬਾਅਦ ਭਾਰਤ ਨੇ ਪਾਕਿਸਤਾਨ ਦੀ ਨਿੰਦਾ ਕੀਤੀ।

ਸ਼ਰੀਫ ਨੇ ਕਿਹਾ ਸੀ ਕਿ ਪਾਕਿਸਤਾਨੀ ਫ਼ੌਜਾਂ ਨੇ ਭਾਰਤ ਦੇ ਹਮਲਿਆਂ ਨੂੰ ਨਾਕਾਮ ਕਰ ਦਿੱਤਾ ਸੀ ਅਤੇ ਦਾਅਵਾ ਕੀਤਾ ਸੀ ਕਿ ਸੱਤ ਭਾਰਤੀ ਜੈੱਟਾਂ ਦੇ ਪਰਖੱਚੇ ਉਡਾ ਦਿੱਤੇ ਗਏ ਸਨ। ਭਾਰਤ ਨੇ ਤਿੱਖਾ ਜਵਾਬ ਦਿੰਦਿਆਂ ਕਿਹਾ ਕਿ 'ਜੇਕਰ ਤਬਾਹ ਹੋਏ ਰਨਵੇਅ ਜਿੱਤ ਵਾਂਗ ਦਿਖਾਈ ਦਿੰਦੇ ਹਨ, ਜਿਵੇਂ ਕਿ ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਸੀ ਤਾਂ ਪਾਕਿਸਤਾਨ ਦਾ ਅਜਿਹਾ ਮਜ਼ਾ ਲੈਣ ਲਈ ਸਵਾਗਤ ਹੈ।" ਗਹਿਲੋਤ ਨੇ UNGA ਹਾਲ ਵਿੱਚ ਕਿਹਾ ਕਿ 'ਅਸੀਂ ਅਪਰੇਸ਼ਨ ਸਿੰਧੂਰ ਦੌਰਾਨ ਭਾਰਤੀ ਫ਼ੌਜਾਂ ਦੁਆਰਾ ਬਹਾਵਲਪੁਰ ਅਤੇ ਮੁਰੀਦਕੇ ਅਤਿਵਾਦੀ ਕੰਪਲੈਕਸਾਂ ਵਿੱਚ ਮਾਰੇ ਗਏ ਅਤਿਵਾਦੀਆਂ ਦੀਆਂ ਬਹੁਤ ਸਾਰੀਆਂ ਤਸਵੀਰਾਂ ਦੇਖੀਆਂ।" ਉਨ੍ਹਾਂ ਕਿਹਾ, "ਜਦੋਂ ਸੀਨੀਅਰ ਪਾਕਿਸਤਾਨੀ ਫ਼ੌਜੀ ਅਤੇ ਸਿਵਲੀਅਨ ਅਧਿਕਾਰੀ ਜਨਤਕ ਤੌਰ 'ਤੇ ਅਜਿਹੇ ਬਦਨਾਮ ਅਤਿਵਾਦੀਆਂ ਦੀ ਵਡਿਆਈ ਕਰਦੇ ਹਨ ਅਤੇ ਸ਼ਰਧਾਂਜਲੀ ਦਿੰਦੇ ਹਨ ਤਾਂ ਕੀ ਇਸ ਸ਼ਾਸਨ ਦੀਆਂ ਗਤੀਵਿਧੀਆਂ ਬਾਰੇ ਕੋਈ ਸ਼ੱਕ ਹੋ ਸਕਦਾ ਹੈ।"

'ਅਪਰੇਸ਼ਨ ਸਿੰਧੂਰ' ਤੋਂ ਬਾਅਦ ਇੱਕ ਵਾਇਰਲ ਫੋਟੋ ਵਿੱਚ ਲਸ਼ਕਰ-ਏ-ਤਾਇਬਾ ਦੇ ਅਤਿਵਾਦੀ ਹਾਫਿਜ਼ ਅਬਦੁਲ ਰਾਊਫ ਨੂੰ ਮੁਰੀਦਕੇ ਵਿੱਚ ਲਸ਼ਕਰ ਦੇ ਹੈੱਡਕੁਆਰਟਰ 'ਤੇ ਹਮਲਿਆਂ ਵਿੱਚ ਮਾਰੇ ਗਏ ਲੋਕਾਂ ਲਈ ਅਰਦਾਸ ਕਰਨ ਦੀ ਅਗਵਾਈ ਕਰਦੇ ਦਿਖਾਇਆ ਗਿਆ, ਜਿਸ ਵਿੱਚ ਪਾਕਿਸਤਾਨੀ ਫ਼ੌਜ ਦੇ ਮੈਂਬਰ ਸ਼ਾਮਲ ਹੋਏ। ਭਾਰਤ ਨੇ ਕਿਹਾ ਕਿ ਨਵੀਂ ਦਿੱਲੀ ਅਤੇ ਇਸਲਾਮਾਬਾਦ ਦੇ ਮਾਮਲਿਆਂ ਵਿੱਚ ਕਿਸੇ ਵੀ ਤੀਜੀ ਧਿਰ ਦੇ ਦਖ਼ਲ ਲਈ ਕੋਈ ਥਾਂ ਨਹੀਂ ਹੈ।

ਗਹਿਲੋਤ ਨੇ ਕਿਹਾ, "ਭਾਰਤ ਅਤੇ ਪਾਕਿਸਤਾਨ ਲੰਬੇ ਸਮੇਂ ਤੋਂ ਇਸ ਗੱਲ 'ਤੇ ਸਹਿਮਤ ਹੋਏ ਹਨ ਕਿ ਉਨ੍ਹਾਂ ਵਿਚਕਾਰ ਕਿਸੇ ਵੀ ਬਕਾਇਆ ਮੁੱਦੇ ਨੂੰ ਦੁਵੱਲੇ ਤੌਰ 'ਤੇ ਹੱਲ ਕੀਤਾ ਜਾਵੇਗਾ। ਇਸ ਸਬੰਧੀ ਕਿਸੇ ਵੀ ਤੀਜੀ ਧਿਰ ਲਈ ਕੋਈ ਥਾਂ ਨਹੀਂ ਹੈ।" ਸ਼ਰੀਫ ਨੇ ਦਾਅਵਾ ਕੀਤਾ ਸੀ ਕਿ ਜਦੋਂ ਪਾਕਿਸਤਾਨ 'ਤਾਕਤ ਦੀ ਸਥਿਤੀ' ਵਿੱਚ ਸੀ ਤਾਂ ਉਹ ਟਰੰਪ ਦੀ 'ਦਲੇਰ ਅਤੇ ਦੂਰਦਰਸ਼ੀ ਲੀਡਰਸ਼ਿਪ' ਦੀ ਅਗਵਾਈ ਵਿੱਚ ਜੰਗਬੰਦੀ ਲਈ ਸਹਿਮਤ ਹੋਇਆ ਸੀ ਅਤੇ ਪਾਕਿਸਤਾਨੀ ਪ੍ਰਧਾਨ ਮੰਤਰੀ ਨੇ ਅਮਰੀਕੀ ਨੇਤਾ ਅਤੇ ਉਨ੍ਹਾਂ ਦੀ ਟੀਮ ਦਾ 'ਜੰਗਬੰਦੀ ਲਿਆਉਣ ਵਿੱਚ ਉਨ੍ਹਾਂ ਦੀ ਸਰਗਰਮ ਭੂਮਿਕਾ' ਲਈ ਧੰਨਵਾਦ ਕੀਤਾ।

ਭਾਰਤ ਨੇ ਲਗਾਤਾਰ ਕਿਹਾ ਹੈ ਕਿ ਦੋਵਾਂ ਫ਼ੌਜਾਂ ਦੇ ਡਾਇਰੈਕਟਰ ਜਨਰਲ ਆਫ਼ ਮਿਲਟਰੀ ਅਪਰੇਸ਼ਨਜ਼ ਦਰਮਿਆਨ ਸਿੱਧੀ ਗੱਲਬਾਤ ਤੋਂ ਬਾਅਦ ਪਾਕਿਸਤਾਨ ਨਾਲ ਤਣਾਅ ਖ਼ਤਮ ਕਰਨ ਦੇ ਫ਼ੈਸਲੇ 'ਤੇ ਪਹੁੰਚਿਆ ਸੀ।

# BSNL ਦਾ 4G stack 'ਸਵਦੇਸ਼ੀ ਭਾਵਨਾ' ਦਾ ਪ੍ਰਤੀਕ: ਮੋਦੀ

**ਨਵੀਂ ਦਿੱਲੀ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨਿਚਰਵਾਰ ਨੂੰ ਕਿਹਾ ਕਿ BSNL ਦਾ 4G Stack 'ਸਵਦੇਸ਼ੀ ਭਾਵਨਾ' ਦਾ ਪ੍ਰਤੀਕ ਹੈ। ਕੇਂਦਰੀ ਮੰਤਰੀ ਜੋਤਿਰਾਦਿੱਤਿਆ ਸਿੰਧੀਆ ਦੇ 'ਐਕਸ' (X) 'ਤੇ ਇੱਕ ਪੋਸਟ ਦਾ ਜਵਾਬ ਦਿੰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਕੇਂਦਰੀ ਮੰਤਰੀ ਸਿੰਧੀਆ ਨੇ ਦਰਸਾਇਆ ਕਿ BSNL ਦਾ 4G ਸਟੈਕ ਕਿਸ ਤਰ੍ਹਾਂ ਸਵਦੇਸ਼ੀ ਭਾਵਨਾ ਦਾ ਪ੍ਰਤੀਕ ਹੈ।



ਪ੍ਰਧਾਨ ਮੰਤਰੀ ਨੇ ਕਿਹਾ, "92,000 ਤੋਂ ਵੱਧ ਸਾਈਟਾਂ 2.2 ਕਰੋੜ ਭਾਰਤੀਆਂ ਨੂੰ ਜੋੜ ਰਹੀਆਂ ਹਨ, ਇਹ ਭਾਰਤ ਦੀ ਨਿਰਭਰਤਾ ਤੋਂ ਆਤਮ-ਵਿਸ਼ਵਾਸ ਤੱਕ ਦੀ ਯਾਤਰਾ ਨੂੰ ਦਰਸਾਉਂਦਾ ਹੈ, ਰੁਜ਼ਗਾਰ, ਨਿਰਯਾਤ, ਵਿੱਤੀ ਪੁਨਰ-ਸੁਰਜੀਤੀ ਨੂੰ ਅੱਗੇ ਵਧਾਉਂਦਾ ਹੈ ਅਤੇ ਆਤਮਨਿਰਭਰ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਅੱਗੇ ਵਧਾਉਂਦਾ ਹੈ।"

BSN* ਦੇ 25 ਸ਼ਾਨਦਾਰ ਸਾਲਾਂ ਦਾ ਜਸ਼ਨ ਮਨਾਉਂਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਝਾਰਸੁਗੁੜਾ ਤੋਂ ਦੇਸ਼ ਦੇ ਪੂਰੀ ਤਰ੍ਹਾਂ ਸਵਦੇਸ਼ੀ 4G Stack ਅਤੇ 97,500 ਤੋਂ ਵੱਧ BSNL ਟਾਵਰਾਂ ਦਾ ਉਦਘਾਟਨ ਕੀਤਾ। BSNL ਦੇ ਇਹ ਟਾਵਰ ਉੜੀਸਾ, ਆਂਧਰਾ ਪ੍ਰਦੇਸ਼, ਉੱਤਰ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਅਸਾਮ, ਗੁਜਰਾਤ ਅਤੇ ਬਿਹਾਰ ਵਿੱਚ ਫੈਲੇ ਹੋਏ ਹਨ।

# 'ਅਪਰੇਸ਼ਨ ਸਿੰਧੂਰ' ਦੌਰਾਨ ਪਾਕਿਸਤਾਨੀ ਫੌਜ ਨੇ ਜੰਗਬੰਦੀ ਲਈ ਕੀਤੀ ਸੀ ਅਪੀਲ: ਭਾਰਤ

**ਸੰਯੁਕਤ ਰਾਸ਼ਟਰ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਨੇ ਕਿਹਾ ਹੈ ਕਿ 'ਅਪਰੇਸ਼ਨ ਸਿੰਧੂਰ' ਦੌਰਾਨ ਪਾਕਿਸਤਾਨੀ ਫੌਜ ਨੇ ਜੰਗਬੰਦੀ ਲਈ ਉਸ ਅੱਗੇ ਅਪੀਲ ਕੀਤੀ ਸੀ ਅਤੇ ਨਵੀਂ ਦਿੱਲੀ ਤੇ ਇਸਲਾਮਾਬਾਦ ਵਿਚਕਾਰ ਕਿਸੇ ਵੀ ਮੁੱਦੇ 'ਤੇ ਕਿਸੇ ਤੀਜੀ ਧਿਰ ਦੇ ਦਖ਼ਲ ਲਈ ਕੋਈ ਥਾਂ ਨਹੀਂ ਹੈ। ਇਹ ਟਿੱਪਣੀ ਸ਼ੁੱਕਰਵਾਰ ਨੂੰ ਸੰਯੁਕਤ ਰਾਸ਼ਟਰ ਵਿੱਚ ਭਾਰਤ ਦੇ ਸਥਾਈ ਮਿਸ਼ਨ ਦੀ ਪਹਿਲੀ ਸਕੱਤਰ ਪੇਟਲ ਗਹਿਲੋਤ ਨੇ ਕੀਤੀ। ਇਹ ਟਿੱਪਣੀ ਉਸ ਸਮੇਂ ਆਈ ਜਦੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਸੰਯੁਕਤ ਰਾਸ਼ਟਰ ਮਹਾਸਭਾ (”©71) ਦੇ 80ਵੇਂ ਸੈਸ਼ਨ ਦੀ ਆਮ ਬਹਿਸ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਦੋਵੇਂ ਪ੍ਰਮਾਣੂ ਹਥਿਆਰਾਂ ਵਾਲੇ ਗੁਆਂਢੀਆਂ ਵਿਚਕਾਰ ਜੰਗ ਟਾਲਣ ਦਾ ਸਿਹਰਾ ਦਿੱਤਾ ਸੀ। ਗਹਿਲੋਤ ਨੇ ”©71 ਵਿੱਚ ਭਾਰਤ ਦੇ ਜਵਾਬ ਦੇ ਅਧਿਕਾਰ ਦੀ ਵਰਤੋਂ ਕਰਦਿਆਂ ਕਿਹਾ, "ਇਸ ਅਸੈਂਬਲੀ ਨੇ ਸਵੇਰੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਵੱਲੋਂ ਅਜੀਬ ਨਾਟਕ ਦੇਖਿਆ, ਜਿਸ ਨੇ ਇੱਕ ਵਾਰ ਫਿਰ ਅਤਿਵਾਦ ਦਾ ਗੁਣਗਾਨ ਕੀਤਾ ਜੋ ਉਨ੍ਹਾਂ ਦੀ ਵਿਦੇਸ਼ ਨੀਤੀ ਦਾ ਕੇਂਦਰੀ ਹਿੱਸਾ ਹੈ।"ਆਪਣੇ ਸੰਬੋਧਨ ਵਿੱਚ ਸ਼ਰੀਫ਼ ਨੇ ਕਸ਼ਮੀਰ ਦੀ ਸਥਿਤੀ 'ਤੇ ਨਵੀਂ ਦਿੱਲੀ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਪਾਕਿਸਤਾਨ ਸਾਰੇ ਬਕਾਇਆ ਮੁੱਦਿਆਂ 'ਤੇ ਭਾਰਤ ਨਾਲ ਸੰਯੁਕਤ, ਵਿਆਪਕ ਅਤੇ ਨਤੀਜਾ-ਮੁਖੀ ਗੱਲਬਾਤ ਲਈ ਤਿਆਰ ਹੈ। ਸ਼ਰੀਫ਼ ਨੇ ਟਰੰਪ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸ਼ਾਂਤੀ ਲਈ ਯਤਨਾਂ ਨੇ ਦੱਖਣੀ ਏਸ਼ੀਆ ਵਿੱਚ ਜੰਗ ਨੂੰ ਟਾਲਣ ਵਿੱਚ ਮਦਦ ਕੀਤੀ।

ਉਨ੍ਹਾਂ ਕਿਹਾ, "ਸਾਡੇ ਸੰਸਾਰ ਦੇ ਇਸ ਹਿੱਸੇ ਵਿੱਚ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਲਈ ਰਾਸ਼ਟਰਪਤੀ ਟਰੰਪ ਦੇ ਸ਼ਾਨਦਾਰ ਅਤੇ ਬੇਮਿਸਾਲ ਯੋਗਦਾਨ ਦੀ ਮਾਨਤਾ ਵਜੋਂ, ਪਾਕਿਸਤਾਨ ਨੇ ਉਨ੍ਹਾਂ ਨੂੰ ਨੋਬਲ ਸ਼ਾਂਤੀ ਪੁਰਸਕਾਰ ਲਈ ਨਾਮਜ਼ਦ ਕੀਤਾ। ਇਹ ਘੱਟੋ-ਘੱਟ ਸੀ ਜੋ ਅਸੀਂ ਕਰ ਸਕਦੇ ਸੀ ... ਮੈਨੂੰ ਲੱਗਦਾ ਹੈ ਕਿ ਉਹ ਸੱਚਮੁੱਚ ਸ਼ਾਂਤੀ ਦੇ ਪੁਜਾਰੀ ਹਨ।"

ਪਹਿਲਗਾਮ ਅਤਿਵਾਦੀ ਹਮਲੇ ਦੇ ਸਬੰਧੀ ਭਾਰਤ ਲਗਾਤਾਰ ਇਹ ਕਹਿੰਦਾ ਰਿਹਾ ਹੈ ਕਿ ਪਾਕਿਸਤਾਨ ਨਾਲ ਟਕਰਾਅ ਖਤਮ ਕਰਨ ਦੀ ਸਹਿਮਤੀ ਦੋਵਾਂ ਫੌਜਾਂ ਦੀਆਂ ਫੌਜੀ ਕਾਰਵਾਈਆਂ ਦੇ ਡਾਇਰੈਕਟਰ ਜਨਰਲਾਂ (DGMOs) ਵਿਚਕਾਰ ਸਿੱਧੀ ਗੱਲਬਾਤ ਤੋਂ ਬਾਅਦ ਹੋਈ ਸੀ।

# ਮੈਨੂੰ ਹੱਥਕੜੀਆਂ ਲਾਈਆਂ ਤੇ ਸ਼ਾਕਾਹਾਰੀ ਹੋਣ ਦੇ ਬਾਵਜੂਦ ਠੰਢਾ ਤੇ ਮਾਸਹਾਰੀ ਖਾਣਾ ਦਿੱਤਾ: ਹਰਜੀਤ ਕੌਰ



**ਮੁਹਾਲੀ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਨੇ 73 ਸਾਲਾ ਔਰਤ ਨੂੰ ਕੁਝ ਦਿਨ ਪਹਿਲਾਂ ਡਿਪੋਰਟ ਕਰ ਕੇ ਭਾਰਤ ਭੇਜ ਦਿੱਤਾ ਸੀ। ਉਹ ਪਿਛਲੇ 33 ਸਾਲਾਂ ਤੋਂ ਵੱਧ ਸਮੇਂ ਤੋਂ ਅਮਰੀਕਾ ਵਿੱਚ ਰਹਿ ਰਹੀ ਸੀ। ਉਸ ਨੂੰ ਕੈਲੀਫੋਰਨੀਆ ਵਿੱਚ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਹਿਰਾਸਤ ਵਿੱਚ ਲਏ ਜਾਣ ਤੋਂ ਬਾਅਦ ਉਸ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਅਲਵਿਦਾ ਕਹਿਣ ਦਾ ਮੌਕਾ ਵੀ ਨਹੀਂ ਦਿੱਤਾ ਗਿਆ।

ਹਰਜੀਤ ਕੌਰ ਦੇ ਪੋਤੇ-ਪੋਤੀਆਂ ਅਮਰੀਕਾ ਤੋਂ ਉਸ ਨੂੰ ਵਾਰ-ਵਾਰ ਫੋਨ ਕਰ ਰਹੇ ਹਨ। ਉਹ ਪੁੱਛ ਰਹੇ ਹਨ ਕਿ ਉਨ੍ਹਾਂ ਦੀ ਦਾਦੀ ਲਈ ਸੌਣ ਲਈ ਬਿਸਤਰਾ ਹੈ ਕਿ ਨਹੀਂ, ਉਸ ਕੋਲ ਪਹਿਨਣ ਲਈ ਕੱਪੜੇ ਹਨ ਕਿ ਨਹੀਂ। ਕੀ ਉਸ ਨੂੰ ਸਵੇਰੇ, ਦੁਪਹਿਰ, ਸ਼ਾਮ ਨੂੰ ਖਾਣਾ ਮਿਲਦਾ ਹੈ ਕਿਉਂਕਿ ਉਨ੍ਹਾਂ ਦੀ 73 ਸਾਲਾ ਦਾਦੀ ਔਖੇ ਹਾਲਾਤ ਵਿਚ ਘਰੋਂ ਬੇਘਰ ਹੋ ਗਈ ਸੀ।

ਜ਼ਿਕਰਯੋਗ ਹੈ ਕਿ ਹਰਜੀਤ ਕੌਰ ਅਤੇ ਉਸ ਦੇ ਦੋ ਪੁੱਤਰ 1992 ਵਿੱਚ ਭਾਰਤ ਤੋਂ ਰੋਜ਼ੀ ਕਮਾਉਣ ਲਈ ਅਮਰੀਕਾ ਦੇ ਕੈਲੀਫੋਰਨੀਆ ਪਹੁੰਚੇ ਸਨ ਪਰ ਹੁਣ 22 ਸਤੰਬਰ ਨੂੰ ਉਸ ਨੂੰ ਵਾਪਸ ਭਾਰਤ ਡਿਪੋਰਟ ਕਰ ਦਿੱਤਾ ਗਿਆ ਹੈ। ਉਸ ਦਾ ਘਰ, ਉਸਦੇ ਬੱਚੇ ਅਤੇ ਪੋਤੇ-ਪੋਤੀਆਂ ਸਾਂ ਫਰਾਂਸਿਸਕੋ ਬੇਅ ਏਰੀਆ ਦੇ ਹਰਕਿਊਲੀਜ਼ ਵਿੱਚ ਹੀ ਰਹਿ ਗਏ ਹਨ। ਹਰਜੀਤ ਕੌਰ ਉਥੇ ਸਾੜੀਆਂ ਦੀ ਦੁਕਾਨ ਵਿੱਚ ਕੰਮ ਕਰਦੀ ਸੀ। ਹਰਜੀਤ ਕੌਰ ਇਸ ਵੇਲੇ ਮੁਹਾਲੀ ਵਿੱਚ ਆਪਣੇ ਦੂਰ ਦੇ ਰਿਸ਼ਤੇਦਾਰ ਕੋਲ ਰਹਿ ਰਹੀ ਹੈ ਜਿਸ ਨੇ ਉਸ ਨੂੰ ਰਹਿਣ ਲਈ ਥਾਂ ਦਿੱਤਾ।

ਹਰਜੀਤ ਹੁਣ ਇਸ ਦੇਸ਼ ਵਿੱਚ ਇਕੱਲੀ ਰਹਿ ਗਈ ਹੈ ਕਿਉਂਕਿ ਉਸ ਦੇ ਪਤੀ, ਮਾਪਿਆਂ ਅਤੇ ਵੱਡੇ ਭਰਾ ਦੀ ਮੌਤ ਹੋ ਚੁੱਕੀ ਹੈ। ਹਰਜੀਤ ਦਾ ਕੇਵਲ ਇੱਕ ਛੋਟਾ ਭਰਾ ਪੱਟੀ ਵਿਚ ਰਹਿੰਦਾ ਹੈ। ਹਰਜੀਤ ਨੂੰ ਇਸ ਵੇਲੇ ਨਹੀਂ ਪਤਾ ਕਿ ਉਹ ਇੱਥੇ ਕਿੰਨਾ ਸਮਾਂ ਹੋਰ ਰਹੇਗੀ।

ਹਰਜੀਤ ਕੌਰ ਨੇ ਟ੍ਰਿਬਿਊਨ ਸਮੂਹ ਨਾਲ ਗੱਲਬਾਤ ਕਰਦਿਆਂ ਕਿਹਾ, 'ਮੈਂ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਅਪੀਲ ਕਰਦੀ ਹਾਂ ਕਿ ਮੈਨੂੰ ਮੇਰੇ ਪਰਿਵਾਰ ਨਾਲ ਅਮਰੀਕਾ ਵਿੱਚ ਮਿਲਾਇਆ ਜਾਵੇ।'

ਹਰਜੀਤ ਕੌਰ ਨੂੰ ਹਾਲੇ ਵੀ ਉਮੀਦ ਹੈ ਕਿ ਸ਼ਾਇਦ ਅਮਰੀਕੀ ਸਰਕਾਰ ਦਾ ਮਨ ਬਦਲ ਜਾਵੇ ਪਰ ਉਹ ਇਸ ਵੇਲੇ ਕੁਝ ਨਹੀਂ ਕਹਿ ਰਹੀ ਕਿਉਂਕਿ ਉਸ ਨੂੰ ਭਾਰਤ ਆਏ ਕੁਝ ਦਿਨ ਹੀ ਹੋਏ ਹਨ। ਉਸ ਦਾ ਮੁਹਾਲੀ ਵਿਚ ਰਹਿੰਦਾ ਰਿਸ਼ਤੇਦਾਰ ਕੁਲਵੰਤ ਸਿੰਘ ਦੱਸਦਾ ਹੈ ਕਿ ਉਹ (ਹਰਜੀਤ ਕੌਰ) ਟਰੌਮਾ ਵਿਚ ਹੈ।

ਹਰਜੀਤ ਕੌਰ ਨੇ ਅਮਰੀਕਾ ਵਿੱਚ ਅਸਾਇਲਮ ਲਈ ਅਰਜ਼ੀ ਦਿੱਤੀ ਸੀ ਪਰ ਉਹ ਕਾਮਯਾਬ ਨਹੀਂ ਹੋਈ। ਹਰਜੀਤ ਕੌਰ ਨੂੰ 8 ਸਤੰਬਰ ਨੂੰ ਸਾਂ ਫਰਾਂਸਿਸਕੋ ਵਿੱਚ US Immigration and Customs Enforcement ਨੇ ਅਚਾਨਕ ਹੀ ਗ੍ਰਿਫਤਾਰ ਕਰ ਲਿਆ ਸੀ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਸੀ ਕਿ ਹਰਜੀਤ ਕੌਰ ਨੇ ਆਪਣੇ ਸਾਰੇ ਕਾਨੂੰਨੀ ਰਸਤੇ ਖਤਮ ਕਰ ਲਏ ਹਨ ਅਤੇ 2005 ਵਿੱਚ ਇੱਕ ਇਮੀਗ੍ਰੇਸ਼ਨ ਜੱਜ ਨੇ ਉਸ ਨੂੰ ਡਿਪੋਰਟ ਕਰਨ ਦੀ ਹਦਾਇਤ ਜਾਰੀ ਕੀਤੀ ਸੀ। ਮੀਡੀਆ ਨਾਲ ਗੱਲਬਾਤ ਕਰਦਿਆਂ ਹਰਜੀਤ ਕੌਰ ਨੇ ਕਿਹਾ ਕਿ ਉਹ ਏਜੰਟ ਰਾਹੀਂ ਅਮਰੀਕਾ ਗਈ ਸੀ ਅਤੇ ਉਸ ਕੋਲ ਪਾਸਪੋਰਟ ਨਹੀਂ ਸੀ। ਅਮਰੀਕਾ ਵਿੱਚ ਪੰਜਾਬੀ ਪਰਵਾਸੀ ਉਸ ਨੂੰ ਪਿਆਰ ਨਾਲ ਦਾਦੀ ਕਹਿੰਦੇ ਸਨ ਅਤੇ ਹੁਣ ਉਸ ਦੀ ਵਕਾਲਤ ਕਰ ਰਹੇ ਹਨ। ਹਰਜੀਤ ਕੌਰ ਨੇ ਦੱਸਿਆ ਕਿ ਉਸ ਨੂੰ ਗ੍ਰਿਫਤਾਰੀ ਦੌਰਾਨ ਹਥਕੜੀਆਂ ਪਾਈਆਂ ਗਈਆਂ ਅਤੇ ਉਸ ਨੇ ਡਿਟੈਨਸ਼ਨ ਸੈਂਟਰ ਵਿੱਚ ਨਾ ਭੁੱਲਣ ਵਾਲੇ ਅੱਠ ਦਿਨ ਬਿਤਾਏ। ਹਰਜੀਤ ਕੌਰ ਨੇ ਕਿਹਾ, 'ਮੈਂ ਗੱਡੀ ਵਿੱਚ ਚੜ੍ਹ ਨਹੀਂ ਸਕਦੀ ਸੀ ਕਿਉਂਕਿ ਮੇਰੇ ਗੋਡਿਆਂ ਵਿੱਚ ਦਰਦ ਹੈ ਅਤੇ ਮੇਰੇ ਹੱਥ ਬੰਨ੍ਹੇ ਹੋਏ ਸਨ।

# ਵਿਆਪਕ ਤਬਾਹੀ ਮਗਰੋਂ ਉੱਤਰ-ਪੱਛਮੀ ਭਾਰਤ ਤੋਂ ਮਾਨਸੂਨ ਰਵਾਨਾ

## ਮੁੱਖ ਡੈਮਾਂ 'ਚ ਪਾਣੀ ਦਾ ਪੱਧਰ ਘਟਿਆ; 3 ਅਕਤੂਬਰ ਤੱਕ ਮੌਸਮ ਖੁਸ਼ਕ ਰਹਿਣ ਦੀ ਪੇਸ਼ੀਨਗੋਈ

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੱਖਣੀ-ਪੱਛਮੀ ਮਾਨਸੂਨ ਉੱਤਰ-ਪੱਛਮੀ ਭਾਰਤ ਤੋਂ ਪੂਰੀ ਤਰ੍ਹਾਂ ਹਟ ਗਿਆ ਹੈ, ਜਿਸ ਕਾਰਨ ਕਈ ਡੈਮਾਂ ਵਿੱਚ ਬੇਹਿਸਾਬਾ ਪਾਣੀ ਆਉਣ ਕਾਰਨ ਹੜ੍ਹ ਆਏ। ਪਾਣੀ ਨੇ ਇਸ ਸਾਲ ਪੂਰੇ ਖੇਤਰ ਵਿੱਚ ਵੱਡੇ ਪੱਧਰ 'ਤੇ ਤਬਾਹੀ ਮਚਾਈ।

ਭਾਰਤ ਮੌਸਮ ਵਿਭਾਗ (9$4) ਮੁਤਾਬਕ 26 ਸਤੰਬਰ ਨੂੰ ਜੰਮੂ ਅਤੇ ਕਸ਼ਮੀਰ, ਲੱਦਾਖ, ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਸਣੇ ਪੂਰੇ ਪੱਛਮੀ ਹਿਮਾਲਿਆਈ ਖੇਤਰ ਤੋਂ ਮਾਨਸੂਨ ਪਿੱਛੇ ਹਟ ਗਿਆ। ਵਾਪਸੀ 'ਤੇ ਹੁਣ ਮਾਨਸੂਨ ਵੇਰਾਵਲ, ਭਰੂਚ, ਉਜੈਨ, ਝਾਂਸੀ ਅਤੇ ਸ਼ਾਹਜਹਾਂਪੁਰ ਵਿੱਚੋਂ ਲੰਘਦੀ ਹੈ।

ਪੰਜਾਬ ਵਿੱਚ 1 ਜੂਨ ਤੋਂ 26 ਸਤੰਬਰ ਤੱਕ 621.4 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ, ਜੋ ਕਿ 436.4 ਮਿਲੀਮੀਟਰ ਦੇ ਲੰਬੇ ਸਮੇਂ ਦੇ ਔਸਤ (LPA) ਦੇ ਮੁਕਾਬਲੇ 42 ਫ਼ੀਸਦੀ ਵੱਧ ਹੈ। ਹਰਿਆਣਾ ਵਿੱਚ ਇਸ ਸਮੇਂ ਦੌਰਾਨ 568.4 ਮਿਲੀਮੀਟਰ ਮੀਂਹ ਪਿਆ, ਜੋ ਕਿ ਇਸ ਦੇ LPA 424.1 ਮਿਲੀਮੀਟਰ ਤੋਂ 34 ਫ਼ੀਸਦੀ ਵੱਧ ਹੈ। ਹਿਮਾਚਲ ਪ੍ਰਦੇਸ਼ ਵਿੱਚ 1,022.8 ਮਿਲੀਮੀਟਰ ਮੀਂਹ ਪਿਆ, ਜੋ ਕਿ ਇਸ ਦੇ 729.5 ਮਿਲੀਮੀਟਰ ਦੇ LPA ਤੋਂ 40 ਫ਼ੀਸਦੀ ਵੱਧ ਹੈ। IMD ਦੇ ਅੰਕੜਿਆਂ ਮੁਤਾਬਕ ਹਾਲਾਂਕਿ 2024 ਵਿੱਚ ਮਾਨਸੂਨ ਵਿੱਚ ਪੰਜਾਬ ਵਿੱਚ 28 ਫ਼ੀਸਦੀ, ਹਰਿਆਣਾ ਵਿੱਚ ਪੰਜ ਅਤੇ ਹਿਮਾਚਲ ਪ੍ਰਦੇਸ਼ ਵਿੱਚ 18 ਫ਼ੀਸਦੀ ਕਮੀ ਆਈ। ਇਸ ਸੀਜ਼ਨ ਵਿੱਚ ਭਾਰੀ ਮੀਂਹ ਮਾਰਨ ਹਿਮਾਚਲ ਪ੍ਰਦੇਸ਼ ਵਿੱਚ ਬਿਆਸ ਦਰਿਆ 'ਤੇ ਪੌਂਗ ਡੈਮ ਭੰਡਾਰ ਵਿੱਚ ਰਿਕਾਰਡ ਪਾਣੀ ਜਮ੍ਹਾ ਹੋਇਆ। ਸਿਖਰ 'ਤੇ ਪਾਣੀ ਦਾ ਪ੍ਰਵਾਹ 2.2 ਲੱਖ ਕਿਊਸਿਕ ਤੱਕ ਪਹੁੰਚ ਗਿਆ, ਜਿਸ ਕਾਰਨ ਪਾਣੀ ਦਾ ਪੱਧਰ 1,390 ਫੁੱਟ ਦੀ ਵੱਧ ਤੋਂ ਵੱਧ ਮਨਜ਼ੂਰ ਸੀਮਾ ਤੋਂ ਪੰਜ ਫੁੱਟ ਤੋਂ ਉੱਪਰ ਚਲਾ ਗਿਆ। ਇਸ ਮਗਰੋਂ ਡੈਮ ਦੇ ਹੜ੍ਹ ਗੇਟਾਂ ਤੋਂ ਕਈ ਦਿਨਾਂ ਤੱਕ ਇੱਕ ਲੱਖ ਕਿਊਸਿਕ ਪਾਣੀ ਛੱਡਿਆ ਗਿਆ। ਭਾਖੜਾ ਬਿਆਸ ਪ੍ਰਬੰਧਨ ਬੋਰਡ ਮੁਤਾਬਕ 27 ਸਤੰਬਰ ਤੱਕ ਪੌਂਗ ਡੈਮ 'ਚ ਪਾਣੀ ਦਾ ਪੱਧਰ 1,390.26 ਫੁੱਟ 'ਤੇ ਰਿਹਾ, ਜਿਸ ਵਿੱਚ 17,291 ਕਿਊਸਿਕ ਦੀ ਆਮਦ ਅਤੇ 24,823 ਕਿਊਸਿਕ ਦੀ ਨਿਕਾਸੀ ਹੋਈ।

ਹਿਮਾਚਲ ਪ੍ਰਦੇਸ਼ ਵਿੱਚ ਸਤਲੁਜ ਦਰਿਆ 'ਤੇ ਭਾਖੜਾ ਡੈਮ 'ਚ ਪਾਣੀ ਦਾ ਪੱਧਰ ਸਥਿਰ, 1,680 ਫੁੱਟ ਦੀ ਉੱਪਰਲੀ ਮਨਜ਼ੂਰ ਸੀਮਾ ਤੋਂ ਲਗਭਗ ਦੋ ਫੁੱਟ ਥੱਲੇ ਰੱਖਿਆ ਗਿਆ। 27 ਸਤੰਬਰ ਨੂੰ ਪਾਣੀ ਦਾ ਪੱਧਰ 1,674.70 ਫੁੱਟ ਤੱਕ ਘਟਾ ਦਿੱਤਾ ਗਿਆ ਹੈ, ਜਿਸ ਵਿੱਚ 41,334 ਕਿਊਸਿਕ ਪਾਣੀ ਦੀ ਆਮਦ ਅਤੇ 32,000 ਕਿਊਸਿਕ ਪਾਣੀ ਦੀ ਨਿਕਾਸੀ ਹੋਈ।

ਆਈਐਮਡੀ ਨੇ 3 ਅਕਤੂਬਰ ਤੱਕ ਖੇਤਰ ਵਿੱਚ ਖੁਸ਼ਕ ਮੌਸਮ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਪੰਜਾਬ ਅਤੇ ਹਰਿਆਣਾ ਵਿੱਚ ਮੀਂਹ ਦੀ ਕੋਈ ਉਮੀਦ ਨਹੀਂ ਹੈ। ਹਾਲਾਂਕਿ 1 ਅਕਤੂਬਰ ਨੂੰ ਹਰਿਆਣਾ ਵਿੱਚ ਕੁਝ ਥਾਵਾਂ 'ਤੇ ਹਲਕਾ ਮੀਂਹ ਪੈਣ ਦੀ ਸੰਭਾਵਨਾ ਹੈ।

# ਸੋਨਮ ਵਾਂਗਚੁਕ 'ਤੇ ਪਾਕਿਸਤਾਨ ਨਾਲ ਸਾਂਝ ਹੋਣ ਦੇ ਦੋਸ਼; ਜਾਂਚ ਵਿੱਚ ਜੁਟੀ ਲੱਦਾਖ ਪੁਲੀਸ

**ਲੇਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੱਦਾਖ ਦੇ ਡਾਇਰੈਕਟਰ ਜਨਰਲ ਆਫ਼ ਪੁਲੀਸ ਐਸ.ਡੀ. ਸਿੰਘ ਜਮਵਾਲ ਨੇ ਕਿਹਾ ਕਿ ਲਦਾਖ ਨੂੰ ਰਾਜ ਦਾ ਦਰਜਾ ਦੇਣ ਦੀ ਮੰਗ ਕਰ ਰਹੇ ਕਾਰਕੁਨ ਸੋਨਮ ਵਾਂਗਚੁਕ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਦੇ ਪਾਕਿਸਤਾਨ ਨਾਲ ਸੰਭਾਵਿਤ ਸਬੰਧ ਹਨ। ਇਹ ਕਾਰਵਾਈ ਪਿਛਲੇ ਮਹੀਨੇ ਇੱਕ ਪਾਕਿਸਤਾਨੀ ਇੰਟੈਲੀਜੈਂਸ ਏਜੰਟ ਦੀ ਗ੍ਰਿਫ਼ਤਾਰੀ ਤੋਂ ਬਾਅਦ ਹੋ ਰਹੀ ਹੈ, ਜਿਸ ਨੇ ਵਾਂਗਚੁਕ ਦੇ ਪ੍ਰਦਰਸ਼ਨਾਂ ਦੀਆਂ ਵੀਡੀਓਜ਼ ਸਰਹੱਦ ਪਾਰ ਭੇਜੀਆਂ ਸਨ।

ਇਸ ਦੇ ਨਾਲ ਹੀ ਅੱਜ ਹਿੰਸਾ ਪੀੜਤ ਲੇਹ ਵਿੱਚ ਤਿੰਨ ਦਿਨ ਪਹਿਲਾਂ ਲਗਾਏ ਗਏ ਕਰਫ਼ਿਊ ਤੋਂ ਬਾਅਦ ਪਹਿਲੀ ਵਾਰ ਦੁਪਹਿਰ ਨੂੰ ਪਾਬੰਦੀਆਂ ਵਿੱਚ ਹੌਲੀ-ਹੌਲੀ ਢਿੱਲ ਦਿੱਤੀ ਗਈ। ਕੁਝ ਘੰਟਿਆਂ ਲਈ ਮਿਲੀ ਇਸ ਰਾਹਤ ਨਾਲ ਸਥਾਨਕ ਨਿਵਾਸੀਆਂ ਨੇ ਲੰਬੀਆਂ ਕਤਾਰਾਂ ਵਿੱਚ ਲੱਗ ਕੇ ਜ਼ਰੂਰੀ ਸਮਾਨ ਖਰੀਦਿਆ।

ਦੱਸ ਦਈਏ ਕਿ ਜਲਵਾਯੂ ਕਾਰਕੁਨ ਸੋਨਮ ਵਾਂਗਚੁਕ ਦੀ ਗ੍ਰਿਫ਼ਤਾਰੀ ਤੋਂ ਬਾਅਦ ਲੇਹ ਵਿੱਚ ਜਨਜੀਵਨ ਠੱਪ ਹੋ ਗਿਆ ਹੈ। ਬਾਜ਼ਾਰ ਬੰਦ ਹਨ, ਸੜਕਾਂ 'ਤੇ ਸੁੰਨ ਪਸਰੀ ਹੋਈ ਹੈ ਅਤੇ ਸਿਰਫ਼ ਨੀਮ ਫੌਜੀ ਬਲਾਂ ਦੇ ਜਵਾਨ ਹੀ ਖਾਲੀ ਗਲੀਆਂ ਵਿੱਚ ਗਸ਼ਤ ਕਰ ਰਹੇ ਹਨ। ਲੇਹ ਪੁਲੀਸ ਨੇ ਯਾਤਰੀਆਂ ਦੀ ਆਵਾਜਾਈ 'ਤੇ ਨੇੜਿਓਂ ਨਜ਼ਰ ਰੱਖਦਿਆਂ ਕਈ ਥਾਵਾਂ 'ਤੇ ਚੌਕੀਆਂ ਸਥਾਪਤ ਕੀਤੀਆਂ ਹਨ।

ਅਧਿਕਾਰੀਆਂ ਨੇ ਕਿਹਾ ਕਿ ਸ਼ੁੱਕਰਵਾਰ ਨੂੰ ਵਾਂਗਚੁਕ ਦੀ ਹਿਰਾਸਤ ਤੋਂ ਬਾਅਦ ਵਾਧੂ ਸੁਰੱਖਿਆ ਵਧਾ ਦਿੱਤੀ ਗਈ ਹੈ।

ਪਿਛਲੇ ਹਫ਼ਤੇ ਹੀ ਸੈਲਾਨੀਆਂ ਨਾਲ ਭਰੇ ਬਾਜ਼ਾਰ ਹੁਣ ਸੁੰਨਸਾਨ ਹੋ ਗਏ ਹਨ, ਸੜਕਾਂ 'ਤੇ ਸਿਰਫ਼ ਕੁਝ ਵਿਦੇਸ਼ੀ ਸੈਲਾਨੀ ਹੀ ਦਿਖਾਈ ਦੇ ਰਹੇ ਹਨ।

ਸਥਾਨਕ ਲੋਕਾਂ ਨੇ ਕਿਹਾ ਕਿ ਅਗਲੇ ਦੋ ਦਿਨ 'ਅਹਿਮ' ਹਨ, ਕਿਉਂਕਿ ਹਾਲ ਹੀ ਵਿੱਚ ਹੋਈ ਹਿੰਸਾ ਦੌਰਾਨ ਮਾਰੇ ਗਏ ਚਾਰ ਵਿਅਕਤੀਆਂ ਦੇ ਅੰਤਿਮ ਸੰਸਕਾਰ ਹੋਣਗੇ।



ਲੱਦਾਖ ਪ੍ਰਸ਼ਾਸਨ ਨੇ ਸ਼ੁੱਕਰਵਾਰ ਰਾਤ ਨੂੰ ਵਾਂਗਚੁਕ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਜੇਕਰ ਉਹ 'ਭੁੱਖ ਹੜਤਾਲ ਰੱਦ ਕਰਕੇ ਆਪਣੀਆਂ ਨਿੱਜੀ ਅਤੇ ਰਾਜਨੀਤਿਕ ਇੱਛਾਵਾਂ ਤੋਂ ਉੱਪਰ ਉੱਠ ਸਕਦਾ' ਹੁੰਦਾ ਤਾਂ ਇਸ ਘਟਨਾ ਤੋਂ 'ਬਚਿਆ ਜਾ ਸਕਦਾ ਸੀ'।

ਬੁੱਧਵਾਰ ਦੁਪਹਿਰ ਨੂੰ ਲੇਹ ਵਿੱਚ ਹੋਏ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਵਾਂਗਚੁਕ ਨੂੰ ਉਸ ਦੇ ਪਿੰਡ ਤੋਂ ਹਿਰਾਸਤ ਵਿੱਚ ਲੈ ਲਿਆ ਗਿਆ ਸੀ, ਜਿਸ ਵਿੱਚ ਚਾਰ ਵਿਅਕਤੀ ਮਾਰੇ ਗਏ ਸਨ ਅਤੇ ਲਗਭਗ 100 ਜ਼ਖ਼ਮੀ ਹੋ ਗਏ ਸਨ।

# ਮੰਤਰੀ ਅਰੋੜਾ ਦੀ ਅਗਵਾਈ ਹੇਠ ਪੰਜਾਬ ਦੇ ਵ਼ਫਦ ਨੇ ਭਾਰਤ ਮੰਡਪਮ ਵਿਖੇ ਵਰਲਡ ਫੂਡ ਇੰਡੀਆ-2025 ਸਮਾਗਮ ਵਿੱਚ ਕੀਤੀ ਸ਼ਮੂਲੀਅਤ

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਨਵੀਂ ਦਿੱਲੀ ਦੇ ਭਾਰਤ ਮੰਡਪਮ ਵਿਖੇ ਕਰਵਾਏ ਗਏ ਵਰਲਡ ਫੂਡ ਇੰਡੀਆ 2025 ਸਮਾਗਮ ਵਿੱਚ ਹਿੱਸਾ ਲਿਆ ਜਿਸ ਵਿੱਚ ÷ਫਲੇਵਰਿੰਗ ਦ ਫਿਊਚਰ ਫਰਾਮ ਫਾਰਮ ਗੇਟ ਟੂ ਗਲੋਬਲ ਪਲੇਟ-ਐਗਰੋ-ਫੂਡ ਕਾਰੋਬਾਰ ਵਿੱਚ ਮੌਕਿਆਂ ਨੂੰ ਖੋਲ੍ਹਣਾ÷ ਦੇ ਵਿਸ਼ੇ @ਤੇ ਪੰਜਾਬ ਸਟੇਟ ਨਾਲੇਜ ਸੈਸ਼ਨ ਕਰਵਾਇਆ ਗਿਆ। ਇਹ ਸਮਾਗਮ ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਵੱਲੋਂ ਕਰਵਾਇਆ ਗਿਆ ਸੀ।



ਵਰਲਡ ਫੂਡ ਇੰਡੀਆ 2025 ਸਮਾਗਮ ਵਿਖੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਕਿਹਾ ਕਿ ਪੰਜਾਬ ਦਾ ਖੇਤੀਬਾੜੀ ਖੇਤਰ ਬਹੁਤ ਮਜ਼ਬੂਤ ਹੈ ਅਤੇ ਪੰਜਾਬ ਦੇ ਫੂਡ ਪ੍ਰੋਸੈਸਿੰਗ ਉਦਯੋਗ ਵਿੱਚ ਨਿਵੇਸ਼ ਦੀਆਂ ਅਥਾਹ ਸੰਭਾਵਨਾਵਾਂ ਉਪਲਬਧ ਹਨ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਵੱਲੋਂ ਨਿਵੇਸ਼ਕ ਪੱਖੀ ਨੀਤੀਆਂ ਘੜੀਆਂ ਜਾ ਰਹੀਆਂ ਹਨ ਅਤੇ ਉਨ੍ਹਾਂ ਨੇ ਨਿਵੇਸ਼ਕਾਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨਿਵੇਸ਼ਕਾਂ ਨੂੰ ਪੰਜਾਬ ਵਿੱਚ ਆਪਣਾ ਉਦਯੋਗ ਸਥਾਪਤ ਕਰਨ ਲਈ ਸਬੰਧਤ ਸਾਰੀਆਂ ਪ੍ਰਵਾਨਗੀਆਂ 45 ਦਿਨਾਂ ਦੇ ਅੰਦਰ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਨੇ ਫੂਡ ਪ੍ਰੋਸੈਸਿੰਗ ਖੇਤਰ ਵਾਸਤੇ ਨਵੀਂ ਉਦਯੋਗਿਕ ਨੀਤੀ ਬਣਾਉਣ ਲਈ ਗਠਿਤ ਸੁਤੰਤਰ ਕਮੇਟੀ ਬਾਰੇ ਵੀ ਜਾਣਕਾਰੀ ਦਿੱਤੀ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਨਿਵੇਸ਼ ਕਰਨ ਦੇ ਚਾਹਵਾਨ ਉੱਦਮੀਆਂ ਨੂੰ ਸਰਕਾਰ ਵਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ।

ਪੰਜਾਬ ਕੋਲ ਐਗਰੋ-ਫੂਡ ਕਾਰੋਬਾਰ ਲਈ ਅਗਲਾ ਗਲੋਬਲ ਹੱਬ ਬਣਨ ਦੀ ਅਥਾਹ ਸਮਰੱਥਾ ਹੈ, ਜਿਸ ਨਾਲ ਸਾਡੇ ਉਤਪਾਦਾਂ ਨੂੰ ਖੇਤਾਂ ਤੋਂ ਅੰਤਰਰਾਸ਼ਟਰੀ ਬਾਜ਼ਾਰਾਂ ਤੱਕ ਲੈ ਜਾਇਆ ਜਾਵੇਗਾ।

ਇਸ ਮੌਕੇ ਮੰਤਰੀ ਨੇ ਯੂ.ਏ.ਈ. ਦੇ ਲੂਲੂ ਗਰੁੱਪ, ਰੂਸ ਦੇ ਜ਼ਿਆਕ ਗਰੁੱਪ, ਐਨ.ਸੀ.ਐਮ.ਐਲ., ਜਾਫਜ਼ਾ, ਐਲੇਨਸਨਸ, ਬਿਟਜ਼ਰ, ਹਲਦੀਰਾਮ, ਬੀਕਾਨੇਰ ਸਮੇਤ ਹੋਰਨਾਂ ਗਰੁੱਪਾਂ ਦੇ ਵਫ਼ਦ ਨਾਲ ਮੁਲਾਕਾਤ ਕੀਤੀ ਅਤੇ ਸਾਰਿਆਂ ਗਰੁੱਪਾਂ ਨੇ ਪੰਜਾਬ ਵਿੱਚ ਨਿਵੇਸ਼ ਕਰਨ ਵਿੱਚ ਆਪਣੀ ਦਿਲਚਸਪੀ ਪ੍ਰਗਟ ਕੀਤੀ।

ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਕੈਬਨਿਟ ਮੰਤਰੀ ਚਿਰਾਗ ਪਾਸਵਾਨ ਨੇ ਵੀ ਪੰਜਾਬ ਪੈਵੇਲੀਅਨ ਦਾ ਦੌਰਾ ਕੀਤਾ ਅਤੇ ਪੰਜਾਬ ਦੇ ਉਤਪਾਦਾਂ ਦੀ ਪ੍ਰਦਰਸ਼ਨ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਨੇ ਜਲਦ ਹੀ ਪੰਜਾਬ ਦਾ ਦੌਰਾ ਕਰਨ ਦਾ ਵਾਅਦਾ ਵੀ ਕੀਤਾ।

ਇਸ ਸਮਾਗਮ ਵਿੱਚ ਰਾਖੀ ਗੁਪਤਾ ਭੰਡਾਰੀ ਆਈ.ਏ.ਐਸ., ਉਦਯੋਗ ਅਤੇ ਵਣਜ ਵਿਭਾਗ ਦੇ ਪ੍ਰਬੰਧਕੀ ਸਕੱਤਰ ਕਮਲ ਕਿਸ਼ੋਰ ਯਾਦਵ ਆਈ.ਏ.ਐਸ., ਸੀ.ਈ.ਓ. ਇਨਵੈਸਟ ਪੰਜਾਬ ਅਮਿਤ ਢਾਕਾ ਆਈ.ਏ.ਐਸ., ਪੰਜਾਬ ਵਿਕਾਸ ਕੌਂਸਲ ਦੀ ਵਾਈਸ-ਚੇਅਰਪਰਸਨ ਸੀਮਾ ਬਾਂਸਲ ਸਮੇਤ ਕੇ.ਪੀ.ਐਮ.ਜੀ. ਟੀਮ ਨੇ ਵੀ ਸ਼ਿਰਕਤ ਕੀਤੀ।

# ਸੋਨਮ ਵਾਂਗਚੁਕ ਦੀ ਗ੍ਰਿਫ਼ਤਾਰੀ ਵਿਰੁੱਧ 'ਆਪ' ਨੇ ਮੋਮਬੱਤੀ ਮਾਰਚ ਕੱਢਿਆ

**ਨਵੀਂ ਦਿੱਲੀ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਲੱਦਾਖ ਅਤੇ ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ ਵਿਰੋਧ ਪ੍ਰਦਰਸ਼ਨ ਕੀਤੇ ਗਏ। ਸ਼ੁੱਕਰਵਾਰ ਸ਼ਾਮ ਨੂੰ ਆਮ ਆਦਮੀ ਪਾਰਟੀ ਨੇ ਕਥਿਤ ਤੌਰ 'ਤੇ ਸਾਜਿਸ਼ ਤਹਿਤ ਸੋਨਮ ਵਾਂਗਚੁਕ ਦੀ ਕੀਤੀ ਗਈ ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਮੋਮਬੱਤੀ ਮਾਰਚ ਕੱਢਿਆ।




ਆਮ ਆਦਮੀ ਪਾਰਟੀ ਦਿੱਲੀ ਦੇ ਕਨਵੀਨਰ ਸੌਰਭ ਭਾਰਦਵਾਜ ਦੀ ਅਗਵਾਈ ਵਿੱਚ ਵੱਡੀ ਗਿਣਤੀ ਵਿੱਚ ਕਾਰਕੁਨ ਮੋਮਬੱਤੀ ਮਾਰਚ ਵਿੱਚ ਸ਼ਾਮਲ ਹੋਏ ਅਤੇ ਭਾਜਪਾ ਅਤੇ ਮੋਦੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਸੌਰਭ ਭਾਰਦਵਾਜ ਨੇ ਕਿਹਾ ਕਿ ਸੋਨਮ ਵਾਂਗਚੁਕ ਨੇ ਹਿੰਸਾ ਭੜਕਾਉਣ ਵਾਲਾ ਕੋਈ ਬਿਆਨ ਨਹੀਂ ਦਿੱਤਾ ਫਿਰ ਵੀ ਮੋਦੀ ਸਰਕਾਰ ਉਸ ਨੂੰ ਦੇਸ਼ਧ੍ਰੋਹੀ ਦੱਸ ਰਹੀ ਹੈ। ਜਦੋਂ ਕਿ ਭਾਜਪਾ ਨੇਤਾ ਕਪਿਲ ਮਿਸ਼ਰਾ ਨੇ ਆਪਣੇ ਭੜਕਾਊ ਭਾਸ਼ਣਾਂ ਨਾਲ ਦਿੱਲੀ ਵਿੱਚ ਦੰਗੇ ਭੜਕਾਏ, ਜਿਸ ਦੇ ਨਤੀਜੇ ਵਜੋਂ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਗਈ, ਫਿਰ ਵੀ ਉਸ ਦੇ ਵਿਰੁੱਧ ਕੋਈ ਐਫਆਈਆਰ ਦਰਜ ਨਹੀਂ ਕੀਤੀ ਗਈ। ਮੋਮਬੱਤੀ ਮਾਰਚ ਤੋਂ ਬਾਅਦ ਸੌਰਭ ਭਾਰਦਵਾਜ ਨੇ ਕਿਹਾ ਕਿ ਸੋਨਮ ਵਾਂਗਚੁਕ 'ਤੇ ÷3 ਇਡੀਅਟਸ÷ ਨਾਮ ਦੀ ਇੱਕ ਫਿਲਮ ਬਣਾਈ ਗਈ ਹੈ। ਪੂਰਾ ਲੱਦਾਖ ਖੇਤਰ ਉਸ ਦੀ ਸਮਾਜ ਸੇਵਾ ਬਾਰੇ ਜਾਣਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਭਾਰਤ ਸਰਕਾਰ ਦਾਅਵਾ ਕਰਦੀ ਸੀ ਕਿ ਦੇਸ਼ ਵਿੱਚ ਕੋਈ ਘੁਸਪੈਠ ਨਹੀਂ ਹੋਈ, ਤਾਂ ਲੱਦਾਖ ਵਿੱਚ ਚਰਵਾਹੇ ਚੀਨੀ ਘੁਸਪੈਠੀਆਂ ਨਾਲ ਲੜਦੇ ਦੇਖੇ ਗਏ। ਉਸ ਸਮੇਂ ਦੌਰਾਨ ਚੀਨ ਭਾਰਤ ਦੀਆਂ ਸਰਹੱਦਾਂ ਦੇ ਅੰਦਰ ਹਜ਼ਾਰਾਂ ਕਿਲੋਮੀਟਰ ਜ਼ਮੀਨ 'ਤੇ ਕਬਜ਼ਾ ਕਰ ਰਿਹਾ ਸੀ। ਉਨ੍ਹਾਂ ਕਿਹਾ ਕਿ ਜਦੋਂ ਲੱਦਾਖ ਦੇ ਲੋਕ ਪਿਛਲੇ ਪੰਜ ਸਾਲਾਂ ਤੋਂ ਆਪਣੇ ਹੱਕਾਂ ਦੀ ਮੰਗ ਕਰ ਰਹੇ ਹਨ, ਤਾਂ ਮੋਦੀ ਸਰਕਾਰ ਨੇ ਉਨ੍ਹਾਂ ਨੂੰ ਮੂਰਖ ਬਣਾਇਆ। ਲੋਕਾਂ ਨੇ ਭੁੱਖ ਹੜਤਾਲਾਂ ਕੀਤੀਆਂ, ਸੈਂਕੜੇ ਲੋਕ ਲੱਦਾਖ ਤੋਂ ਦਿੱਲੀ ਤੱਕ 800 ਕਿਲੋਮੀਟਰ ਪੈਦਲ ਚੱਲੇ, ਪਰ ਸਰਕਾਰ ਨੇ ਉਨ੍ਹਾਂ ਦੀ ਇੱਕ ਨਾ ਸੁਣੀ। ਜੇ ਹੁਣ ਲੱਦਾਖ ਦੇ ਲੋਕਾਂ ਨੈ ਵਿਰੋਧ ਦਾ ਸਹਾਰਾ ਲਿਆ, ਤਾਂ ਮੋਦੀ ਸਰਕਾਰ ਨੇ ਸੋਨਮ ਵਾਂਗਚੁਕ 'ਤੇ ਐਨ ਐਸ ਏ ਲਗਾ ਦਿੱਤਾ।

# ਚੀਨ ਦੇ ਗਾਂਸੂ ਸੂਬੇ ਵਿੱਚ ਭੂਚਾਲ ਦੇ ਝਟਕੇ, ਸੱਤ ਜ਼ਖ਼ਮੀ

**ਪੇਈਚਿੰਗ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਨ ਦੇ ਗਾਂਸੂ ਸੂਬੇ ਵਿੱਚ ਸ਼ਨਿਚਰਵਾਰ ਨੂੰ 5.6 ਦੀ ਤੀਬਰਤਾ ਦਾ ਭੂਚਾਲ ਆਉਣ ਕਾਰਨ ਸੱਤ ਲੋਕ ਜ਼ਖ਼ਮੀ ਹੋ ਗਏ। ਸਰਕਾਰੀ ਮੀਡੀਆ ਨੇ ਇਹ ਜਾਣਕਾਰੀ ਦਿੱਤੀ। ਸਰਕਾਰੀ ਸਮਾਚਾਰ ਏਜੰਸੀ ਸਿਨਹੂਆ ਨੇ ਦੱਸਿਆ ਕਿ ਕੋਈ ਵੀ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਨਹੀਂ ਹੋਇਆ ਹੈ। ਚੀਨ ਦੇ ਭੂਚਾਲ ਕੇਂਦਰ ਦੇ ਅਨੁਸਾਰ ਭੂਚਾਲ ਸਵੇਰੇ 5:49 ਵਜੇ ਲੋਂਕਸ਼ੀ ਕਾਊਂਟੀ ਵਿੱਚ ਆਇਆ, ਜਿਸਦਾ ਕੇਂਦਰ ਜ਼ਮੀਨ ਤੋਂ 10 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਸਰਕਾਰੀ ਪ੍ਰਸਾਰਕ ਸੀ ਸੀ ਟੀ ਵੀ ਨੇ ਦੱਸਿਆ ਕਿ ਅੱਠ ਮਕਾਨ ਪੂਰੀ ਤਰ੍ਹਾਂ ਢਹਿ ਗਏ ਜਦੋਂ ਕਿ 100 ਤੋਂ ਵੱਧ ਨੁਕਸਾਨੇ ਗਏ ਹਨ। ਸਰਕਾਰੀ ਮੀਡੀਆ ਵੱਲੋਂ ਆਨਲਾਈਨ ਪੋਸਟ ਕੀਤੇ ਗਏ ਵੀਡੀਓਜ਼ ਵਿੱਚ ਐਮਰਜੈਂਸੀ ਕਰਮਚਾਰੀ ਮਲਬਾ ਹਟਾਉਂਦੇ ਹੋਏ ਦਿਖਾਈ ਦੇ ਰਹੇ ਹਨ।

# ਸ਼੍ਰੀ ਰਾਮਲੀਲਾ ਕਮੇਟੀ (ਰਜਿ) ਵੱਲੋਂ ਬਾਲ ਕਲਾਕਾਰਾਂ ਦੁਆਰਾ ਲੀਲਾ ਕਰਵਾਉਣਾ ਸ਼ਲਾਘਾਯੋਗ ਉਪਰਾਲਾ : ਰਾਹੁਲ ਸਿੰਗਲਾ

**ਮਾਲੇਰਕੋਟਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਰਵਹਿੱਤਕਾਰੀ ਸਿਸ਼ੂ ਵਾਟਿਕਾ ਸਕੂਲ ਨੇੜੇ ਸਥਿਤ ਸ੍ਰੀ ਰਾਮਲੀਲਾ ਗਰਾਊਂਡ ਵਿਖੇ ਸ੍ਰੀ ਰਾਮਲੀਲਾ ਕਮੇਟੀ (ਰਜਿ) ਮਾਲੇਰਕੋਟਲਾ ਆਯੋਜਿਤ ਰਾਮਲੀਲਾ ਦੇ ਦੂਜੇ ਦਿਨ ਵਿਸ਼ਵਾਮਿੱਤਰ ਯੱਗ ਭੰਗ ਅਤੇ ਤਾੜਕਾ ਦਹਿਣ ਲੀਲ੍ਹਾ ਦਿਖਾਈ ਗਈ ਜਿਸ ਵਿੱਚ ਬਾਲ ਕਾਲਕਾਰਾਂ ਵੱਲੋਂ ਬੇਹਤਰੀਨ ਪੇਸ਼ਕਾਰੀ ਕੀਤੀ ਗਈ ਅਤੇ ਵਾਹੋਂ ਵਾਹੀ ਖੱਟੀ। ਅੱਜ ਦੀ ਲੀਲਾ ਚ ਰਿਬਨ ਕਟਣ ਦੀ ਰਸਮ ਮਸ਼ਹੂਰ ਡੀਡ ਰਾਇਟਰ ਰਾਹੁਲ ਸਿੰਗਲਾ (ਹਨੀ) ਅਤੇ ਉਹਨਾਂ ਦੇ ਸਪੁੱਤਰ ਸੋਹਮ ਸਿੰਗਲਾ ਤੋਂ ਇਲਾਵਾ ਐਡਵੋਕੇਟ ਰੋਹਿਤ ਗੁਪਤਾ ਵੱਲੋਂ ਅਦਾ ਕੀਤੀ ਗਈ ਇਸ ਮੌਕੇ ਰਾਹੁਲ ਸਿੰਗਲਾ (ਹਨੀ) ਨੇ ਕਿਹਾ ਕਿ ਬਾਲ ਕਲਾਕਾਰਾਂ ਵੱਲੋਂ ਪ੍ਰਦਰਸ਼ਿਤ ਲੀਲਾ ਨੂੰ ਦੇਖ ਕੇ ਦਿਲ ਨੂੰ ਬਹੁਤ ਸਕੂਨ ਮਿਲਿਆ ਕਿਉਕਿ ਵੱਡੇ ਕਲਾਕਾਰਾਂ ਵੱਲੋਂ ਪ੍ਰਦਰਸ਼ਿਤ ਲੀਲਾ ਬਹੁਤ ਦੇਖੀਆ ਹਨ ਪਰੰਤੂ ਬਾਲ ਕਲਾਕਾਰਾਂ ਵੱਲੋਂ ਪ੍ਰਦਰਸ਼ਿਤ ਲੀਲ੍ਹਾ ਪਹਿਲੀ ਵਾਰ ਦੇਖੀ ਹੈ ਜਿਸ ਚ ਬਹੁਤ ਘੱਟ ਉਮਰ ਦੇ ਬਾਲ ਕਲਾਕਾਰਾਂ ਵੱਲੋਂ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਰਾਮਲੀਲਾ ਕਮੇਟੀ ਦੇ ਪ੍ਰਧਾਨ ਲੋਕੇਸ਼ ਜੈਨ ਦਾ ਇਹ ਬਹੁਤ ਵਧੀਆ ਉਪਰਾਲਾ ਹੈ ਜਿੰਨਾ ਦੇ ਪ੍ਰਧਾਨਗੀ ਕਾਲ ਚ ਛੋਟੇ ਛੋਟੇ ਬਾਲ ਕਲਾਕਾਰਾਂ ਨੂੰ ਆਪਣੀ ਕਲਾ ਨੂੰ ਦਿਖਾਉਣ ਦਾ ਮੌਕਾ ਮਿਲਿਆ ਹੈ ਅਤੇ ਛੋਟੇ ਛੋਟੇ ਬੱਚਿਆ ਚ ਧਰਮ ਪ੍ਰਤੀ ਰੁਚੀ ਵੱਧਦੀ ਹੈ।

ਐਡਵੋਕੇਟ ਰੋਹਿਤ ਗੁਪਤਾ ਨੇ ਕਿਹਾ ਕਿ ਰਮਾਇਣ ਸਾਨੂੰ ਬਹੁਤ ਸਿੱਖਿਆ ਦਿੰਦੀ ਹੈ ਤੇ ਇਸ ਤੇ ਸਾਨੂੰ ਅਮਲ ਕਰਨਾ ਚਾਹੀਦਾ ਹੈ। ਉਹਨਾ ਕਿਹਾ ਕਿ ਰਮਾਇਣ ਦਾ ਇੱਕ ਇੱਕ ਪੰਨਾ ਸਿਖਿਆ ਨਾਲ ਭਰਿਆ ਪਿਆ ਹੈ। ਸੋ ਲੋੜ ਹੈ ਸਾਨੂੰ ਇਸ ਤੇ ਅਮਲ ਕਰਨ ਦੀ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਪ੍ਰੋਗਰਾਮ ਕਰਵਾਉਣ ਦਾ ਮਕਸਦ ਨਵੀਂ ਪੀੜ੍ਹੀ ਨੂੰ ਸਾਡੀ ਸੰਸਕ੍ਰਿਤੀ ਨਾਲ ਜੋੜ ਕੇ ਰੱਖਣਾ ਹੈ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਸ਼੍ਰੀ ਰਾਮ ਚੰਦਰ ਜੀ ਦੀ ਸਿੱਖਿਆ @ਤੇ ਚੱਲਣ ਦੀ ਪ੍ਰੇਰਣਾ ਲੈਣੀ ਚਾਹੀਦੀ ਹੈ। ਅੰਤ ਚ ਸ਼੍ਰੀ ਰਾਮਲੀਲਾ ਕਮੇਟੀ ਦੇ ਅਹੁਦੇਦਾਰਾਂ ਵੱਲੋਂ ਅੱਜ ਦੀ ਲੀਲਾ ਦੇ ਮੁੱਖ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਲੋਕੇਸ਼ ਜੈਨ ਦੇ ਨਾਲ ਅਰਵਿੰਦ ਭਾਰਦਵਾਜ,ਨਰਿੰਦਰ ਸੂਦ,ਅੰਕਿਤ ਭਾਟੀਆ,ਰਾਜ ਗਾਬਾ,ਨਿਤੀਸ਼ ਹਸੀਜਾ,ਅਕਾਸ਼ ਗੁਪਤਾ,ਵਿਪੁਲ ਜੈਨ,ਰਜਤ ਜੈਨ,ਮੋਹਿਤ ਗਰਗ,ਤਪੇਸ਼ ਗਰਗ,ਅਮਨ ਥਾਪਰ,ਧਰਮਿੰਦਰ ਕੁਮਾਰ, ਸੰਜੇ ਕੁਮਾਰ,ਗਗਨ ਜੈਨ,ਐਡਵੋਕੇਟ ਰਮਨ ਵਰਮਾ, ਅਤੇ ਹੋਰ ਬਹੁਤ ਸਾਰੇ ਮੌਜੂਦ ਸਨ।

ਕੌਮੀ ਪੱਤ੍ਰਿਕਾ

# ਡਿਪਟੀ ਕਮਿਸ਼ਨਰ ਵੱਲੋਂ ਫ਼ੀਲਡ 'ਚ ਜਾ ਕੇ ਪਰਾਲੀ ਪ੍ਰਬੰਧਨ ਕਰ ਰਹੀ ਮਸ਼ੀਨਰੀ ਦਾ ਜਾਇਜ਼ਾ

## ਪਿੰਡ ਦੰਦਰਾਲਾ ਖਰੌੜ ਦੇ ਕਿਸਾਨ ਮਨਜੀਤ ਸਿੰਘ ਦੀ ਇਨ ਸੀਟੂ ਤਕਨੀਕ ਰਾਹੀਂ ਕੀਤੇ ਪਰਾਲੀ ਪ੍ਰਬੰਧਨ ਲਈ ਡੀ.ਸੀ ਵੱਲੋਂ ਸ਼ਲਾਘਾ



**ਪਟਿਆਲਾ, 28 ਸਤੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਜ਼ਿਲ੍ਹੇ ਦੇ ਪਿੰਡ ਦੰਦਰਾਲਾ ਖਰੌੜ ਦਾ ਦੌਰਾ ਕੀਤਾ ਤੇ ਪਰਾਲੀ ਪ੍ਰਬੰਧਨ ਕਰਨ ਲਈ ਲੱਗੀ ਮਸ਼ੀਨਰੀ ਦਾ ਫ਼ੀਲਡ 'ਚ ਜਾ ਕੇ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਪਿੰਡ ਦੰਦਰਾਲਾ ਖਰੌੜ ਦੇ ਕਿਸਾਨ ਮਨਜੀਤ ਸਿੰਘ ਵੱਲੋਂ ਇਨ ਸੀਟੂ ਤਕਨੀਕ ਰਾਹੀਂ ਕੀਤੇ ਪਰਾਲੀ ਪ੍ਰਬੰਧਨ ਦਾ ਖੇਤਾਂ ਵਿੱਚ ਜਾ ਕੇ ਨਿਰੀਖਣ ਕੀਤਾ ਤੇ ਅਗਾਂਹਵਧੂ ਕਿਸਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਐਸ.ਡੀ.ਐਮ. ਨਾਭਾ ਡਾ. ਇਸਮਤ ਵਿਜੇ ਸਿੰਘ ਤੇ ਖੇਤੀਬਾੜੀ ਅਧਿਕਾਰੀ ਵੀ ਮੌਜੂਦ ਸਨ। ਡਾ. ਪ੍ਰੀਤੀ ਯਾਦਵ ਨੇ ਕਿਸਾਨਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨਾਂ ਵੱਲੋਂ ਵੱਡੀ ਗਿਣਤੀ 'ਚ ਇਨ ਸੀਟੂ ਤਕਨੀਕਾਂ ਦੀ ਵਰਤੋਂ ਕੀਤੀ ਜਾ ਰਹੀ ਹੈ, ਜੋ ਕਿ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਖੇਤੀ ਮਾਹਰਾਂ ਵੱਲੋਂ ਵੀ ਪਰਾਲੀ ਨੂੰ ਖੇਤਾਂ ਵਿੱਚ ਮਿਲਾਉਣ ਨਾਲ ਜ਼ਮੀਨ ਨੂੰ ਹੋਣ ਵਾਲੇ ਫਾਇਦੇ ਸਬੰਧੀ ਦੱਸਿਆ ਗਿਆ ਹੈ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਪਰਾਲੀ ਦਾ ਨਿਪਟਾਰਾ ਇਨ ਸੀਟੂ ਤਕਨੀਕਾਂ ਨਾਲ ਕਰਨ ਤੇ ਇਸ ਲਈ ਸੁਪਰ ਸੀਡਰ, ਹੈਪੀ ਸੀਡਰ, ਜ਼ੀਰੋ ਟਿਲ ਡਰਿੱਲ, ਮਲਚਰ, ਆਰਐਮਬੀ ਪਲਾਓ ਵਰਗੀਆਂ ਮਸ਼ੀਨਾਂ ਜ਼ਿਲ੍ਹੇ ਵਿੱਚ ਉਪਲਬੱਧ ਹਨ।

ਇਸ ਮੌਕੇ ਅਗਾਂਹਵਧੂ ਕਿਸਾਨ ਮਨਜੀਤ ਸਿੰਘ ਨੇ ਡਿਪਟੀ ਕਮਿਸ਼ਨਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਵੱਲੋਂ ਆਪਣੀ 40 ਏਕੜ ਜ਼ਮੀਨ ਵਿੱਚ ਪਰਾਲੀ ਨੂੰ ਮਲਚਿੰਗ ਤਕਨੀਕ ਨਾਲ ਖੇਤ ਵਿੱਚ ਹੀ ਮਿਲਾਇਆ ਗਿਆ ਹੈ, ਜਿਸ ਲਈ ਉਨ੍ਹਾਂ ਵੱਲੋਂ ਮਲਚਰ, ਰੋਟਾਵੀਟਰ, ਐਮ.ਵੀ ਪਲਾਓ ਦੀ ਵਰਤੋਂ ਕੀਤੀ ਗਈ ਹੈ। ਉਨ੍ਹਾਂ ਹੋਰਨਾਂ ਕਿਸਾਨਾਂ ਨੂੰ ਵੀ ਇਨ ਸੀਟੂ ਤਕਨੀਕਾਂ ਦੀ ਵਰਤੋਂ ਕਰਨ ਦੀ ਅਪੀਲ ਕੀਤੀ।

# ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ ਨੂੰ ਅੰਤਿਮ ਸਸਕਾਰ ਮੌਕੇ ਸੇਜਲ ਅੱਖਾਂ ਨਾਲ ਵਿਦਾਈ

## ➢ ਸਰਕਾਰੀ ਸਨਮਾਨਾਂ ਨਾਲ ਅੰਤਿਮ ਸਸਕਾਰ, ਮੁੱਖ ਮੰਤਰੀ ਵੱਲੋਂ ਡੀ.ਸੀ. ਨੇ ਮ੍ਰਿਤਕ ਦੇਹ 'ਤੇ ਰੀਥ ਰੱਖੀ ➢ ਵੱਡੀ ਗਿਣਤੀ ਧਾਰਮਿਕ, ਸਿਆਸੀ ਤੇ ਸਮਾਜਿਕ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ

**ਟੌਹੜਾ (ਪਟਿਆਲਾ), 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਬਕਾ ਮੰਤਰੀ ਸਵਰਗੀ ਸ. ਹਰਮੇਲ ਸਿੰਘ ਟੌਹੜਾ (77), ਜਿਨ੍ਹਾਂ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ ਸੀ, ਨੂੰ ਅੱਜ ਅੰਤਿਮ ਸਸਕਾਰ ਮੌਕੇ ਸੇਜਲ ਅੱਖਾਂ ਵੱਲੋਂ ਅੰਤਮ ਵਿਦਾਈ ਦਿੱਤੀ ਗਈ। ਉਨ੍ਹਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਪਿੰਡ ਟੌਹੜਾ ਦੇ ਸਮਸ਼ਾਨਘਾਟ ਵਿਖੇ ਪੂਰੀਆਂ ਧਾਰਮਿਕ ਰਹੁ ਰੀਤਾਂ ਮੁਤਾਬਕ ਅਤੇ ਸਰਕਾਰੀ ਸਨਮਾਨਾਂ ਨਾਲ ਕੀਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਸਪੁੱਤਰਾਂ ਹਰਿੰਦਰਪਾਲ ਸਿੰਘ ਟੌਹੜਾ ਅਤੇ ਕੰਵਰਵੀਰ ਸਿੰਘ ਟੌਹੜਾ ਨੇ ਦਿਖਾਈ।



ਸਾਬਕਾ ਮੰਤਰੀ ਹਰਮੇਲ ਸਿੰਘ ਟੌਹੜਾ ਦੀ ਮ੍ਰਿਤਕ ਦੇਹ 'ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਰਫ਼ੋਂ ਰੀਥ ਰੱਖਕੇ ਸ਼ਰਧਾਂਜਲੀ ਅਰਪਿਤ ਕਰਦੇ ਹੋਏ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ।

ਇਸ ਮੌਕੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਤਰਫ਼ੋਂ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫ਼ੋਂ ਐਸ.ਡੀ.ਐਮ. ਨਾਭਾ ਡਾ. ਇਸਮਤ ਵਿਜੇ ਸਿੰਘ ਨੇ ਮ੍ਰਿਤਕ ਦੇਹ 'ਤੇ ਰੀਥਾਂ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ। ਇਸ ਮੌਕੇ ਪਟਿਆਲਾ ਪੁਲਿਸ ਦੀ ਟੁਕੜੀ ਨੇ ਮਾਤਮੀ ਧੁਨ ਵਜਾਈ ਅਤੇ ਜਵਾਨਾਂ ਨੇ ਹਥਿਆਰ ਉਲਟੇ ਕਰਕੇ ਗਾਰਡ ਆਫ਼ ਆਨਰ ਦਿੰਦਿਆਂ ਫ਼ਾਇਰ ਕਰਕੇ ਸਲਾਮੀ ਦਿੱਤੀ।

ਜਿਕਰਯੋਗ ਹੈ ਕਿ ਸ. ਹਰਮੇਲ ਸਿੰਘ ਟੌਹੜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੰਮਾ ਸਮਾਂ ਪ੍ਰਧਾਨ ਰਹੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਦਾਮਾਦ ਸਨ। ਉਹ 21 ਸਤੰਬਰ ਨੂੰ ਆਪਣੀ ਸੁਪਤਨੀ ਤੇ ਐਸ.ਜੀ.ਪੀ.ਸੀ. ਮੈਂਬਰ ਬੀਬੀ ਕੁਲਦੀਪ ਕੌਰ ਟੌਹੜਾ, ਸਪੁੱਤਰਾਂ ਹਰਿੰਦਰ ਪਾਲ ਸਿੰਘ ਟੌਹੜਾ ਤੇ ਕੰਵਰਵੀਰ ਸਿੰਘ ਟੌਹੜਾ, ਬੇਟੀਆਂ ਜਸਪ੍ਰੀਤ ਕੌਰ ਤੇ ਗੁਰਮਨਪ੍ਰੀਤ ਕੌਰ ਸਮੇਤ ਹੋਰ ਵੱਡੀ ਗਿਣਤੀ ਪ੍ਰੀਵਾਰਕ ਮੈਂਬਰਾਂ ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਸਵਰਗੀ ਹਰਮੇਲ ਸਿੰਘ ਟੌਹੜਾ 1997 'ਚ ਡਕਾਲਾ ਵਿਧਾਨ ਸਭਾ ਹਲਕਾ (ਹੁਣ ਸਨੌਰ) ਤੋਂ ਵਿਧਾਇਕ ਚੁਣੇ ਗਏ ਸਨ ਅਤੇ ਲੋਕ ਨਿਰਮਾਣ ਵਿਭਾਗ ਦੇ ਕੈਬਨਿਟ ਮੰਤਰੀ ਰਹੇ ਸਨ।

ਪਰਿਵਾਰਕ ਸੂਤਰਾਂ ਮੁਤਾਬਕ ਸਵਰਗੀ ਸ. ਟੌਹੜਾ ਦੇ ਫੁੱਲ ਚੁਗਣ ਅਤੇ ਅੰਗੀਠਾ ਸੰਭਾਲਣ ਦੀ ਰਸਮ ਮਿਤੀ 28 ਸਤੰਬਰ ਨੂੰ ਸਵੇਰੇ 9 ਵਜੇ ਪਿੰਡ ਦੇ ਸਮਸ਼ਾਨਘਾਟ ਵਿਖੇ ਨਿਭਾਈ ਜਾਵੇਗੀ ਜਦਕਿ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ 28 ਸਤੰਬਰ ਦਿਨ ਐਤਵਾਰ ਨੂੰ ਸਵੇਰੇ 11.30 ਵਜੇ ਤੋਂ ਦੁਪਹਿਰ 1 ਵਜੇ ਤੱਕ ਪਿੰਡ ਟੌਹੜਾ ਦੀ ਅਨਾਜ ਮੰਡੀ ਵਿਖੇ ਹੋਵੇਗੀ।

ਸਵਰਗੀ ਹਰਮੇਲ ਸਿੰਘ ਟੌਹੜਾ ਦੇ ਅੰਤਿਮ ਸਸਕਾਰ ਮੌਕੇ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਦੇ ਗ੍ਰੰਥੀ ਗਿਆਨੀ ਹਰਵਿੰਦਰ ਸਿੰਘ ਨੇ ਜਪੁਜੀ ਸਾਹਿਬ ਦਾ ਪਾਠ ਤੇ ਅਰਦਾਸ ਕੀਤੀ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਰਾਜਸੀ, ਸਮਾਜਿਕ ਤੇ ਧਾਰਮਿਕ ਸ਼ਖ਼ਸੀਅਤਾਂ, ਇਲਾਕਾ ਨਿਵਾਸੀਆਂ ਤੇ ਸਕੇ ਸਬੰਧੀਆਂ ਸਮੇਤ ਹੋਰਨਾਂ ਅਹਿਮ ਸ਼ਖ਼ਸੀਅਤਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

# ਟਰਾਂਸਜੈਂਡਰ ਵਿਅਕਤੀਆਂ ਦੀ ਸੁਰੱਖਿਆ ਲਈ ਜ਼ਿਲ੍ਹਾ ਪੱਧਰ 'ਟਰਾਂਸਜੈਂਡਰ ਪ੍ਰੋਟੈਕਸ਼ਨ ਸੈਲ' ਦੀ ਸਥਾਪਨਾ

**ਮਲੇਰਕੋਟਲਾ, 28 ਸਤੰਬਰ**
**-ਰਾਜੇਸ਼ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਾਇਰੈਕਟਰ ਜਨਰਲ ਪੁਲਿਸ, ਕਮਿਊਨਿਟੀ ਅਫੇਰਜ਼ ਡਵੀਜਨ, ਪੰਜਾਬ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ, ਮਾਲੇਰਕੋਟਲਾ ਜ਼ਿਲ੍ਹੇ ਵਿੱਚ ਟਰਾਂਸਜੈਂਡਰ ਵਿਅਕਤੀਆਂ ਦੇ ਵਿਰੁੱਧ ਅਪਰਾਧਾਂ ਦੀ ਨਿਗਰਾਨੀ ਕਰਨ ਲਈ ਟਰਾਂਸਜੈਂਡਰ ਪ੍ਰੋਟੈਕਸ਼ਨ ਸੈਲ ਦੀ ਸਥਾਪਨਾ ਕੀਤੀ ਗਈ ਹੈ। ਇਸ ਗੱਲ ਦੀ ਜਾਣਕਾਰੀ ਜ਼ਿਲ੍ਹਾ ਪੁਲਿਸ ਮੁਖੀ ਗਗਨ ਅਜੀਤ ਸਿੰਘ ਨੇ ਦਿੱਤੀ।



ਇਹ ਸੈਲ ਟਰਾਂਸਜੈਂਡਰ ਪਰਸਨਜ਼ (ਅਧਿਕਾਰਾਂ ਦੀ ਸੁਰੱਖਿਆ) ਐਕਟ, 2019 ਦੇ ਅਧੀਨ ਕੰਮ ਕਰੇਗਾ ਅਤੇ ਇਸਦਾ ਉਦੇਸ਼ ਟਰਾਂਸਜੈਂਡਰ ਭਾਈਚਾਰੇ ਨੂੰ ਸੁਰੱਖਿਆ, ਕਾਨੂੰਨੀ ਸਹਾਇਤਾ ਅਤੇ ਸਮਾਜਕ ਨਿਆਂ ਮੁਹੱਈਆ ਕਰਵਾਉਣਾ ਹੈ। ਜ਼ਿਲ੍ਹਾ ਪੱਧਰ ਉਪਰੋਕਤ ਸੈਲ ਦੇ ਨੋਡਲ ਅਫਸਰ ਸ੍ਰੀ ਮਾਨਵਜੀਤ ਸਿੰਘ, ਪੀ.ਪੀ.ਐਸ., ਉਪ ਕਪਤਾਨ ਪੁਲਿਸ (ਸਥਾਨਕ), ਮਾਲੇਰਕੋਟਲਾ ਹੋਣਗੇ। ਇਸ ਸੈਲ ਵਿੱਚ ਸ਼ਾਮਲ ਅਧਿਕਾਰੀਆਂ ਦੀ ਜਾਣਕਾਰੀ ਦਿੰਦਿਆ ਉਨ੍ਹਾਂ ਦੱਸਿਆ ਕਿ ਇੰਸਪੈਕਟਰ ਰਾਜਿੰਦਰ ਸਿੰਘ ਇੰਚਾਰਜ, ਪੁਲਿਸ ਕੰਟਰੋਲ ਰੂਮ, ਮਾਲੇਰਕੋਟਲਾ ਜਿਨ੍ਹਾਂ ਮੋਬਾਇਲ ਨੰਬਰ 98140-96087, ਥਾਣੇਦਾਰ ਸੁਰਜੀਤ ਸਿੰਘ ਜਿਨ੍ਹਾਂ ਦਾ ਨੰਬਰ 79733-73951, ਸ.ਥ(ਐਲ.ਆਰ.) ਗੁਰਸਰਨ ਸਿੰਘ 95920-88662, ਸ.ਧ (ਐਲ.ਆਰ.) ਸੁਖਵਿੰਦਰ ਸਿੰਘ ਮੋਬਾਇਲ: 80547-12552 ਨੂੰ ਸ਼ਾਮਲ ਕੀਤਾ ਗਿਆ ਹੈ। ਸੀਨੀਅਰ ਕਪਤਾਨ ਪੁਲਿਸ ਮਾਲੇਰਕੋਟਲਾ ਨੇ ਦੱਸਿਆ ਕਿ ਇਹ ਸੈਲ ਟਰਾਂਸਜੈਂਡਰ ਭਾਈਚਾਰੇ ਦੀਆਂ ਚੁਣੌਤੀਆਂ ਨੂੰ ਸਮਝਦਿਆਂ, ਉਨ੍ਹਾਂ ਦੇ ਅਧਿਕਾਰਾਂ ਦੀ ਰੱਖਿਆ ਅਤੇ ਅਪਰਾਧਕ ਮਾਮਲਿਆਂ ਦੀ ਨਿਗਰਾਨੀ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਏਗਾ।

# ਗੋਲੀ ਚਲਾਉਣ ਦੇ ਮਾਮਲੇ 'ਚ ਚਾਰ ਅਣਪਛਾਤਿਆਂ ਸਮੇਤ 6 ਵਿਰੁੱਧ ਕੇਸ ਦਰਜ

**ਸਮਾਣਾ, 28 ਸਤੰਬਰ**
**-ਸਰਬਜੀਤ ਸਿੰਘ ਤਲਵੰਡੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਨਰੇਗਾ ਸਕੀਮ ਤਹਿਤ ਕੰਮ ਕਰਦੀ ਔਰਤ ਦੇ ਸਹੀ ਢੰਗ ਨਾਲ ਕੰਮ ਨਾ ਕਰਨ 'ਤੇ ਪਿੰਡ ਦੇ ਪੰਚਾਇਤ ਮੈਂਬਰ ਵੱਲੋਂ ਟੋਕਣ 'ਤੇ ਗੁੱਸੇ 'ਚ ਆਏ ਔਰਤ ਦੇ ਲੜਕੇ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਪੰਚਾਇਤ ਮੈਂਬਰ ਦੀ ਕੁੱਟਮਾਰ ਕਰਨ ਅਤੇ ਜਾਨੋਂ ਮਾਰਨ ਦੀ ਨੀਅਤ ਨਾਲ ਗੋਲੀ ਚਲਾਉਣ ਦੇ ਮਾਮਲੇ 'ਚ ਸਦਰ ਪੁਲਿਸ ਨੇ ਚਾਰ ਅਣਪਛਾਤੇ ਨੌਜਵਾਨਾਂ ਸਮੇਤ 6 ਲੋਕਾਂ ਖਿਲਾਫ ਆਰਮਜ਼ ਐਕਟ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਸੰਜੂ ਸਿੰਘ ਪੁੱਤਰ ਖੁਸ਼ੀਆ ਸਿੰਘ ਅਤੇ ਪ੍ਰਵੀਨ ਕੁਮਾਰ ਪੁੱਤਰ ਸਰਦਾਰਾ ਸਿੰਘ ਵਾਸੀ ਪਿੰਡ ਦੀ ਖੱਤਰੀਵਾਲਾ ਵੀ ਸ਼ਾਮਲ ਹਨ। ਗਾਜੇਵਾਸ ਪੁਲਸ ਇੰਚਾਰਜ ਬਲਦੇਵ ਸਿੰਘ ਨੇ ਦੱਸਿਆ ਕਿ ਸਤਿਗੁਰੂ ਸਿੰਘ ਪੁੱਤਰ ਕਰਮਜੀਤ ਸਿੰਘ ਵਾਸੀ ਪਿੰਡ ਖੱਤਰੀਵਾਲਾ ਵੱਲੋਂ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ ਅਨੁਸਾਰ 13 ਸਤੰਬਰ ਦੀ ਰਾਤ ਨੂੰ ਉਹ ਆਪਣੇ ਪਿੰਡ ਦੇ ਨਗਰ ਖੇੜਾ ਵਿਖੇ ਮੱਥਾ ਟੇਕਣ ਗਿਆ ਸੀ ਅਤੇ ਮੱਥਾ ਟੇਕਣ ਤੋਂ ਬਾਅਦ ਉਥੇ ਚੌਕੀ 'ਤੇ ਬੈਠ ਗਿਆ। ਅੱਧੀ ਰਾਤ ਤੋਂ ਬਾਅਦ ਸੰਜੂ ਸਿੰਘ ਆਪਣੇ ਅਣਪਛਾਤੇ ਸਾਥੀਆਂ ਸਮੇਤ ਗੱਡੀ ਵਿੱਚ ਸਵਾਰ ਹੋ ਕੇ ਉੱਥੇ ਪਹੁੰਚਿਆ ਅਤੇ ਉਸਨੂੰ ਬੁਲਾ ਕੇ ਆਪਣੇ ਸਾਥੀਆਂ ਕੋਲ ਇੱਕ ਪਾਸੇ ਲੈ ਗਿਆ। ਮੁਲਜ਼ਮਾਂ ਦੇ ਹੱਥਾਂ ਵਿੱਚ ਰਾਡ, ਕਿਰਪਾਨ ਅਤੇ ਲਾਠੀਆਂ ਸਨ ਜਦਕਿ ਸੰਜੂ ਸਿੰਘ ਦੇ ਹੱਥ ਵਿੱਚ 12 ਬੋਰ ਦੀ ਬੰਦੂਕ ਸੀ।

# ਵਾਟਰ ਸਪਲਾਈ ਅਤੇ ਸੀਵਰੇਜ਼ ਚੋਰੀ ਦੇ ਕਨੈਕਸ਼ਨ ਜਲਦ ਕਰਵਾਏ ਜਾਣ ਰੈਗੂਲਰਾਈਜ਼ : ਮੇਅਰ

**ਪਟਿਆਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਨਗਰ ਨਿਗਮ ਪਟਿਆਲਾ ਵੱਲੋਂ ਸ਼ਹਿਰ ਵਿੱਚ ਪਾਣੀ ਅਤੇ ਸੀਵਰੇਜ਼ ਪ੍ਰਣਾਲੀ ਨੂੰ ਸੁਧਾਰਨ ਲਈ ਵੱਡੀ ਕਾਰਵਾਈ ਦੀ ਤਿਆਰੀ ਕੀਤੀ ਜਾ ਰਹੀ ਹੈ। ਮੇਅਰ ਕੁੰਦਨ ਗੋਗੀਆ ਨੇ ਕਿਹਾ ਹੈ ਕਿ ਜਿਹੜੇ ਨਿਵਾਸੀ ਵਾਟਰ ਸਪਲਾਈ ਜਾਂ ਸੀਵਰੇਜ਼ ਦੇ ਗ਼ੈਰਕਾਨੂੰਨੀ ਕਨੈਕਸ਼ਨ ਲੈ ਕੇ ਬੈਠੇ ਹਨ, ਉਹਨਾਂ ਨੂੰ ਤੁਰੰਤ ਆਪਣੇ ਕਨੈਕਸ਼ਨ ਰੈਗੂਲਰ ਕਰਵਾ ਲੈਣੇ ਚਾਹੀਦੇ ਹਨਪ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਕਿਸੇ ਵੀ ਠੇਕੇਦਾਰ, ਅਧਿਕਾਰੀ ਜਾਂ ਕਰਮਚਾਰੀ ਦੀ ਸ਼ਮੂਲੀਅਤ ਜਾ ਇਸ ਪ੍ਰਤੀ ਅਣਗਹਿਲੀ ਕਰਨ ਵਾਲਿਆਂ ਖਿਲਾਫ਼ ਨਗਰ ਨਿਗਮ ਸਖ਼ਤ ਕਾਰਵਾਈ ਕਰਨ ਤੋਂ ਪਿੱਛੇ ਨਹੀਂ ਹਟੇਗਾ।

ਮੇਅਰ ਨੇ ਕਿਹਾ ਕਿ ਗੈਰਕਾਨੂੰਨੀ ਕਨੈਕਸ਼ਨਾਂ ਕਾਰਨ ਨਿਗਮ ਨੂੰ ਵੱਡੇ ਰਿਵਨਿਊ ਦਾ ਨੁਕਸਾਨ ਝੱਲਣਾ ਪੈਂਦਾ ਹੈ। ਇਸਦੇ ਨਾਲ ਨਾਲ ਪਾਣੀ ਦੀ ਸਪਲਾਈ ਵਿੱਚ ਅਸਮਾਨਤਾ ਅਤੇ ਸੀਵਰੇਜ਼ ਸਿਸਟਮ ਵਿੱਚ ਰੁਕਾਵਟਾਂ ਵੀ ਪੈਦਾ ਹੁੰਦੀਆਂ ਹਨ। ਜਿਹੜੇ ਲੋਕ ਚੋਰੀ ਦੇ ਕਨੈਕਸ਼ਨਾਂ ਰਾਹੀਂ ਨਗਰ ਨਿਗਮ ਦੀਆਂ ਸੁਵਿਧਾਵਾਂ ਲੈ ਰਹੇ ਹਨ, ਉਹ ਸੱਚੇ ਟੈਕਸਦਾਤਿਆਂ ਨਾਲ ਨਿਆਂ ਨਹੀਂ ਕਰ ਰਹੇ। ਇਸ ਲਈ ਇਹ ਲਾਜ਼ਮੀ ਹੈ ਕਿ ਸਾਰੇ ਕਨੈਕਸ਼ਨ ਜਲਦ ਤੋਂ ਜਲਦ ਨਿਯਮਾਂ ਅਨੁਸਾਰ ਰੈਗੂਲਰ ਕੀਤੇ ਜਾਣ ਮੇਅਰ ਨੇ ਕਿਹਾ।

ਉਨ੍ਹਾਂ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਦਿੱਤੀ ਕਿ ਇਸ ਸਬੰਧੀ ਵਿਸ਼ੇਸ਼ ਮੁਹਿੰਮ ਚਲਾ ਕੇ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ। ਲੋਕਾਂ ਨੂੰ ਸਮਝਾਇਆ ਜਾਵੇ ਕਿ ਜੇਕਰ ਉਹ ਖੁਦ ਆਪਣੇ ਕਨੈਕਸ਼ਨ ਨਿਯਮਿਤ ਨਹੀਂ ਕਰਵਾਉਣਗੇ ਤਾਂ ਉਨ੍ਹਾਂ ਦੇ ਵਿਰੁੱਧ ਜੁਰਮਾਨਾ ਲਾਇਆ ਜਾਵੇਗਾ ਅਤੇ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ। ਮੇਅਰ ਗੋਗੀਆ ਨੇ ਪਟਿਆਲਾ ਦੇ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਕਨੈਕਸ਼ਨ ਤੁਰੰਤ ਨਗਰ ਨਿਗਮ ਦਫ਼ਤਰ ਵਿੱਚ ਜਾ ਕੇ ਰੈਗੂਲਰ ਕਰਵਾਉਣ।



ਸੰਗਰੂਰ ਪੁਲਿਸ ਦੇ ਟ੍ਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਬ੍ਰਿਟਿਸ਼ ਇੰਟਰਨੈਸ਼ਨਲ ਕਾਨਵੈਂਟ ਸਕੂਲ, ਸੁਨਾਮ ਵਿਖੇ ਸੈਮੀਨਾਰ ਲਗਾ ਕੇ ਬੱਸ ਡਰਾਈਵਰਾਂ ਨੂੰ ਟਰੈਫਿਕ ਨਿਯਮਾਂ, ਸੜਕ ਸੁਰੱਖਿਆ, ਵਾਹਨਾਂ ਦੇ ਦਸਤਾਵੇਜ਼ ਪੂਰੇ ਰੱਖਣ, ਸੇਫ ਸਕੂਲ ਵਾਹਨ ਪਾਲਿਸੀ, ਨਸ਼ਿਆਂ ਦੇ ਮਾੜੇ ਪ੍ਰਭਾਵਾਂ ਅਤੇ ਹੈਲਪਲਾਈਨ ਨੰਬਰ 112 ਬਾਰੇ ਜਾਗਰੂਕ ਕੀਤਾ ਗਿਆ। ਫੋਟੋ ਤੇ ਵੇਰਵਾ : (ਪੱਤਰਕਾਰ ਰਾਜੇਸ਼ ਸ਼ਰਮਾ)।

# ਜਵਾਹਰ ਨਵੋਦਿਆ ਵਿਦਿਆਲਿਆ 'ਚ ਦਾਖ਼ਲੇ ਲਈ ਆਨਲਾਈਨ ਫਾਰਮ ਭਰਨ ਦੀ ਤਾਰੀਖ 'ਚ ਵਾਧਾ

**ਲੁਧਿਆਣਾ, 28 ਸਤੰਬਰ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਜਵਾਹਰ ਨਵੋਦਿਆ ਵਿਦਿਆਲਿਆ 'ਚ 9ਵੀ ਤੇ 11ਵੀਂ 'ਚ ਦਾਖ਼ਲੇ ਲਈ ਹੁਣ 07 ਅਕਤੂਬਰ, 2025 ਤੱਕ ਆਨਲਾਈਨ ਫਾਰਮ ਭਰੇ ਜਾ ਸਕਦੇ ਹਨ। ਵਿਦਿਅਕ ਸੈਸ਼ਨ 2026-27 ਤਹਿਤ ਜਮਾਤ ਨੌਵੀਂ ਅਤੇ ਗਿਆਰਵੀਂ ਵਿੱਚ ਖਾਲੀ ਪਈਆਂ ਸੀਟਾਂ ਲਈ ਪ੍ਰੀਖਿਆ ਲਈ ਜਾਣੀ ਹੈ।

ਜਵਾਹਰ ਨਵੋਦਿਆ ਵਿਦਿਆਲਿਆ, ਧਨਾਨਸੂ ਦੇ ਵਾਈਸ ਪ੍ਰਿੰਸੀਪਲ ਸੋਨੂੰ ਸ਼ਰਮਾ ਨੇ ਦੱਸਿਆ ਕਿ ਪਹਿਲਾਂ ਦਾਖਲਾ ਫਾਰਮ ਭਰਨ ਦੀ ਅੰਤਿਮ ਮਿਤੀ 23 ਸਤੰਬਰ, 2025 ਨਿਰਧਾਰਿਤ ਕੀਤੀ ਗਈ ਸੀ ਜਿਸਨੂੰ ਹੁਣ 07 ਅਕਤੂਬਰ ਤੱਕ ਵਧਾਇਆ ਗਿਆ ਹੈ। 07 ਫਰਵਰੀ, 2026 ਨੂੰ ਪਰੀਖਿਆ ਲਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਹੁਣ ਤੱਕ 9ਵੀਂ ਜਮਾਤ ਵਿੱਚ ਦਾਖਲੇ ਲਈ 290 ਵਿਦਿਆਰਥੀਆਂ ਵੱਲੋਂ ਰਜਿਸਟਰੇਸ਼ਨ ਕਰਵਾਈ ਜਾ ਚੁੱਕੀ ਹੈ ਜਦਕਿ 11ਵੀਂ ਦਾ ਅੰਕੜਾ 210 ਤੱਕ ਪਹੁੰਚ ਗਿਆ ਹੈ।

ਉਨ੍ਹਾਂ ਬਿਨੈ ਪੱਤਰ ਭਰਨ ਸਮੇਂ ਸ਼ਰਤਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਵਿਦਿਆਰਥੀ ਲੁਧਿਆਣਾ ਜ਼ਿਲ੍ਹੇ ਦਾ ਪੱਕਾ ਨਿਵਾਸੀ ਹੋਣਾ ਚਾਹੀਦਾ ਹੈ ਅਤੇ ਸਾਲ 2025-26 ਵਿੱਚ ਕਿਸੇ ਵੀ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਵਿੱਚ ਕ੍ਰਮਵਾਰ 8ਵੀ, 10ਵੀਂ ਜਮਾਤ ਦਾ ਵਿਦਿਆਰਥੀ ਹੋਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਵਿਦਿਆਰਥੀ ਦਾ ਜਨਮ (ਜਮਾਤ ਨੌਵੀਂ ਵਿੱਚ ਦਾਖਲੇ ਲਈ) 01 ਮਈ 2011 ਤੋਂ 31 ਜੁਲਾਈ 2013 ਦੇ ਵਿਚਕਾਰ ਹੋਣਾ ਚਾਹੀਦਾ ਹੈ ਜਦਕਿ 11ਵੀਂ ਜਮਾਤ ਵਿੱਚ ਦਾਖਲਾ ਲੈਣ ਲਈ ਵਿਦਿਆਰਥੀ ਦਾ ਜਨਮ 01 ਜੂਨ 2009 ਤੋਂ 31 ਜੁਲਾਈ 2011 ਦੇ ਵਿਚਕਾਰ ਹੋਣਾ ਚਾਹੀਦਾ ਹੈ। ਇਸ ਵਿੱਚ ਦੋਨੋਂ ਮਿਤੀਆਂ ਸ਼ਾਮਲ ਹਨ। 9ਵੀਂ ਜਮਾਤ ਵਿੱਚ ਦਾਖਲਾ ਫਾਰਮ ਭਰਨ ਲਈ ਵੈੱਬਸਾਈਟ https://cbseitms.nic.in/B@BE/nvsix_I ਦੀ ਵਰਤੋਂ ਕੀਤੀ ਜਾਵੇ ਜਦਕਿ 11ਵੀਂ ਜਮਾਤ ਲਈ ਵੈਬਸਾਈਟ https://cbseitms.nic.in/B@BE/nvsxi_11 ਰਾਹੀਂ ਫਾਰਮ ਭਰੇ ਜਾਣਗੇ।

# ਥੈਲੇਸੀਮੀਆ ਤੋ ਪੀੜਤ ਬੱਚਿਆ ਲਾਇਨ ਕਲੱਬ ਇਲਾਇਟ ਨੇ ਖ਼ੂਨਦਾਨ ਕੈਂਪ ਲਗਾਇਆ



**ਸਮਾਣਾ, 28 ਸਤੰਬਰ**
**-ਸਰਬਜੀਤ ਸਿੰਘ ਤਲਵੰਡੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਰਾਜ ਸ੍ਰੀ ਅਗਰਸੈਨ ਜੀ ਦੀ 5149ਵੀਂ ਜੈਯੰਤੀ ਮੌਕੇ ਲਾਇਨ ਕਲੱਬ ਸਮਾਣਾ ਇਲਾਇਟ ਵੱਲੋਂ ਨਵੀਂ ਅ ਗ ਰ ਵਾਲ ਗਊਸ਼ਾਲਾ 'ਚ ਖੂਨ ਦਾਨ ਕੈਂਪ ਗਾਇਆ ਥੈਲੇਸੀਮੀਆ ਤੋਂ ਪੀੜਤ ਬੱਚਿਆ। ਲਈ ਲਗਾਏ ਇਸ ਕੈਂਪ ਦੇ ਮੁੱਖ ਮਹਿਮਾਨ ਅਗਰਵਾਲ ਗਊਸ਼ਾਲਾ ਪ੍ਰਧਾਨ ਸੀ.ਏ ਅਮਿਤ ਸਿੰਗਲਾ ਅਤੇ ਵਿਸ਼ੇਸ਼ ਮਹਿਮਾਨ ਲਾਇਨ ਕਲੱਬ ਰੋਇਲ ਦੇ ਪ੍ਰਧਾਨ ਜੀਵਨ ਗਰਗ ਸਨ। ਪਟਿਆਲਾ ਦੇ ਰਜਿੰਦਰਾ ਹਸਪਤਾਲ ਤੋਂ ਡਾਕਟਰ ਸਵੇਤਾ ਦੀ ਅਗਵਾਈ 'ਚ ਆਈ ਟੀਮ ਨੇ ਖ਼ੂਨਦਾਨੀਆਂ ਤੋਂ 50 ਯੂਨਿਟ ਖ਼ੂਨ ਇਕੱਤਰ ਕੀਤਾ। ਪ੍ਰਧਾਨ ਡਾ: ਕਰਨਵੀਰ ਗਰਗ, ਸੈਕਟਰੀ ਅਭਿਸ਼ੇਕ ਗਰਗ, ਕੈਸ਼ੀਅਰ ਸੁਭਰਾਸੁ ਸਿੰਗਲਾ, ਪ੍ਰੋਜੈਕਟ ਚੇਅਰਮੈਨ ਆਕਾਸ਼ ਲੁਥਰਾ ਤੇ ਜਗਦੀਪ ਗਰਗ ਨੇ ਦੱਸਿਆ ਕਿ ਇਹ ਕੈਂਪ ਬਲੱਡ ਬੈਂਕ ਵਿੱਚ ਚੱਲ ਰਹੀ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਲਗਾਇਆ ਗਿਆ ਹੈ। ਇਸ ਮੌਕੇ ਖ਼ੂਨਦਾਨੀਆ ਨੂੰ ਸਨਮਾਨ ਵਜੋਂ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪਟਿਆਲਾ ਥੈਲੇਸੀਮਿਕ ਚਿਲਡਰਨ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਵਿਜੇ ਪਾਹਵਾ ਨੇ ਲਾਇਨ ਕਲੱਬ ਇਲਾਇਟ ਦੀ ਸਾਰੀ ਟੀਮ ਦੀ ਸ਼ਲਾਘਾ ਕੀਤੀ।

# ਜੱਸੀ ਸੋਹੀਆਂ ਵਾਲਾ ਨੇ ਕੀਤਾ ਰਾਮਲੀਲਾ ਮੰਚ ਤੇ ਬਣੇ ਨਵੇਂ ਸ਼ੈਡ ਤੇ ਰਾਮਲੀਲਾ ਦਾ ਉਦਘਾਟਨ

**ਨਾਭਾ, 28 ਸਤੰਬਰ/-ਪਰਸ਼ੋਤਮ ਬੇਦੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਮਰਿਆਦਾ ਪੁਰਸ਼ੋਤਮ ਰਾਮਲੀਲਾ ਕਲੱਬ ਮੁਹੱਲਾ ਬਠਿੰਡਾ ਦੇ ਮੰਚ ਤੇ ਬਣੇ ਨਵੇਂ ਸ਼ੈਡ ਤੇ ਰਾਮਲੀਲਾ ਦਾ ਉਦਘਾਟਨ ਇੰਪਰੂਵਮੈਂਟ ਟ੍ਰਸਟ ਨਾਭਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕੀਤਾ, ਕਲੱਬ ਵੱਲੋਂ ਜੱਸੀ ਸੋਹੀਆਂ ਵਾਲਾ ਤੇ ਉਨ੍ਹਾਂ ਨਾਲ ਆਏ ਵਿਸ਼ੇਸ਼ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ, ਇਸ ਮੌਕੇ ਤੇ ਕਲੱਬ ਦੇ ਪ੍ਰਧਾਨ ਅਮਿਤ ਕੁਮਾਰ, ਅਨਿਲ ਕੁਮਾਰ, ਐਡਵੋਕੇਟ ਧੀਰਜ ਕੁਮਾਰ, ਐਡਵੋਕੇਟ ਸਨੀ ਰਹੇਜਾ, ਮਾਸਟਰ ਲਾਲ ਚੰਦ, ਰਾਜਕੁਮਾਰ, ਅੰਜੂ, ਛਤਰਪਾਲ, ਮੋਨੀ ਤੋਂ ਇਲਾਵਾ ਕਲੱਬ ਦੇ ਹੋਰ ਮੈਂਬਰ ਹਾਜ਼ਰ ਸਨ।

# ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ ਵਲੋਂ ਕਰਵਾਈ ਗਈ ਨਰਮੇ ਦੀ ਬੋਲੀ ਸ਼ੁਰੂ



**ਗੋਨਿਆਨਾ 23 ਸਤੰਬਰ, ਆਸ਼ੂ ਖੰਨਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਰਾਣੀ ਅਨਾਜ ਮੰਡੀ ਵਿਖੇ ਰਜਨੀਸ਼ ਕੁਮਾਰ ਰਾਜੂ ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ ਵਲੋਂ ਦੇਸ ਰਾਜ ਐਂਡ ਸੰਨਜ਼ (ਮਹਿਮਾ ਸਰਜਾ ਵਾਲੇ) ਵਾਲਿਆ ਦੀ ਦੁਕਾਨ ਤੇ ਨਰਮੇ ਦੀ ਬੋਲੀ ਸ਼ੁਰੂ ਕਰਵਾਈ ਗਈ।ਇਸ ਮੌਕੇ ਪਿੰਡ ਸਿਵੀਆਂ ਤੋਂ ਆਏ ਕਿਸਾਨ ਕਸ਼ਮੀਰ ਸਿੰਘ ਵਰਿਆਮ ਸਿੰਘ ਅਤੇ ਪਿੰਡ ਮਹਿਮਾ ਸਰਜਾ ਤੋਂ ਭੋਲਾ ਸਿੰਘ ਰਜਿੰਦਰ ਸਿੰਘ ਜੋ ਨਰਮਾ ਲੈ ਕੇ ਆਏ ਸਨ।ਇਹ ਨਰਮਾ ਏ ਬੀ ਕੋਟਸਪਿੰਨ ਜੈਤੋ ਵਾਲਿਆਂ ਵੱਲੋਂ ਮਹੂਰਤ ਕਰਦੇ ਹੋਏ 6851 ਰੁਪੈ ਪ੍ਰਤੀ ਕੁਇੰਟਲ ਖਰੀਦਿਆ ਗਿਆ। ਨਰਮੇ ਦੀ ਬੋਲੀ ਤੋਂ ਬਾਅਦ ਆੜਤੀਆ ਕ੍ਰਿਸ਼ਨ ਗੋਪਾਲ ਵਲੋ ਲੱਡੂ ਵੰਡ ਕੇ ਸਭ ਦਾ ਮੂੰਹ ਮਿੱਠਾ ਕਰਵਾਇਆ ਗਿਆ।ਇਸ ਮੌਕੇ ਏਬੀ ਕੋਟਸਪਿਨ ਦੇ ਪਰਚੇਜਰ ਪ੍ਰੀਤਮ ਚੰਦ ਕਾਲਾ ਅਤੇ ਦਰਸ਼ਨ ਕੁਮਾਰ ਅਤੇ ਆੜਤੀਆ ਐਸੋਸੀਏਸ਼ਨ ਦੇ ਪ੍ਰਧਾਨ ਰਜਨੀਸ਼ ਕੁਮਾਰ ਰਾਜੂ, ਸਰਪ੍ਰਸਤ ਪ੍ਰਮੋਦ ਕਾਕਾ, ਚੇਅਰਮੈਨ ਕ੍ਰਿਸ਼ਨ ਗੋਪਾਲ, ਸੈਕਟਰੀ ਨਰੋਤਮ ਸਿੰਗਲਾ, ਸਤੀਸ਼ ਕਾਲਾ, ਮਨੋਜ ਸਿੰਗਲਾ, ਰਾਕੇਸ਼ ਕੁਮਾਰ ਚੌਧਰੀ, ਸੁਖਪਾਲ ਸਿੰਘ ਬੁੱਟਰ, ਉਦੈ ਚੰਦ, ਮਨੋਹਰ ਲਾਲ ਭੋਲਾ, ਮੋਨੂੰ ਸਿੰਗਲਾ, ਜਨਕ ਰਾਜ, ਮਹੇਸ਼ੀ ਭੋਲਾ ਅਤੇ ਹੋਰ ਆੜਤੀਏ ਮੌਜੂਦ ਸਨ।

# ਵਿਧਾਇਕ ਜੌੜਾਮਾਜਰਾ ਨੇ ਪਿੰਡ ਰੱਖੜਾ ਦੇ ਕਮਿਊਨਿਟੀ ਹਾਲ ਦਾ ਰੱਖਿਆ ਨੀਂਹ ਪੱਥਰ

**ਪਟਿਆਲਾ, 28 ਸਤੰਬਰ**
**-ਰਣਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਨਵਾਂ ਰੱਖੜਾ ਵਿਖੇ ਨਜਾਇਜ਼ ਤੌਰ 'ਤੇ ਦੱਬੀ ਸ਼ਾਮਲਾਟ ਜਮੀਨ ਦਾ ਕਬਜ਼ਾ ਲੈਣ ਉਪਰੰਤ ਪਿੰਡ ਦੇ ਲੋਕਾਂ ਦੀ ਮੰਗ 'ਤੇ ਬਣਨ ਵਾਲੇ ਕਮਿਊਨਿਟੀ ਹਾਲ ਦਾ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਰਸਮੀ ਤੌਰ 'ਤੇ ਨੀਂਹ ਪੱਥਰ ਰੱਖ ਦਿੱਤਾ ਹੈ। ਜਿਸ ਦੇ ਬਣਨ ਨਾਲ ਪਿੰਡ ਦੇ ਲੋਕਾਂ ਨੂੰ ਛੋਟੇ ਸਮਾਗਮ ਕਰਵਾਉਣ ਵਿਚ ਰਾਹਤ ਮਿਲੇਗੀ। ਨੀਂਹ ਪੱਥਰ ਰੱਖਣ ਉਪਰੰਤ ਸਾਬਕਾ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਪਿੰਡ ਦੀ ਪੰਚਾਇਤ ਨੂੰ 5 ਲੱਖ ਰੁਪਏ ਦਾ ਚੈੱਕ ਪਿੰਡ ਦੇ ਵਿਕਾਸ ਕਾਰਜਾਂ ਲਈ ਸੌਂਪਿਆ। ਇਸ ਮੌਕੇ ਜੌੜਾਮਾਜਰਾ ਨੇ ਕਿਹਾ ਕਿ ਪਿੰਡ ਦੇ ਵਿਕਾਸ ਕਾਰਜਾਂ ਵਿਚ ਪੈਸੇ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਦੋਵੇਂ ਪਿੰਡਾਂ ਨੂੰ ਸੁੰਦਰ ਦਿੱਖ ਦੇਣ ਲਈ ਹੋਰ ਗ੍ਰਾਂਟਾਂ ਦੇ ਗੱਫੇ ਵੀ ਦਿੱਤੇ ਜਾਣਗੇ।



ਉਥੇ ਹੀ ਪਿੰਡ ਵਾਸੀਆਂ ਲਈ ਸੈਰਗਾਹ ਅਤੇ ਨੌਜਵਾਨਾਂ ਲਈ ਸਟੇਡੀਅਮ ਦੀ ਉਸਾਰੀ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਜਿਸ ਉਤੇ 75 ਲੱਖ ਰੁਪਏ ਦੀ ਲਾਗਤ ਨਾਲ ਚਾਰ ਦੀਵਾਰੀ ਤੋਂ ਇਲਾਵਾ ਵੱਖ-ਵੱਖ ਤਰ੍ਹਾਂ ਦੇ ਗਰਾਊਂਡ ਸਥਾਪਿਤ ਕੀਤੇ ਜਾਣਗੇ। ਜਿਸ ਨਾਲ ਨੌਜਵਾਨਾਂ ਨੂੰ ਖੇਡਾਂ ਵਿਚ ਭਾਗ ਲੈਣ ਲਈ ਮੌਕੇ ਉਪਲਬਧ ਹੋਣਗੇ। ਇਸ ਮੌਕੇ ਸਰਪੰਚ ਸਰੋਜ ਕੌਰ, ਸਰਪੰਚ ਤਰਲੋਚਨ ਸਿੰਘ, ਮੈਂਬਰ ਪੰਚਾਇਤ ਕਰਮਜੀਤ ਸਿੰਘ, ਅਮਰੀਕ ਸਿੰਘ, ਮਦਨ ਸਿੰਘ, ਅਸ਼ੋਕ ਕੁਮਾਰ, ਜੋਗਿੰਦਰ ਸਿੰਘ, ਨਰਿੰਦਰ ਸਿੰਘ ਖੇੜੀਮਾਨੀਆਂ, ਸੁਖਵਿੰਦਰ ਸਿੰਘ ਸੁਖੀ, ਪੰਡਤ ਰਾਮੀ ਆਦਿ ਵੀ ਹਾਜ਼ਰ ਸਨ।

# ਏਯੂ ਸਮਾਲ ਫਾਈਨੈਂਸ ਬੈਂਕ ਦੇ 'AU ਹਾਰਟ ਟੂ ਕਾਰਟ' ਸ਼ਾਪਿੰਗ ਫੈਸਟੀਵਲ ਨਾਲ ਤਿਉਹਾਰਾਂ ਦੇ ਸੀਜ਼ਨ ਦਾ ਜਸ਼ਨ ਮਨਾਓ

**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਏਯੂ ਸਮਾਲ ਫਾਈਨੈਂਸ ਬੈਂਕ (AU SFB), ਭਾਰਤ ਦਾ ਸਭ ਤੋਂ ਵੱਡਾ ਸਮਾਲ ਫਾਈਨੈਂਸ ਬੈਂਕ ਅਤੇ ਇੱਕ ਦਹਾਕੇ ਵਿੱਚ ਪਹਿਲਾ ਬੈਂਕ ਜਿਸਨੇ ਰਿਜ਼ਰਵ ਬੈਂਕ ਆਫ਼ ਇੰਡੀਆ ਤੋਂ ਇੱਕ ਯੂਨੀਵਰਸਲ ਬੈਂਕ ਵਿੱਚ ਤਬਦੀਲੀ ਲਈ ਸਿਧਾਂਤਕ ਪ੍ਰਵਾਨਗੀ ਪ੍ਰਾਪਤ ਕੀਤੀ ਹੈ, ਨੇ ਅੱਜ ਆਪਣੀ ਮਹੀਨਾ ਭਰ ਚੱਲਣ ਵਾਲੀ ਤਿਉਹਾਰੀ ਮੁਹਿੰਮ, 'ਏਯੂ ਹਾਰਟ ਟੂ ਕਾਰਟ' ਸ਼ੁਰੂ ਕੀਤੀ। ਇਹ ਮੁਹਿੰਮ ਗਾਹਕਾਂ ਦੀ ਹਰ ਤਿਉਹਾਰੀ ਇੱਛਾ ਸੂਚੀ ਨੂੰ ਪੂਰਾ ਕਰਨ ਲਈ ਤਿਆਰ ਕੀਤੀ ਗਈ ਹੈ, ਜਿਸ ਵਿੱਚ ਵਿਸ਼ੇਸ਼ ਛੋਟਾਂ, ਗਿਫਟ ਵਾਊਚਰ, ਯਕੀਨੀ ਇਨਾਮ ਅਤੇ ਕ੍ਰੈਡਿਟ ਅਤੇ ਡੈਬਿਟ ਕਾਰਡਾਂ 'ਤੇ ਵਪਾਰੀ EMI ਵਿਕਲਪ ਪੇਸ਼ ਕੀਤੇ ਜਾਂਦੇ ਹਨ। ਇਸ ਤਿਉਹਾਰੀ ਸੀਜ਼ਨ (ਨਵਰਾਤਰੀ ਤੋਂ ਦੀਵਾਲੀ ਤੱਕ), ਗਾਹਕ ਇਲੈਕਟ੍ਰਾਨਿਕਸ, ਯਾਤਰਾ, ਖਰੀਦਦਾਰੀ, ਡਾਇਨਿੰਗ, ਮਨੋਰੰਜਨ ਅਤੇ ਹੋਰ ਸ਼੍ਰੇਣੀਆਂ ਵਿੱਚ A ਲੱਖ ਤੋਂ ਵੱਧ ਦੀ ਬੱਚਤ ਦਾ ਆਨੰਦ ਲੈ ਸਕਦੇ ਹਨ। ਏਯੂ ਸਮਾਲ ਫਾਈਨੈਂਸ ਬੈਂਕ ਦੇ ਕਾਰਜਕਾਰੀ ਨਿਰਦੇਸ਼ਕ ਅਤੇ ਡਿਪਟੀ ਸੀਈਓ ਉੱਤਮ ਟਿਬਰੇਵਾਲ ਨੇ ਕਿਹਾ, 'ਏਯੂ ਹਾਰਟ ਟੂ ਕਾਰਟ' ਦੀ ਸ਼ੁਰੂਆਤ ਦੇ ਨਾਲ, ਅਸੀਂ ਮਾਣਯੋਗ ਪ੍ਰਧਾਨ ਮੰਤਰੀ, ਸ਼੍ਰੀ ਨਰਿੰਦਰ ਮੋਦੀ ਜੀ ਅਤੇ ਸਰਕਾਰ ਦਾ 'ਜੀਐਸਟੀ ਬਚਤ ਉਤਸਵ' ਪਹਿਲਕਦਮੀ ਲਈ ਧੰਨਵਾਦ ਕਰਨਾ ਚਾਹੁੰਦੇ ਹਾਂ, ਜਿਸ ਦੇ ਨਤੀਜੇ ਵਜੋਂ ਹਾਲ ਹੀ ਵਿੱਚ ਜੀਐਸਟੀ ਵਿੱਚ ਕਟੌਤੀ ਹੋਈ ਹੈ। ਇਹ ਬਦਲਾਅ ਨਿਸ਼ਚਤ ਤੌਰ 'ਤੇ ਤਿਉਹਾਰਾਂ ਦੀ ਭਾਵਨਾ ਨੂੰ ਵਧਾਉਣਗੇ ਅਤੇ ਆਰਥਿਕ ਵਿਕਾਸ ਨੂੰ ਉਤੇਜਿਤ ਕਰਨਗੇ, ਜਿਸ ਨਾਲ ਦੇਸ਼ ਭਰ ਦੇ ਖਪਤਕਾਰਾਂ ਨੂੰ ਲਾਭ ਹੋਵੇਗਾ। ਸਾਨੂੰ ਵਿਸ਼ਵਾਸ ਹੈ ਕਿ ਇਹ ਕਦਮ ਸਾਡੇ ਗਾਹਕਾਂ ਦੀ ਖਰੀਦ ਸ਼ਕਤੀ ਨੂੰ ਹੋਰ ਵਧਾਏਗਾ, ਜਿਸ ਨਾਲ ਉਹ ਇਸ ਤਿਉਹਾਰੀ ਸੀਜ਼ਨ ਨੂੰ ਵਧੇਰੇ ਖੁਸ਼ੀ ਅਤੇ ਵਿਸ਼ਵਾਸ ਨਾਲ ਮਨਾਉਣ ਦੇ ਯੋਗ ਹੋਣਗੇ।

# ਪੱਛਮੀ ਕਮਾਨ ਦੇ ਰੱਖਿਆ ਅਸਾਸਿਆਂ ਬਾਰੇ ਪ੍ਰਿੰਸੀਪਲ ਡਾਇਰੈਕਟੋਰੇਟ ਅਤੇ ਚੰਡੀਗੜ੍ਹ ਸਰਕਲ ਦੇ ਰੱਖਿਆ ਅਸਾਸੇ ਦਫ਼ਤਰ ਦੇ ਦਫ਼ਤਰੀ ਅਤੇ ਰਿਹਾਇਸ਼ੀ ਕੰਪਲੈਕਸ ਦਾ ਨੀਂਹ ਪੱਥਰ ਰੱਖਿਆ ਗਿਆ

**ਚੰਡੀਗੜ੍ਹ/ਪੰਚਕੂਲਾ, 23 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੱਛਮੀ ਕਮਾਨ ਦੇ ਰੱਖਿਆ ਅਸਾਸਿਆਂ ਬਾਰੇ ਪ੍ਰਿੰਸੀਪਲ ਡਾਇਰੈਕਟੋਰੇਟ (ਪੀਡੀਡੀਈ) ਅਤੇ ਚੰਡੀਗੜ੍ਹ ਸਰਕਲ ਦੇ ਰੱਖਿਆ ਅਸਾਸੇ ਦਫ਼ਤਰ ਦੇ ਦਫ਼ਤਰੀ ਅਤੇ ਰਿਹਾਇਸ਼ੀ ਕੰਪਲੈਕਸ ਦਾ ਨੀਂਹ ਪੱਥਰ ਪੰਚਕੂਲਾ ਦੇ ਚੰਡੀਮੰਦਰ ਵਿਖੇ ਸ਼੍ਰੀ ਸੈਲੇਂਦਰ ਨਾਥ ਗੁਪਤਾ, ਆਈਡੀਐਸਈ, ਰੱਖਿਆ ਅਸਾਸਿਆਂ ਦੇ ਡਾਇਰੈਕਟਰ ਜਨਰਲ (ਡੀਜੀਡੀਈ) ਵਲੋਂ ਰੱਖਿਆ ਗਿਆ। ਇਸ ਸਮਾਗਮ ਵਿੱਚ ਸ਼੍ਰੀਮਤੀ ਸ਼ੋਭਾ ਗੁਪਤਾ, ਆਈਡੀਐਸਈ, ਪ੍ਰਿੰਸੀਪਲ ਡਾਇਰੈਕਟਰ, ਰੱਖਿਆ ਅਸਾਸੇ (ਪੀਡੀਡੀਈ), ਪੱਛਮੀ ਕਮਾਨ ਨੇ ਸ਼ਿਰਕਤ ਕੀਤੀ। ਮੁੱਖ ਮਹਿਮਾਨ ਨੇ ਉਦਘਾਟਨੀ ਤਖ਼ਤੀ ਤੋਂ ਪਰਦਾ ਹਟਾਉਣ ਦੀ ਰਸਮ ਵੀ ਅਦਾ ਕੀਤੀ।



ਨੀਂਹ ਪੱਥਰ ਸਮਾਗਮ ਤੋਂ ਬਾਅਦ, ਕੇਂਦਰੀ ਲੋਕ ਨਿਰਮਾਣ ਵਿਭਾਗ (ਸੀਪੀਡਬਲਿਊਡੀ) ਦੇ ਸੀਨੀਅਰ ਅਧਿਕਾਰੀਆਂ ਨੇ ਇੱਕ ਵਿਸਤ੍ਰਿਤ ਪੇਸ਼ਕਾਰੀ ਦਿੱਤੀ, ਜੋ ਕਿ ਲਗਭਗ ?50 ਕਰੋੜ ਦੀ ਅੰਦਾਜ਼ਨ ਲਾਗਤ ਨਾਲ 4.14 ਏਕੜ ਜ਼ਮੀਨ @ਤੇ ਇਸ ਪ੍ਰੋਜੈਕਟ ਨੂੰ ਅਮਲ ਵਿੱਚ ਲਿਆ ਰਿਹਾ ਹੈ। ਸ਼ਹਿਰੀ ਯੋਜਨਾਬੰਦੀ ਅਤੇ ਸਥਿਰਤਾ ਦੇ ਸਾਰੇ ਮਿਆਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦਫ਼ਤਰ ਦੀ ਇਮਾਰਤ, ਰਿਹਾਇਸ਼ੀ ਕੰਪਲੈਕਸ ਅਤੇ ਅਸਥਾਈ ਰਿਹਾਇਸ਼ ਦੀ ਯੋਜਨਾ ਬਣਾਈ ਗਈ ਹੈ। ਇਹ ਅਭਿਲਾਸ਼ੀ ਪ੍ਰੋਜੈਕਟ ਪੱਛਮੀ ਕਮਾਨ ਦੇ ਰੱਖਿਆ ਅਸਾਸੇ ਅਮਲੇ ਲਈ ਮਹੱਤਵਪੂਰਨ ਬੁਨਿਆਦੀ ਢਾਂਚੇ ਦੀ ਘਾਟ ਨੂੰ ਪੂਰਾ ਕਰੇਗਾ, ਉੱਚ ਕਿਰਾਏ ਦੀਆਂ ਲਾਗਤਾਂ ਨੂੰ ਘਟਾਏਗਾ, ਅਤੇ ਸੰਚਾਲਨ ਉਤਪਾਦਕਤਾ, ਭਲਾਈ ਅਤੇ ਜੀਵਨ ਦੀ ਗੁਣਵੱਤਾ ਨੂੰ ਵਧਾਏਗਾ। ਇਸ ਪ੍ਰੋਜੈਕਟ ਦੇ ਦੋ ਸਾਲਾਂ ਦੇ ਅੰਦਰ ਪੂਰਾ ਹੋਣ ਦੀ ਉਮੀਦ ਹੈ।

ਪੱਛਮੀ ਕਮਾਨ ਦਾ ਰੱਖਿਆ ਅਸਾਸਿਆਂ ਦਾ ਪ੍ਰਿੰਸੀਪਲ ਡਾਇਰੈਕਟੋਰੇਟ, ਹਥਿਆਰਬੰਦ ਫੌਜਾਂ ਲਈ ਰਣਨੀਤਕ ਤੌਰ @ਤੇ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਪੱਛਮੀ ਕਮਾਨ ਵਿੱਚ ਰੱਖਿਆ ਭੂਮੀ ਪ੍ਰਬੰਧਨ ਅਤੇ ਛਾਉਣੀ ਪ੍ਰਸ਼ਾਸਨ ਲਈ ਜ਼ਿੰਮੇਵਾਰ ਹੈ। ਇਸਦਾ ਅਧਿਕਾਰ ਖੇਤਰ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਦਿੱਲੀ, ਚੰਡੀਗੜ੍ਹ ਅਤੇ ਜੰਮੂ ਅਤੇ ਕਸ਼ਮੀਰ ਦੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੱਕ ਫੈਲਿਆ ਹੋਇਆ ਹੈ। ਇਹ ਨਵਾਂ ਬੁਨਿਆਦੀ ਢਾਂਚਾ ਇਨ੍ਹਾਂ ਸਾਰੇ ਖੇਤਰਾਂ ਵਿੱਚ ਰੱਖਿਆ ਅਸਾਸੇ ਕਾਰਜਾਂ ਨੂੰ ਹੋਰ ਵੀ ਅਸਰਦਾਰ ਢੰਗ ਨਾਲ ਚਲਾਉਣ ਵਿੱਚ ਸਹਾਇਤਾ ਕਰੇਗਾ। ਆਪਣੇ ਸੰਬੋਧਨ ਵਿੱਚ, ਡੀਜੀਡੀਈ ਸ਼੍ਰੀ ਸੈਲੇਂਦਰ ਨਾਥ ਗੁਪਤਾ ਨੇ ਰੱਖਿਆ ਮੰਤਰਾਲੇ ਅਤੇ ਫੌਜ ਦੇ ਪੱਛਮੀ ਕਮਾਨ ਦੇ ਮੁੱਖ ਦਫਤਰ ਦਾ ਇਸ ਜ਼ਰੂਰੀ ਬੁਨਿਆਦੀ ਢਾਂਚੇ ਦੀ ਜ਼ਰੂਰਤ ਨੂੰ ਪਛਾਣਨ ਅਤੇ ਸਮੇਂ ਸਿਰ ਪ੍ਰਵਾਨਗੀਆਂ ਪ੍ਰਦਾਨ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਪੀਡੀਡੀਈ, ਪੱਛਮੀ ਕਮਾਨ ਅਤੇ ਉਨ੍ਹਾਂ ਦੀ ਪੂਰੀ ਟੀਮ ਨੂੰ ਵਧਾਈ ਦਿੱਤੀ, ਜਿਨ੍ਹਾਂ ਦੀ ਪਿਛਲੇ ਚਾਰ ਸਾਲਾਂ ਤੋਂ ਲਗਾਤਾਰ ਮਿਹਨਤ ਕਾਰਨ ਇਹ ਸਫਲ ਨਤੀਜਾ ਆਇਆ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਅਧਿਕਾਰੀਆਂ ਅਤੇ ਆਲਮੀ ਵਿੱਚ ਬਿਹਤਰ ਕਾਰਜਸ਼ੀਲਤਾ ਅਤੇ ਸਿਖਰ ਤਾਲਮੇਲ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਪ੍ਰੋਜੈਕਟ ਨਾ ਸਿਰਫ਼ ਮੌਜੂਦਾ ਚੁਣੌਤੀਆਂ ਨੂੰ ਹੱਲ ਕਰੇਗਾ ਬਲਕਿ ਭਵਿੱਖ ਦੀਆਂ ਲੋੜਾਂ ਲਈ ਇੱਕ ਮਜ਼ਬੂਤ ਬੁਨਿਆਦ ਵੀ ਬਣਾਏਗਾ।

ਪ੍ਰਧਾਨ ਨਿਰਦੇਸ਼ਕ ਸ਼੍ਰੀਮਤੀ ਸ਼ੋਭਾ ਗੁਪਤਾ ਨੇ ਇਸ ਮੌਕੇ @ਤੇ ਚਾਨਣਾ ਪਾਉਂਦਿਆਂ ਜ਼ਿਕਰ ਕੀਤਾ ਕਿ ਸ਼ਿਮਲਾ ਤੋਂ ਚੰਡੀਗੜ੍ਹ ਤਬਦੀਲ ਹੋਣ ਤੋਂ ਬਾਅਦ, ਵਿਭਾਗ ਲਗਭਗ ਚਾਰ ਦਹਾਕਿਆਂ ਤੋਂ ਵੱਖ-ਵੱਖ ਥਾਵਾਂ @ਤੇ ਅਸਥਾਈ ਦਫਤਰਾਂ ਤੋਂ ਕੰਮ ਕਰ ਰਿਹਾ ਸੀ। ਹਾਲਾਂਕਿ ਵਰਤਮਾਨ ਵਿੱਚ ਕੇਂਦਰੀ ਸਦਨ ਵਿੱਚ ਸਥਿਤ ਹੈ, ਉਨ੍ਹਾਂ ਨੇ ਕੁਸ਼ਲ ਕੰਮ ਕਰਨ ਲਈ ਲੋੜੀਂਦੀ ਜਗ੍ਹਾ ਦੀ ਘਾਟ ਵੱਲ ਇਸ਼ਾਰਾ ਕੀਤਾ। ਉਨ੍ਹਾਂ ਨੇ ਸਵਾਗਤਯੋਗ ਖ਼ਬਰ ਸਾਂਝੀ ਕੀਤੀ ਕਿ ਦਫ਼ਤਰ ਨੂੰ ਹੁਣ 4 ਏਕੜ ਦਾ ਸਥਾਨ ਅਲਾਟ ਕੀਤਾ ਗਿਆ ਹੈ, ਜੋ ਸਾਰੀਆਂ ਇਕਾਈਆਂ ਨੂੰ ਇੱਕ ਕੈਂਪਸ ਵਿੱਚ ਏਕੀਕਰਨ ਦੇ ਯੋਗ ਬਣਾਏਗਾ।

# ਜ਼ਿਲ੍ਹਾ ਸਕੂਲ ਖੇਡਾਂ 'ਚ ਰਾਈਫ਼ਲ ਸ਼ੂਟਿੰਗ ਦੇ ਮੁਕਾਬਲੇ ਕਰਵਾਏ



**ਪਟਿਆਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਖੇਡ ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਸੰਜੀਵ ਸ਼ਰਮਾ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਪਟਿਆਲਾ ਅਤੇ ਡਾ. ਰਵਿੰਦਰ ਪਾਲ ਸਿੰਘ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਦਿਸ਼ਾ ਨਿਰਦੇਸ਼ ਅਤੇ ਪ੍ਰਬੰਧਕ ਸਕੱਤਰ ਡਾ: ਦਲਜੀਤ ਸਿੰਘ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਤੇ ਸਕੱਤਰ ਜ਼ਿਲ੍ਹਾ ਟੂਰਨਾਮੈਂਟ ਚਰਨਜੀਤ ਸਿੰਘ ਭੁੱਲਰ ਦੇ ਤਾਲਮੇਲ ਨਾਲ 69ਵੀਆਂ ਜ਼ਿਲ੍ਹਾ ਸਕੂਲ ਖੇਡਾਂ ਕਰਵਾਈਆਂ ਜਾ ਰਹੀਆਂ ਹਨ।

ਜ਼ਿਲ੍ਹਾ ਟੂਰਨਾਮੈਂਟ ਕਮੇਟੀ ਦੇ ਸਕੱਤਰ ਚਰਨਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਰਾਈਫਲ ਸ਼ੂਟਿੰਗ ਦੇ ਮੁਕਾਬਲੇ ਸੰਧੂ ਸ਼ੂਟਿੰਗ ਅਕੈਡਮੀ ਵਿਖੇ ਕਰਵਾਏ ਗਏ। ਜ਼ਿਲ੍ਹਾ ਟੂਰਨਾਮੈਂਟ ਸਕੱਤਰ ਚਰਨਜੀਤ ਸਿੰਘ ਭੁੱਲਰ ਉਚੇਚੇ ਤੋਰ ਤੇ ਸੰਧੂ ਸ਼ੂਟਿੰਗ ਅਕੈਡਮੀ ਵਿਖੇ ਪਹੁੰਚ ਕੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਤੇ ਖੇਡ ਕਨਵੀਨਰ ਰਾਜ ਕੁਮਾਰ ਪ੍ਰਿੰਸੀਪਲ ਨੋਗਾਵਾਂ, ਭੁਪਿੰਦਰ ਸਿੰਘ ਸੰਧੂ, ਜਸਵਿੰਦਰ ਸਿੰਘ ਚੱਪੜ ਜ਼ੋਨਲ ਸਕੱਤਰ ਘਨੌਰ, ਬਲਵਿੰਦਰ ਸਿੰਘ ਜੱਸਲ ਜ਼ੋਨਲ ਸਕੱਤਰ ਪਟਿਆਲਾ 2, ਤਰਸੇਮ ਸਿੰਘ ਜ਼ੋਨਲ ਸਕੱਤਰ ਭੁਨਰਹੇੜੀ, ਵਿਜੇ ਕੁਮਾਰ, ਜੈਤਸ਼ਾਹੂਦੀਪ ਸਿੰਘ ਗਰੇਵਾਲ, ਅਰੁਣ ਕੁਮਾਰ, ਮੋਹਿਤ ਕੁਮਾਰ, ਬਲਕਾਰ ਸਿੰਘ, ਰਾਜਨ ਕੁਮਾਰ, ਚਮਕੌਰ ਸਿੰਘ, ਰੁਪਿੰਦਰ ਕੌਰ, ਨਿਧੀ ਸ਼ਰਮਾ, ਬੁੱਧ ਰਾਮ, ਸੁੱਚਾ ਸਿੰਘ, ਰਾਜਿੰਦਰ ਸਿੰਘ ਚਾਨੀ, ਗੁਰਪ੍ਰੀਤ ਸਿੰਘ ਝੰਡਾ ਤੇ ਜਸਵਿੰਦਰ ਸਿੰਘ ਗੱਜੂਮਾਜਰਾ ਹਾਜ਼ਰ ਸਨ।

# ਝੋਨੇ ਦੀ ਨਿਰਵਿਘਨ ਤੇ ਸੁਚਾਰੂ ਖ਼ਰੀਦ ਦੀ ਰਵਾਇਤ ਇਸ ਸਾਲ ਵੀ ਬਰਕਰਾਰ ਰੱਖਾਂਗੇ: ਮੁੱਖ ਮੰਤਰੀ



**ਚੰਡੀਗੜ੍ਹ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿਛਲੇ ਤਿੰਨ ਸਾਲਾਂ ਦੌਰਾਨ ਕਿਸਾਨਾਂ ਨੂੰ ਫ਼ਸਲ ਵੇਚਣ ਵਿੱਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਾ ਆਉਣ ਦੇਣ ਦਾ ਦਾਅਵਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਸੂਬਾ ਸਰਕਾਰ ਪੰਜਾਬ ਵਿੱਚ ਸੁਚਾਰੂ ਤੇ ਸਮਾਂਬੱਧ ਖ਼ਰੀਦ ਦਾ ਇਤਿਹਾਸ ਦੁਹਰਾਏਗੀ।

ਇੱਥੇ ਮੀਟਿੰਗ ਦੌਰਾਨ ਸੂਬੇ ਵਿੱਚ ਚੱਲ ਰਹੇ ਖ਼ਰੀਦ ਕਾਰਜਾਂ ਦੀ ਸਮੀਖਿਆ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਕ ਪਾਸੇ ਝੋਨੇ ਦੀ ਸੁਚਾਰੂ ਤੇ ਫੌਰੀ ਖ਼ਰੀਦ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਹਰੇਕ ਹੰਭਲਾ ਮਾਰ ਰਹੀ ਹੈ, ਉੱਥੇ ਦੂਜੇ ਪਾਸੇ ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਕੀਤੀ ਜਾ ਰਹੀ ਹੈ। ਉਨ੍ਹਾਂ ਸਪੱਸ਼ਟ ਤੌਰ ਉੱਤੇ ਆਖਿਆ ਕਿ ਸੂਬੇ ਦੇ ਕਿਸਾਨਾਂ ਨੂੰ ਆਪਣੀ ਫ਼ਸਲ ਵੇਚਣ ਲਈ ਮੰਡੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਹੀਂ ਆਉਣੀ ਚਾਹੀਦੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਝੋਨੇ ਦੀ ਖ਼ਰੀਦ 15 ਸਤੰਬਰ ਤੋਂ ਸ਼ੁਰੂ ਹੋ ਗਈ ਹੈ ਅਤੇ 175 ਲੱਖ ਮੀਟਰਿਕ ਟਨ ਝੋਨੇ ਦੀ ਖ਼ਰੀਦ ਲਈ ਪਹਿਲਾਂ ਹੀ ਵਿਆਪਕ ਪ੍ਰਬੰਧ ਕੀਤੇ ਗਏ ਹਨ।

ਝੋਨੇ ਦੀ ਸੁਚਾਰੂ ਤੇ ਨਿਰਵਿਘਨ ਖ਼ਰੀਦ ਦੀ ਵਕਾਲਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਕਿਸਾਨਾਂ ਦੀ ਮਿਹਨਤ ਨਾਲ ਪਾਲੀ ਫ਼ਸਲ ਦਾ ਦਾਣਾ-ਦਾਣਾ ਖ਼ਰੀਦਿਆ ਜਾਵੇਗਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਕਿਸੇ ਕਿਸਾਨ ਨੂੰ ਦਿੱਕਤ ਦਾ ਸਾਹਮਣਾ ਕਰਨਾ ਪਿਆ ਤਾਂ ਸਬੰਧਤ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸੂਬਾਈ ਖ਼ਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਮੌਜੂਦਾ ਸੀਜ਼ਨ ਵਿੱਚ ਝੋਨੇ ਦੀ ਖ਼ਰੀਦ ਲਈ ਪੂਰੀ ਤਰ੍ਹਾਂ ਮੁਸਤੈਦ ਰਹਿਣ। ਉਨ੍ਹਾਂ ਕਿਹਾ ਕਿ ਪੰਜਾਬ ਮੰਡੀ ਬੋਰਡ ਨੇ ਸਾਉਣੀ ਖ਼ਰੀਦ ਸੀਜ਼ਨ 2025-26 ਵਿੱਚ ਝੋਨੇ ਦੀ ਖ਼ਰੀਦ ਲਈ 1822 ਰੈਗੂਲਰ ਖ਼ਰੀਦ ਕੇਂਦਰ ਨੋਟੀਫਾਈ ਕੀਤੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਰੀਆਂ ਨੋਟੀਫਾਈਡ ਮੰਡੀਆਂ ਖ਼ੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ ਨੂੰ ਅਲਾਟ ਕੀਤੀਆਂ ਗਈਆਂ ਹਨ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਫ਼ਸਲ ਨੂੰ ਪੂਰੀ ਤਰ੍ਹਾਂ ਸੁਕਾ ਕੇ ਮੰਡੀਆਂ ਵਿੱਚ ਲਿਆਉਣ ਤਾਂ ਕਿ ਉਨ੍ਹਾਂ ਨੂੰ ਫ਼ਸਲ ਵੇਚਣ ਵਿੱਚ ਬੇਲੋੜੀ ਦੇਰੀ ਦਾ ਸਾਹਮਣਾ ਨਾ ਕਰਨਾ ਪਵੇ।

ਝੋਨੇ ਦਾ ਦਾਣਾ-ਦਾਣਾ ਖ਼ਰੀਦਣ ਦੀ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਸਮੁੱਚੀ ਖ਼ਰੀਦ ਪ੍ਰਕਿਰਿਆ ਦੀ ਨਿੱਜੀ ਤੌਰ ਉੱਤੇ ਨਿਗਰਾਨੀ ਕਰਨਗੇ ਤਾਂ ਕਿ ਕਿਸਾਨਾਂ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪੰਜਾਬ ਵਿੱਚ ਫ਼ਸਲ ਖ਼ਰੀਦ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਕਈ ਮਿਸਾਲੀ ਪਹਿਲਕਦਮੀਆਂ ਕੀਤੀਆਂ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਰੇਕ ਪੱਧਰ ਉੱਤੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਸੂਬੇ ਭਰ ਦੀਆਂ ਮੰਡੀਆਂ ਵਿੱਚ ਸੁਚਾਰੂ ਤੇ ਨਿਰਵਿਘਨ ਖ਼ਰੀਦ ਅਤੇ ਖ਼ਰੀਦੇ ਝੋਨੇ ਦੀ ਚੁਕਾਈ ਤੇਜ਼ੀ ਨਾਲ ਯਕੀਨੀ ਬਣਾਉਣ ਦੀ ਲੋੜ ਉੱਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦਾ ਝੋਨਾ ਬਿਨਾਂ ਕਿਸੇ ਦੇਰੀ ਦੇ ਖ਼ਰੀਦਿਆ ਅਤੇ ਚੁੱਕਿਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮੁੱਚੀ ਖ਼ਰੀਦ ਪ੍ਰਕਿਰਿਆ ਕਿਸਾਨਾਂ ਨੂੰ ਕੋਈ ਪ੍ਰੇਸ਼ਾਨੀ ਦਿੱਤੇ ਬਗ਼ੈਰ ਨੇਪਰੇ ਚਾੜ੍ਹੀ ਜਾਵੇਗੀ।

# ਪਹਿਲੇ ਵਿਸ਼ਵ ਪੰਜਾਬੀ ਦਿਵਸ ਮੌਕੇ ਬੁੱਧੀਜੀਵੀਆਂ ਸਿੱਖਿਆ ਸ਼ਾਸਤਰੀਆਂ ਪੱਤਰਕਾਰਾਂ ਅਤੇ ਲੇਖਕਾਂ ਦਾ ਸਨਮਾਨ

**➤ ਭਾਸ਼ਾ ਵਿਭਾਗ ਹਰਇਕ ਸਾਲ 23 ਸਤੰਬਰ ਨੂੰ ਮਨਾਇਆ ਕਰੇਗਾ ਵਿਸ਼ਵ ਪੰਜਾਬੀ ਦਿਵਸ : ਜਫਰ ➤ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਤਨੋ-ਮਨੋ-ਧਨੋ ਬਚਨ ਵੱਧ : ਡਾ. ਧੂਰੀ**



**ਪਟਿਆਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਜਫਰ ਨੇ ਇਥੇ ਇੱਕ ਸਮਾਗਮ ਦੌਰਾਨ ਕਿਹਾ ਕਿ ਭਾਸ਼ਾ ਵਿਭਾਗ ਪੰਜਾਬ ਆਉਣ ਵਾਲੇ ਸਮੇਂ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਇਆ ਕਰੇਗਾ।

ਸ੍ਰੀ ਜਫਰ ਨੇ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ, 'ਆਪਣਾ ਪੰਜਾਬ ਫਾਊਂਡੇਸ਼ਨ' ਵੱਲੋਂ ਕਰਵਾਏ ਗਏ ਪਹਿਲੇ ਵਿਸ਼ਵ ਪੰਜਾਬੀ ਦਿਵਸ ਮੌਕੇ ਕੀਤਾ। ਬਤੌਰ ਮੁੱਖ ਮਹਿਮਾਨ ਪਹੁੰਚੇ ਸ੍ਰੀ ਜਸਵੰਤ ਜਫਰ ਨੇ ਕਿਹਾ ਕਿ ਅਸੀਂ ਪੰਜਾਬੀ ਵਿੱਚ ਸਾਹਿਤ ਰੱਚ ਕੇ ਇਸ ਦੀ ਸੇਵਾ ਨਹੀਂ ਕਰ ਰਹੇ ਬਲਕਿ ਪੰਜਾਬੀ ਭਾਸ਼ਾ ਦੀ ਵਰਤੋਂ ਕਰ ਰਹੇ ਹਾਂ।

ਉਹਨਾਂ ਕਿਹਾ ਪੰਜਾਬੀ ਭਾਸ਼ਾ ਦੀ ਅਸਲ ਸੇਵਾ ਉਸ ਨੂੰ ਸਮੇਂ ਦੇ ਹਾਣ ਦਾ ਬਣਾਉਣਾ ਹੈ ਉਹਨਾਂ ਕਿਹਾ ਕਿ ਅੱਜ ਇਹ ਏਆਈ ਦੇ ਯੁਗ ਵਿੱਚ ਜਿੰਨਾ ਵੀ ਹੋ ਸਕੇ ਪੰਜਾਬੀ ਭਾਸ਼ਾ ਦੀਆਂ ਲਿਖਤਾਂ ਨੂੰ ਵਿਸ਼ਵ ਭਰ ਵਿੱਚ ਪਹੁੰਚਾਉਣ ਲਈ ਗੂਗਲ ਤੇ ਪਾਉਣ ਦੀ ਜਰੂਰਤ ਹੈ, ਇਸ ਕਾਰਜ ਵਿੱਚ ਅਸੀਂ ਪੰਜਾਬੀ ਲੋਕ ਬਹੁਤ ਪਛੜੇ ਹੋਏ।

ਇਸ ਤੋਂ ਪਹਿਲਾਂ ਬੋਲਦੇ ਆਂ ਆਪਣਾ ਪੰਜਾਬ ਫਾਊਂਡੇਸ਼ਨ ਤੇ ਪ੍ਰਧਾਨ ਅਤੇ ਸੰਚਾਲਕ ਡਾਕਟਰ ਜਗਜੀਤ ਸਿੰਘ ਧੂਰੀ ਨੇ ਦੱਸਿਆ ਕਿ ਕੁਝ ਸਮਾਂ ਪਹਿਲਾਂ ਦੇਸ਼ ਭਰ ਵਿੱਚ ਹਿੰਦੀ ਦਿਵਸ ਮਨਾਇਆ ਗਿਆ ਸੀ ਉਸ ਤੋਂ ਬਾਅਦ ਉਹਨਾਂ ਦੇ ਮਨ ਵਿੱਚ ਇਹ ਖਿਆਲ ਆਇਆ ਕਿ ਪੰਜਾਬੀ ਦਿਵਸ ਵੀ ਮਨਾਇਆ ਜਾਣਾ ਚਾਹੀਦਾ ਹੈ ਇਸੇ ਸੰਕਲਪ ਤਹਿਤ ਉਹਨਾਂ ਨੇ ਬਾਬਾ ਫਰੀਦ ਜੀ ਦੇ ਆਗਮਨ ਦਿਵਸ 23 ਸਤੰਬਰ ਨੂੰ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਏ ਜਾਣ ਦਾ ਅਹਿਦ ਲਿਆ ਅਤੇ ਆਪਣਾ ਪੰਜਾਬ ਫਾਊਂਡੇਸ਼ਨ ਨੇ ਵਿਸ਼ਵ ਪੰਜਾਬੀ ਦਿਵਸ ਮਨਾਉਣ ਵਿੱਚ ਪਹਿਲ ਕੀਤੀ ਹੈ।ਉਹਨਾਂ ਕਿਹਾ ਕਿ ਅੱਜ 23 ਸਤੰਬਰ ਨੂੰ ਪੰਜਾਬ ਦੇ ਬਹੁਤ ਸਾਰੇ ਸਕੂਲਾਂ ਵਿਚ ਵਿਸ਼ਵ ਪੰਜਾਬੀ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ ਉਹਨਾਂ ਭਰੋਸਾ ਪ੍ਰਗਟਾਇਆ ਕਿ ਭਵਿੱਖ ਵਿੱਚ 23 ਸਤੰਬਰ ਨੂੰ ਪੂਰੇ ਵਿਸ਼ਵ ਦੇ ਵਿੱਚ ਬਤੌਰ ਪੰਜਾਬੀ ਦਿਵਸ ਮਨਾਇਆ ਜਾਇਆ ਕਰੇਗਾ ਇਸ ਦਾ ਹੋਕਾ ਉਹ ਸੰਚਾਰ ਦੇ ਸਾਰੇ ਮਾਧਿਅਮਾ ਰਾਹੀਂ ਪੂਰੇ ਵਿਸ਼ਵ ਵਿੱਚ ਦੇਣਗੇ। ਉਹਨਾਂ ਕਿਹਾ ਕਿ ਉਹ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਤਨੋ ਮਨੋ ਅਤੇ ਧਨੋ ਹਰ ਇੱਕ ਤਰ੍ਹਾਂ ਦੀ ਸੇਵਾ ਲਈ ਵਚਨ ਵੱਧ ਹਨ।

ਉੱਘੇ ਸਿੱਖ ਚਿੰਤਕ ਹਰਪਾਲ ਸਿੰਘ ਪੰਨੂ ਨੇ ਇਸ ਮੌਕੇ ਬਾਬਾ ਫਰੀਦ ਜੀ ਦੇ ਜਨਮ ਨਾਲ ਸਬੰਧਤ ਮਿਲਦੀਆਂ ਸਾਖੀਆਂ ਸੁਣਾ ਕੇ ਇਸ ਦਿਨ ਦੀ ਮਹੱਤਤਾ ਦੱਸੀ।

ਸਵਰਨਜੀਤ ਸਵੀ ਅਜੋਕੇ ਯੁਗ ਵਿੱਚ ਏਆਈ ਰਾਹੀਂ ਪੰਜਾਬੀ ਭਾਸ਼ਾ ਨੂੰ ਸਮੁੱਚੇ ਵਿਸ਼ਵ ਵਿੱਚ ਪਹੁੰਚਾਉਣ ਦਾ ਸੱਦਾ ਦਿੱਤਾ। ਮਨਜੀਤ ਸਿੱਧੂ ਨੇ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਆਪਣੇ ਖੇਤਰ ਦੇ ਵਿੱਚੋਂ ਅਧਿਆਪਕਾਂ ਦੀ ਚੋਣ ਕਰਨ ਤਾਂ ਜੋ ਉਹਨਾਂ ਦੇ ਬੱਚੇ ਕੇਵਲ ਪੰਜਾਬੀ ਹੀ ਨਾ ਸਿੱਖਣ ਸਗੋਂ ਆਪਣੇ ਖੇਤਰ ਦੇ ਸੱਭਿਆਚਾਰ ਤੋਂ ਵੀ ਜਾਣੂ ਹੋ ਸਕਣ। ਸਮਾਗਮ ਦੇ ਸ਼ੁਰੂਆਤ ਵਿੱਚ ਕਮਲਜੀਤ ਸਿੰਘ ਢੀਂਡਸਾ ਵੱਲੋਂ ਸਾਰਿਆਂ ਨੂੰ ਜੀ ਆਇਆ ਕਿਹਾ ਗਿਆ ਜਦੋਂ ਕਿ ਆਪਣਾ ਪੰਜਾਬ ਫਾਊਂਡੇਸ਼ਨ ਦੇ ਪਟਿਆਲਾ ਤੋਂ ਪ੍ਰਧਾਨ ਭੁਪਿੰਦਰ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਉੱਘੇ ਬੁੱਧੀਜੀਵੀਆਂ ਅਤੇ ਸਮਾਗਮ ਦੌਰਾਨ ਸਿੱਖਿਆ ਸ਼ਾਸਤਰੀ ਲੇਖਕਾਂ ਹਰਪਾਲ ਸਿੰਘ, ਡਾਕਟਰ ਭੀਮ ਇੰਦਰ ਸਿੰਘ, ਡਾਕਟਰ ਕੁਲਦੀਪ ਸਿੰਘ ਦੀਪ, ਜਗਦੀਸ਼ ਕੁਲਰੀਆਂ ਮਾਲਵਿੰਦਰ ਸਿੰਘ ਬੀਰ ਇੰਦਰ ਸਿੰਘ ਦਾ ਸਨਮਾਨ ਵੀ ਕੀਤਾ ਗਿਆ

# ਜ਼ਿਲ੍ਹਾ ਅਯੁਰਵੇਦਾ ਦਿਵਸ ਮੌਕੇ ਖ਼ੂਨਦਾਨ ਕੈਂਪ ਲਗਾਇਆ: ਜਸਬੀਰ ਸਿੰਘ ਗਾਂਧੀ




**ਪਟਿਆਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਯਨੂੰਰਵੇਦਾ ਦਿਵਸ ਨੂੰ ਯਾਦ ਕਰਦਿਆਂ ਡਾਕਟਰ ਬਲਵੀਰ ਸਿੰਘ ਸਿਹਤ ਮੰਤਰੀ ਪੰਜਾਬ ਦੇ ਯਤਨਾਂ ਦੇ ਸਦਕਾ ਡਾਕਟਰ ਮੋਹਨ ਲਾਲ ਅੱਜ ਜ਼ਿਲ੍ਹਾ ਆਯੁਰਵੈਦਿਕ ਆਫਿਸਰ ਨੇ ਜਿਲਾ ਪਟਿਆਲਾ ਹਸਪਤਾਲ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਵਿੱਚ ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਦੇ ਦਫਤਰ ਇੰਚਾਰਜ ਜਸਬੀਰ ਸਿੰਘ ਗਾਂਧੀ ਨੇ ਖ਼ੂਨਦਾਨ ਕੈਂਪ ਦਾ ਉਦਘਾਟਨ ਕੀਤਾ ਤੇ ਡਾਕਟਰ ਅਨਿਲ ਗਰਗ ਸਾਬਕਾ ਆਯੂਰਵੈਦਿਕ ਜ਼ਿਲ੍ਹਾ ਇੰਚਾਰਜ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। 125 ਵਲੰਟੀਅਰਾਂ ਨੇ ਕੈਂਪ ਵਿੱਚ ਖ਼ੂਨਦਾਨ ਕੀਤਾ। ਜਸਵੀਰ ਗਾਂਧੀ ਨੇ ਦੱਸਿਆ ਇਹੋ ਜਿਹੇ ਕੈਂਪ ਬੜੇ ਲਾਹੇਵੰਦ ਹੁੰਦੇ ਹਨ ਅਤੇ ਦਾਨ ਕੀਤਾ ਖ਼ੂਨ ਕਈ ਸੀਰੀਅਸ ਮਰੀਜ਼ਾਂ ਦੀ ਜਾਨ ਬਚਾਉਣ ਵਿੱਚ ਸਹਾਇਕ ਹੁੰਦਾ ਹੈ। ਖ਼ੂਨਦਾਨ ਇੱਕ ਮਹਾਨ ਦਾਨ ਹੈ।

ਇਸ ਮੌਕੇ ਟੀਮ ਵਿੱਚ ਡਾਕਟਰ ਮਨਪ੍ਰੀਤ ਕੌਰ ਆਯੁਰਵੈਦਿਕ ਮੈਡੀਕਲ ਅਫਸਰ, ਸਹਾਇਕ ਮੈਡੀਕਲ ਅਫਸਰ ਵਿਜੇਤਾ, ਸਹਾਇਕ ਸਕੱਤਰ ਪੂਨਮ, ਡਾ. ਅਨੁਸ਼ਾਰਦਾ ਐਸ ਐਮ ਓ ਨਾਭਾ, ਡਾ. ਗੁਰਮੀਤ ਸਿੰਘ ਅਤੇ ਸੁਪਰਡੈਂਟ ਮੋਹਨ ਪ੍ਰਕਾਸ਼ ਨੇ ਵੀ ਆਪਣੀ ਭੂਮਿਕਾ ਨਿਭਾਈ।

# ਸਰਸ ਮੇਲਾ-2025 ਲੁਧਿਆਣਾ ਦੇ ਸਥਾਨਕ ਨੌਜਵਾਨਾਂ ਅਤੇ ਉੱਭਰ ਰਹੇ ਕਲਾਕਾਰਾਂ ਨੂੰ ਪਲੇਟਫਾਰਮ ਪ੍ਰਦਾਨ ਕਰੇਗਾ

**ਲੁਧਿਆਣਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਪ੍ਰਸ਼ਾਸਨ 4 ਤੋਂ 13 ਅਕਤੂਬਰ ਤੱਕ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਵਿਖੇ ਹੋਣ ਵਾਲੇ ਸਾਰਸ ਮੇਲਾ 2025 ਵਿੱਚ ਸ਼ਹਿਰ ਦੇ ਉੱਭਰ ਰਹੇ ਸਿਤਾਰਿਆਂ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਦਾ ਜਸ਼ਨ ਮਨਾਉਣ ਲਈ ਤਿਆਰ ਹੈ। ਇਸ ਜੀਵੰਤ ਤਿਉਹਾਰ ਦਾ ਉਦੇਸ਼ ਲੁਧਿਆਣਾ ਦੇ ਨੌਜਵਾਨਾਂ ਅਤੇ ਉੱਭਰ ਰਹੇ ਕਲਾਕਾਰਾਂ ਦੀ ਪ੍ਰਤਿਭਾ ਨੂੰ ਉਤਸ਼ਾਹਿਤ ਕਰਨਾ ਹੈ।

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਤੇ ਮੇਲਾ ਅਫਸਰ ਅਮਰਜੀਤ ਬੈਂਸ, ਜਿਨ੍ਹਾਂ ਨੇ ਸੱਭਿਆਚਾਰਕ ਕਮੇਟੀ ਦੀ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ, ਨੇ ਕਿਹਾ ਕਿ ਸਥਾਨਕ ਕਲਾਕਾਰਾਂ ਨੂੰ ਸਸ਼ਕਤ ਬਣਾਉਣ ਲਈ ਇੱਕ ਪ੍ਰੇਰਨਾਦਾਇਕ ਦ੍ਰਿਸ਼ਟੀਕੋਣ ਤਿਆਰ ਕੀਤਾ ਗਿਆ ਹੈ। ਸਾਰਸ ਮੇਲਾ ਉਭਰ ਰਹੇ ਸੰਗੀਤਕਾਰਾਂ, ਗਾਇਕਾਂ ਅਤੇ ਕਲਾਕਾਰਾਂ ਨੂੰ ਆਪਣੀ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਮੰਚ ਪ੍ਰਦਾਨ ਕਰੇਗਾ, ਦਰਸ਼ਕਾਂ ਨੂੰ ਮੋਹਿਤ ਕਰਨ ਲਈ ਆਪਣੀ ਪ੍ਰਤਿਭਾ ਨੂੰ ਵਧਾਏਗਾ। ਇਸ ਤੋਂ ਇਲਾਵਾ ਸਥਾਨਕ ਸਵੈ-ਸਹਾਇਤਾ ਸਮੂਹ ਹੱਥ ਨਾਲ ਬਣੀਆਂ ਸ਼ਿਲਪਾਂ ਤੋਂ ਲੈ ਕੇ ਨਵੀਨਤਾਕਾਰੀ ਰਚਨਾਵਾਂ ਤੱਕ ਵਿਲੱਖਣ ਉਤਪਾਦਾਂ ਦੀ ਇੱਕ ਲੜੀ ਵੀ ਪ੍ਰਦਰਸ਼ਿਤ ਕਰਨਗੇ, ਜੋ ਕਾਰੀਗਰਾਂ ਨੂੰ ਸਿੱਧੇ ਦਰਸ਼ਕਾਂ ਨਾਲ ਜੋੜਨਗੇ।

ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਗਿੱਧਾ, ਭੰਗੜਾ ਅਤੇ ਰੂਹਾਨੀ ਲੋਕ ਗੀਤਾਂ ਵਰਗੇ ਪ੍ਰਸਿੱਧ ਕਲਾ ਰੂਪਾਂ ਨੂੰ ਵੀ ਜੀਵਨ ਵਿੱਚ ਲਿਆਉਣਗੇ, ਜੋ ਇਸ ਖੇਤਰ ਦੀ ਸੱਭਿਆਚਾਰਕ ਵਿਰਾਸਤ ਦਾ ਜਸ਼ਨ ਮਨਾਉਂਦੇ ਹਨ। ਇਸ ਸ਼ਾਨਦਾਰ ਵਿੱਚ ਵਾਧਾ ਕਰਦੇ ਹੋਏ, ਭਾਰਤ ਭਰ ਤੋਂ ਲਗਭਗ 1,000 ਕਾਰੀਗਰ 500 ਸਟਾਲਾਂ 'ਤੇ ਆਪਣੀ ਕਾਰੀਗਰੀ ਪੇਸ਼ ਕਰਨਗੇ, ਜੋ ਕਿ ਦੁਰਲੱਭ ਦਸਤਕਾਰੀ, ਰਵਾਇਤੀ ਕਲਾਕ੍ਰਿਤੀਆਂ ਅਤੇ ਹੱਥ ਨਾਲ ਬਣੇ ਸਮਾਨਾਂ ਦੀ ਇੱਕ ਸ਼ਾਨਦਾਰ ਕਿਸਮ ਦੀ ਪੇਸ਼ਕਸ਼ ਕਰਨਗੇ।

ਇਸ ਤੋਂ ਇਲਾਵਾ ਮੇਲੇ ਵਿੱਚ ਸੱਭਿਆਚਾਰਕ ਪ੍ਰਦਰਸ਼ਨਾਂ ਦੀ ਇੱਕ ਸ਼ਾਨਦਾਰ ਸ਼੍ਰੇਣੀ ਪੇਸ਼ ਕੀਤੀ ਜਾਵੇਗੀ, ਜਿਸ ਵਿੱਚ ਉੱਤਰੀ ਜ਼ੋਨ ਸੱਭਿਆਚਾਰਕ ਕੇਂਦਰ ਦੇ ਕਲਾਕਾਰਾਂ ਦੁਆਰਾ ਪੇਸ਼ ਕੀਤੇ ਗਏ ਸੰਗੀਤ, ਨਾਚ ਅਤੇ ਕਲਾ ਰੂਪ ਸ਼ਾਮਲ ਹਨ। ਭੋਜਨ ਪ੍ਰੇਮੀ ਗੁਜਰਾਤ, ਰਾਜਸਥਾਨ, ਹਰਿਆਣਾ, ਹਿਮਾਚਲ ਪ੍ਰਦੇਸ਼, ਪੰਜਾਬ ਦੇ ਖੇਤਰੀ ਅਤੇ ਅੰਤਰਰਾਸ਼ਟਰੀ ਪਕਵਾਨਾਂ, ਸਟ੍ਰੀਟ ਫੂਡ, ਦੱਖਣੀ ਭਾਰਤੀ ਪਕਵਾਨਾਂ, ਅਤੇ ਇੱਥੋਂ ਤੱਕ ਕਿ ਚੀਨੀ ਪਕਵਾਨਾਂ ਦੀ ਵਿਸ਼ੇਸ਼ਤਾ ਵਾਲੇ ਵਿਭਿੰਨ ਭੋਜਨ ਦੇ ਸੁਆਦ ਨਾਲ ਖੁਸ਼ ਹੋਣਗੇ, ਜੋ ਸਾਰਿਆਂ ਲਈ ਭੋਜਨ ਯਾਤਰਾ ਨੂੰ ਯਕੀਨੀ ਬਣਾਉਂਦੇ ਹਨ। ਹਰ ਸ਼ਾਮ ਮੇਲਾ ਸਟਾਰ ਨਾਈਟਸ ਦੀ ਮੇਜ਼ਬਾਨੀ ਕਰੇਗਾ, ਜਿਸ ਵਿੱਚ ਪ੍ਰਸਿੱਧ ਗਾਇਕਾਂ ਦੁਆਰਾ ਪ੍ਰਦਰਸ਼ਨ ਕੀਤੇ ਜਾਣਗੇ, ਜੋ ਦਰਸ਼ਕਾਂ ਲਈ ਅਭੁੱਲ ਅਨੁਭਵ ਪੈਦਾ ਕਰਨਗੇ।

# ਪਰਿਵਾਰ ਨਾਲ ਕੁੱਟਮਾਰ ਕਰਨ ਦੇ ਮਾਮਲੇ 'ਚ ਮਾਂ-ਪੁੱਤ ਸਮੇਤ ਪੰਜ ਖ਼ਿਲਾਫ਼ ਮਾਮਲਾ ਦਰਜ

**ਸਮਾਣਾ,28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਝ ਦਿਨ ਪਹਿਲਾਂ ਹੋਏਝਗੜੇ ਦੀ ਰੰਜਿਸ਼ ਕਾਰਨ ਘਰ ਵਿੱਚ ਦਾਖਲ ਹੋ ਕੇ ਪਰਿਵਾਰਕ ਮੈਂਬਰਾਂ ਨਾਲ ਕੁੱਟਮਾਰ ਕਰਨ, ਘਰ ਦਾ ਸਾਮਾਨ ਤੋੜਨ ਅਤੇ ਜਾਨੋਂ ਮਾਰਨ ਦੀਆਂਧਮਕੀਆਂ ਦੇਣ ਦੇ ਮਾਮਲੇ ਵਿੱਚ ਸਦਰਪੁਲਿਸ ਨੇ ਮਾਂ-ਪੁੱਤ ਸਮੇਤ ਪੰਜ ਲੋਕਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।ਮੁਲਜ਼ਮਾਂ ਵਿੱਚ ਗੋਲਡੀ ਸਿੰਘ, ਜਸਕਰਨ ਸਿੰਘ, ਚਮਕੌਰ ਸਿੰਘ,ਸੰਦਲ ਸਿੰਘ ਤੇ ਸੋਨਾ ਕੌਰ ਸ਼ਾਮਲ ਹਨ, ਜੋ ਸਾਰੇ ਪਿੰਡ ਤੁੱਲੇਵਾਲ ਦੇ ਰਹਿਣ ਵਾਲੇ ਹਨ।

ਮਾਮਲੇ ਦੀ ਜਾਂਚ ਕਰ ਰਹੇ ਸਦਰ ਪੁਲਿਸ ਦੇਏ.ਐਸ.ਆਈ. ਨਿਰਮਲ ਸਿੰਘ ਨੇ ਦੱਸਿਆ ਕਿ ਪਿੰਡ ਤੁੱਲੇਵਾਲ ਦੇਰਹਿਣ ਵਾਲੇ ਸੁਖਚੈਨ ਸਿੰਘ ਪੁੱਤਰ ਮਿੱਠੂ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਅਨੁਸਾਰ ਕੁਝ ਦਿਨ ਪਹਿਲਾਂ ਘਰ ਦੇ ਬਰਾਮਦੇ ਨੂੰ ਲੈ ਕੇ ਹੋਏ ਝਗੜੇ ਤੋਂ ਗੁੱਸੇ ਵਿੱਚ ਆਏ ਮੁਲਜ਼ਮਾਂ ਨੇ 20 ਸਤੰਬਰ ਦੀ ਸਵੇਰ ਨੂੰ ਉਸ ਦੇ ਘਰ ਵਿੱਚ ਦਾਖਲ ਹੋ ਕੇ ਉਸ ਦੀ ਅਤੇ ਉਸ ਦੇ ਮਾਤਾ-ਪਿਤਾ ਸਮੇਤ ਪਰਿਵਾਰਕ ਮੈਂਬਰਾਂ ਨਾਲ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਇਸ ਤੋਂ ਬਾਅਦ ਉਨ੍ਹਾਂ ਨੇ ਘਰ ਦਾ ਸਾਮਾਨ ਵੀ ਬੁਰੀ ਤਰ੍ਹਾਂ ਤੋੜ ਦਿੱਤਾ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਫਰਾਰ ਹੋ ਗਏ। ਸੁਖਚੈਨ ਸਿੰਘ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਜ਼ਖ਼ਮੀ ਹਾਲਤ ਵਿੱਚ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਅਧਿਕਾਰੀ ਅਨੁਸਾਰ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਸਥਿਤੀ ਦਾ ਜਾਇਜ਼ਾ ਲੈ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨਾਲ ਕੀਤੀ ਮੁਲਾਕਾਤ

**ਨਵੀਂ ਦਿੱਲੀ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨਾਲ ਕੀਤੀ ਮੁਲਾਕਾਤ ; ਹੜ੍ਹ ਰਾਹਤ, ਵਿਕਾਸ ਅਤੇ ਪੰਜਾਬ ਅਤੇ ਚੰਡੀਗੜ੍ਹ ਨਾਲ ਸਬੰਧਤ ਅਹਿਮ ਮੁੱਦਿਆਂ 'ਤੇ ਕੀਤੀ ਚਰਚਾ

ਨਵੀਂ ਦਿੱਲੀ, 23 ਸਤੰਬਰ: ਪੰਜਾਬ ਦੇ ਰਾਜਪਾਲ ਅਤੇ ਯੂਟੀ ਚੰਡੀਗੜ੍ਹ ਦੇ ਪ੍ਰਸ਼ਾਸਕ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਪੰਜਾਬ ਅਤੇ ਚੰਡੀਗੜ੍ਹ ਦੀ ਮੌਜੂਦਾ ਸਥਿਤੀ ਦੇ ਨਾਲ-ਨਾਲ ਖੇਤਰ ਲਈ ਮੁੱਖ ਵਿਕਾਸ ਤਰਜੀਹਾਂ ਤੋਂ ਜਾਣੂ ਕਰਵਾਇਆ। ਰਾਜਪਾਲ ਨੇ ਪੰਜਾਬ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਤੋਂ ਬਾਅਦ ਕੀਤੇ ਜਾ ਰਹੇ ਉਪਾਵਾਂ ਦਾ ਵਿਸਤ੍ਰਿਤ ਵੇਰਵਾ ਪੇਸ਼ ਕੀਤਾ। ਉਨ੍ਹਾਂ ਨੇ ਪ੍ਰਭਾਵਿਤ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ, ਜਨਤਕ ਬੁਨਿਆਦੀ ਢਾਂਚੇ ਨੂੰ ਬਹਾਲ ਕਰਨ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪ੍ਰਭਾਵੀ ਬਿਮਾਰੀ ਨਿਯੰਤਰਣ ਉਪਾਵਾਂ ਨੂੰ ਯਕੀਨੀ ਬਣਾਉਣ ਲਈ ਰਾਜ ਮਸ਼ੀਨਰੀ ਅਤੇ ਸਵੈ-ਇੱਛਤ ਸੰਗਠਨਾਂ ਦੇ ਤਾਲਮੇਲ ਨਾਲ ਕੀਤੇ ਜਾ ਰਹੇ ਯਤਨਾਂ 'ਤੇ ਚਾਨਣਾ ਪਾਇਆ।

ਸ਼੍ਰੀ ਕਟਾਰੀਆ ਨੇ ਪਾਕਿਸਤਾਨ ਨਾਲ ਲਗਦੀ ਅੰਤਰਰਾਸ਼ਟਰੀ ਸਰਹੱਦ 'ਤੇ ਸੁਰੱਖਿਆ ਅਤੇ ਵਿਕਾਸ ਸਬੰਧੀ ਵੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਨ੍ਹਾਂ ਸੰਵੇਦਨਸ਼ੀਲ ਖੇਤਰਾਂ ਵਿੱਚ ਯੂਨਿਟਾਂ ਸਥਾਪਤ ਕਰਨ ਲਈ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਦੀ ਜ਼ਰੂਰਤ ਹੈ ਤਾਂ ਜੋ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋ ਸਕਣ। ਉਨ੍ਹਾਂ ਨੇ ਐਂਟੀ-ਡਰੋਨ ਸਿਸਟਮ ਅਤੇ ਹਾਈ-ਡੈਫੀਨੇਸ਼ਨ ਕੈਮਰੇ ਲਗਾ ਕੇ ਅੰਤਰਰਾਸ਼ਟਰੀ ਸਰਹੱਦ 'ਤੇ ਚੌਕਸੀ ਨੂੰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

ਸਿੱਖਿਆ ਦੇ ਮੁੱਦੇ 'ਤੇ ਰਾਜਪਾਲ ਨੇ ਪ੍ਰਧਾਨ ਮੰਤਰੀ ਨੂੰ ਪੰਜਾਬ ਅਤੇ ਚੰਡੀਗੜ੍ਹ ਵਿੱਚ ਨਵੀਂ ਸਿੱਖਿਆ ਨੀਤੀ ਦੇ ਲਾਗੂ ਕਰਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਉੱਚ ਸਿੱਖਿਆ ਸੰਸਥਾਵਾਂ ਨੂੰ ਨੈਕ ਮਾਨਤਾ ਨਾਲ ਜੋੜ ਕੇ ਉੱਚ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਸੂਬੇ ਵਿੱਚ ਚੱਲ ਰਹੀਆਂ ਨਸ਼ਾ ਜਾਗਰੂਕਤਾ ਮੁਹਿੰਮਾਂ ਦੇ ਵੇਰਵੇ ਵੀ ਸਾਂਝੇ ਕੀਤੇ, ਜਿਨ੍ਹਾਂ ਦਾ ਉਦੇਸ਼ ਨੌਜਵਾਨਾਂ

# ਪਟਿਆਲਾ ਅਗਰਵਾਲ ਬੁੱਧੀਜੀਵੀ ਸੰਗਠਨ ਵੱਲੋਂ ਮਹਾਰਾਜਾ ਅਗਰਸੈਨ ਜਯੰਤੀ ਮਨਾਈ ਗਈ



**ਪਟਿਆਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਅਗਰਵਾਲ ਬੁੱਧੀਜੀਵੀ ਸੰਗਠਨ, ਪਟਿਆਲਾ ਵੱਲੋਂ ਆਰਯਾ ਸਮਾਜ ਮੰਦਰ ਪਟਿਆਲਾ ਵਿੱਚ ਪ੍ਰਧਾਨ ਨਰੇਸ਼ ਕੁਮਾਰ ਜੈਨ ਦੀ ਅਗਵਾਈ ਵਿੱਚ ਮਹਾਰਾਜਾ ਅਗਰਸੈਨ ਜਯੰਤੀ ਮਨਾਈ ਗਈ। ਇਸ ਪ੍ਰੋਗਰਾਮ ਵਿੱਚ ਖਾਸ ਤੌਰ 'ਤੇ ਡਾ. ਕੇ.ਸੀ. ਗਰਗ, ਡਾ. ਵੀ.ਕੇ. ਗੁਪਤਾ, ਉਦਯੋਗਪਤੀ ਅਨਿਲ ਗੁਪਤਾ ਅਤੇ ਪ੍ਰਮੋਦ ਜੈਨ (ਬੈਂਕ ਅਫਸਰ) ਨੇ ਆਪਣੀਆਂ ਪਤਨੀਆਂ ਸਮੇਤ ਸ਼ਿਰਕਤ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਹਵਨ ਯਗ ਨਾਲ ਕੀਤੀ ਗਈ। ਪ੍ਰੋਗਰਾਮ ਵਿੱਚ ਸਾਰੇ ਯਜਮਾਨਾਂ ਵੱਲੋਂ ਅਤੇ ਆਸ਼ੀਸ਼ ਅਗਰਵਾਲ, ਕੇ.ਕੇ. ਸਿੰਗਲਾ, ਕੇ.ਕੇ. ਬਾਂਸਲ, ਵਰਿੰਦਰ ਸਿੰਗਲਾ ਪ੍ਰਧਾਨ ਆਰਯਾ ਸਮਾਜ ਮੰਦਰ ਪਟਿਆਲਾ ਵੱਲੋਂ ਵੱਡਾ ਆਰਥਿਕ ਯੋਗਦਾਨ ਦਿੱਤਾ ਗਿਆ। ਇਸ ਮੌਕੇ 'ਤੇ ਐਸ.ਡੀ.ਐਸ.ਈ. ਸੀਨੀਅਰ ਸੈਕੰਡਰੀ ਸਕੂਲ, ਆਰਯਾ ਬਾਇਜ਼, ਆਰਯਾ ਗਰਲਜ਼, ਸ਼੍ਰੀ ਜੈਨ ਗਰਲਜ਼ ਮਿਡਲ ਸਕੂਲ, ਢੁਡਿਆਲ ਖਾਲਸਾ ਸਕੂਲ, ਆਤਮਾ ਰਾਮ ਕੁਮਾਰ ਸਭਾ ਸਕੂਲ ਦੇ ਕੁੱਲ 10 ਵਿਦਿਆਰਥੀਆਂ ਨੂੰ 1500 ਰੁਪਏ ਦਾ ਵਜ਼ੀਫ਼ਾ ਦਿੱਤਾ ਗਿਆ। ਪ੍ਰੋਗਰਾਮ ਵਿੱਚ ਸੱਭਿਆਚਾਰਕ ਪ੍ਰਸਤੁਤੀਆਂ ਵੀ ਹੋਈਆਂ, ਜਿਨ੍ਹਾਂ ਵਿੱਚ ਸੁਦਰਸ਼ਨ ਗੁਪਤਾ, ਰੋਜ਼ੀ ਸਿੰਗਲਾ, ਮਧੂ ਅਗਰਵਾਲ, ਜਿੰਮੀ ਗੁਪਤਾ, ਪੂਨਮ ਗੁਪਤਾ ਨੇ ਮਹਾਰਾਜਾ ਅਗਰਸੈਨ ਜੀ ਬਾਰੇ ਜਾਣਕਾਰੀ ਦਿੱਤੀ ਅਤੇ ਭਜਨ ਗਾਏ। ਪ੍ਰਧਾਨ ਨਰੇਸ਼ ਕੁਮਾਰ ਜੈਨ ਨੇ ਸੰਗਠਨ ਦੀਆਂ ਅਕਤੂਬਰ ਮਹੀਨੇ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਦੱਸਿਆ, ਜਿਸ ਵਿੱਚ ਖ਼ਾਸ ਤੌਰ 'ਤੇ 200 ਲੋੜਵੰਦ ਬੱਚਿਆਂ ਨੂੰ ਬੂਟ ਦਿੱਤੇ ਜਾਣਗੇ। ਪ੍ਰੋਗਰਾਮ ਵਿੱਚ ਸੌਰਭ ਜੈਨ, ਡਾ. ਵੀ.ਕੇ. ਗੁਪਤਾ ਅਤੇ ਅਨਿਲ ਗੁਪਤਾ ਨੇ ਸੰਗਠਨ ਦੇ ਪ੍ਰੋਗਰਾਮਾਂ ਦੀ ਪ੍ਰਸ਼ੰਸਾ ਕੀਤੀ ਅਤੇ ਹਰ ਸੰਭਵ ਆਰਥਿਕ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵੀ.ਕੇ. ਮੋਦੀ, ਆਰ.ਐਮ. ਬਾਂਸਲ, ਕੇ.ਕੇ. ਬਾਂਸਲ, ਸੁਨੀਲ ਜੈਨ, ਦਵਿੰਦਰ ਜੈਨ, ਅਸ਼ੋਕ ਕਾਂਸਲ ਨੇ ਬੜੀ ਮਹਨਤ ਕੀਤੀ। ਇਸ ਮੌਕੇ 'ਤੇ ਸੁਰਿੰਦਰ ਬਾਂਸਲ, ਪੀ.ਸੀ. ਗੁਪਤਾ, ਹੰਸ ਰਾਜ ਸਿੰਗਲਾ, ਐਸ.ਬੀ. ਮੰਗਲਾ, ਪਵਨ ਬਾਂਸਲ, ਅਜੇ ਗੁਪਤਾ, ਯਸ਼ਪਾਲ ਗੁਪਤਾ, ਓ.ਪੀ. ਸਿੰਗਲਾ, ਹੇਮਰਾਜ ਬਾਂਸਲ, ਦਿਨੇਸ਼ ਅਗਰਵਾਲ, ਕਪਿਲ ਗਰਗ, ਮਨੋਜ ਸਿੰਗਲਾ, ਆਨੰਦ ਗੋਇਲ, ਬੀ.ਐਮ. ਗੋਇਲ, ਰਾਮ ਚੰਦ ਗਰਗ ਖਾਸ ਤੌਰ 'ਤੇ ਹਾਜ਼ਰ ਸਨ। ਅੰਤ ਵਿੱਚ ਵੀ.ਕੇ. ਮੋਦੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਭੋਜਨ ਲਈ ਸੱਦਾ ਦਿੱਤਾ।

# ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਆਮ ਆਦਮੀ ਪਾਰਟੀ ਪੰਜਾਬ ਦੇ ਸਟੇਟ ਸੈਕਟਰੀ ਐਲਾਨੇ

**ਪਟਿਆਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਆਪਣੇ ਸੰਗਠਨਾਤਮਕ ਢਾਂਚੇ ਨੂੰ ਹੋਰ ਮਜ਼ਬੂਤ ਕਰਦੇ ਹੋਏ ਮਹੱਤਵਪੂਰਨ ਐਲਾਨ ਕੀਤਾ ਹੈ। ਪਟਿਆਲਾ ਦੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਨੂੰ ਪਾਰਟੀ ਵੱਲੋਂ ਸਟੇਟ ਸੈਕਟਰੀ ਪੰਜਾਬ ਨਿਯੁਕਤ ਕੀਤਾ ਗਿਆ ਹੈ। ਪਾਰਟੀ ਦੇ ਸੀਨੀਅਰ ਆਗੂਆਂ ਨੇ ਕਿਹਾ ਕਿ ਜੱਗਾ ਦੀ ਲੰਬੀ ਰਾਜਨੀਤਿਕ ਅਨੁਭਵਤਾ, ਜਨ ਸੇਵਾ ਪ੍ਰਤੀ ਵਚਨਬੱਧਤਾ ਅਤੇ ਪਟਿਆਲਾ ਵਿੱਚ ਉਨ੍ਹਾਂ ਦੇ ਲੋਕਪ੍ਰਿਯ ਕੰਮਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ। ਜਗਦੀਪ ਸਿੰਘ ਜੱਗਾ ਨੇ ਆਪਣੀ ਨਿਯੁਕਤੀ 'ਤੇ ਧੰਨਵਾਦ ਪ੍ਰਗਟਾਉਂਦੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਵਿਚਾਰਧਾਰਾਵਾਂ 'ਤੇ ਪੂਰਾ ਵਿਸ਼ਵਾਸ ਰੱਖਦੇ ਹਨ ਅਤੇ ਪੰਜਾਬ ਦੇ ਹਰ ਜ਼ਿਲ੍ਹੇ ਤੱਕ ਪਾਰਟੀ ਦੀਆਂ ਨੀਤੀਆਂ ਨੂੰ ਪਹੁੰਚਾਉਣ ਲਈ ਕੋਈ ਕਸਰ ਨਹੀਂ ਛੱਡਣਗੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਕੀਤੀਆਂ ਲੋਕ ਹਿੱਤ ਕਾਰਜਾਂ ਬਾਰੇ ਜਾਣਕਾਰੀ ਲੋਕਾਂ ਤੱਕ ਪਹੁੰਚਾਉਣਾ ਅਤੇ ਗਰਾਸਰੂਟ ਪੱਧਰ 'ਤੇ ਪਾਰਟੀ ਨੂੰ ਹੋਰ ਮਜ਼ਬੂਤ ਕਰਨਾ ਉਨ੍ਹਾਂ ਦੀ ਪਹਿਲੀ ਜ਼ਿੰਮੇਵਾਰੀ ਰਹੇਗੀ।

ਆਮ ਆਦਮੀ ਪਾਰਟੀ ਨੇ ਹਮੇਸ਼ਾ ਹੀ ਯੁਵਾ, ਸਾਫ਼-ਸੁਥਰੀ ਇਮੇਜ ਵਾਲੇ ਅਤੇ ਜਨ ਸੇਵਾ ਲਈ ਸਮਰਪਿਤ ਲੋਕਾਂ ਨੂੰ ਅੱਗੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਜਗਦੀਪ ਸਿੰਘ ਜੱਗਾ ਦੀ ਨਿਯੁਕਤੀ ਵੀ ਇਸੇ ਸੋਚ ਦਾ ਹਿੱਸਾ ਹੈ। ਉਮੀਦ ਜਤਾਈ ਗਈ ਕਿ ਉਹ ਪੰਜਾਬ ਭਰ ਵਿੱਚ ਪਾਰਟੀ ਨੂੰ ਇਕਜੁੱਟ ਕਰਨ ਅਤੇ ਲੋਕਾਂ ਦੇ ਮੁੱਦਿਆਂ ਨੂੰ ਉਭਾਰਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਪਟਿਆਲਾ ਦੇ ਸਥਾਨਕ ਲੋਕਾਂ ਅਤੇ ਪਾਰਟੀ ਵਰਕਰਾਂ ਨੇ ਵੀ ਇਸ ਨਿਯੁਕਤੀ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਜੱਗਾ ਹਮੇਸ਼ਾ ਲੋਕਾਂ ਨਾਲ ਜੁੜ ਕੇ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਇਮਾਨਦਾਰ ਸਿਆਸਤ ਸਭ ਲਈ ਪ੍ਰੇਰਣਾਦਾਇਕ ਹੈ।

# ਜਿਮਖਾਨਾ ਕਲੱਬ ਸਿਆਸਤ ਵਿੱਚ ਵੱਡਾ ਧਮਾਕਾ ਦੋਨੋਂ ਗਰੁੱਪ ਹੁਣ ਇਕੱਠੇ ਨਹੀਂ ਹਨ: ਡਾ. ਸੁੱਖੀ, ਵਿਨੋਦ ਸ਼ਰਮਾ



**ਪਟਿਆਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਮਖਾਨਾ ਕਲੱਬ ਦੀ ਸਿਆਸਤ ਵਿੱਚ ਅੱਜ ਉਸ ਵੇਲੇ ਇੱਕ ਵੱਡਾ ਧਮਾਕਾ ਹੋਇਆ ਜਦੋਂ ਕਲੱਬ ਦੇ ਮੌਜੂਦਾ ਸਕੱਤਰ ਡਾ.ਸੁਖਦੀਪ ਸਿੰਘ ਬੋਪਾਰਾਏ, ਜੁਆਇੰਟ ਸਕੱਤਰ ਵਿਨੋਦ ਸ਼ਰਮਾ, ਰਾਧੇ ਸ਼ਾਮ ਗੋਇਲ , ਦੀਪਕ ਡਕਾਲਾ ਅਤੇ ਹੋਰ ਮੈਂਬਰਾਂ ਨੇ ਇੱਕ ਪ੍ਰੈਸ ਕਾਨਫਰੰਸ ਕਰਕੇ ਕਿਹਾ ਕਿ ਦੋਨੋਂ ਗਰੁੱਪ ਹੁਣ ਇਕੱਠੇ ਨਹੀਂ ਹਨ। ਇਸ ਮੌਕੇ ਡਾ.ਸੁਖੀ ਤੇ ਵਿਨੋਦ ਸ਼ਰਮਾ ਨੇ ਦੱਸਿਆ ਕਿ ਸਾਰੇ ਹੀ ਮੌਜੂਦਾ ਡਾਇਰੈਕਟਰਾਂ ਦਾ ਕਾਰਜਕਾਲ 30 ਸਤੰਬਰ ਨੂੰ ਖਤਮ ਹੋ ਰਿਹਾ ਹੈ ਅਤੇ ਕੰਪਨੀ ਲਾ ਦੇ ਮੁਤਾਬਿਕ ਮੌਜੂਦਾ ਚੋਣਾਂ 30 ਸਤੰਬਰ ਨੂੰ ਹੀ ਹੋਣੀਆਂ ਚਾਹੀਦੀਆਂ ਹਨ। ਪਰ ਮੌਜੂਦਾ ਪ੍ਰਧਾਨ ਦੀਪਕ ਕੰਮਪਾਂਨੀ, ਡਾ. ਮਨਮੋਹਨ ਸਿੰਘ ਵਾਲੇ ਪ੍ਰੋਗਰੈਸਿਵ ਗਰੁੱਪ ਨੇ ਇੱਕ ਅਜੰਡਾ ਪਾਸ ਕਰਕੇ ਈ.ਜੀ.ਐਮ ਬਲਾਉਣ ਤੇ ਜ਼ੋਰ ਦਿੱਤਾ ਹੈ। ਜਿੱਥੇ ਸਿਰਫ ਚਾਰ ਅਹੁਦਿਆਂ ਲਈ ਹੀ ਚੋਣਾਂ ਕਰਾਉਣ ਲਈ ਤਜਵੀਜ ਪਾਸ ਕੀਤੀ ਜਾਣੀ ਹੈ। ਜੋ ਕਿ ਬਿਲਕੁਲ ਹੀ ਗਲਤ ਅਤੇ ਲੋਕਤੰਤਰ ਦਾ ਕਤਲ ਹੈ। ਉਹਨਾਂ ਦੱਸਿਆ ਇਹ ਪ੍ਰੋਗਰਾਮ ਸੀ ਗਰੁੱਪ ਨੇ ਉਚਿਤ ਕਾਨੂੰਨੀ ਪ੍ਰਕਿਰਿਆ ਦਾ ਪਾਲਣ ਕੀਤੇ ਬਿਨਾਂ ਕਲੱਬ ਦੇ ਮੌਜੂਦਾ ਸੀਗੇ ਅਸ਼ੋਕ ਗੋਇਲ ਤੇ ਸਹਿਯੋਗੀਆਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਹਟਾਉਣ ਦੀ ਕੋਸ਼ਿਸ਼ ਕੀਤੀ ਹੈ ਤੇ ਖੇਤਰੀ ਨਿਰਦੇਸ਼ਕ ਨਵੀਂ ਦਿੱਲੀ ਨੂੰ ਭੇਜੇ ਗਏ ਸੀ.ਏ ਨੂੰ ਹਟਾਉਣ ਦਾ ਮਤਾ ਕਦੇ ਵੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਚ ਪਾਸ ਨਹੀਂ ਕੀਤਾ ਗਿਆ ਹੈ। ਉਨਾਂ ਅੱਗੇ ਕਿਹਾ ਇੱਕ ਕਲੱਬ ਦੇ 90% ਮੈਂਬਰ ਪੂਰੀਆਂ 12 ਕਲੱਬ ਅਸਾਮੀਆਂ ਤੇ ਲੋਕਤੰਤਰ ਤਰੀਕੇ ਨਾਲ ਚੋਣਾਂ ਲਈ ਸਹਿਮਤ ਹਨ ਅਤੇ ਘੱਟ ਅਹੁਦਿਆਂ ਤੇ ਚੋਣਾਂ ਕਰਾਉਣ ਦੇ ਬਿਲਕੁਲ ਹੀ ਖਿਲਾਫ ਹਨ। ਡਾ. ਸੁਖੀ ਨੇ ਅੱਗੇ ਕਿਹਾ ਜਦੋਂ ਮੈਂ ਤੇ ਵਿਨੋਦ ਸ਼ਰਮਾ ਦੇਸ਼ ਵਿਚੋਂ ਬਾਹਰ ਸਨ ਤਾਂ ਈ.ਜੀ.ਐਮ ਦੀ ਪ੍ਰਵਾਨਗੀ ਤੋਂ ਬਿਨਾਂ ਕੁਝ ਨਵੇਂ ਪ੍ਰੋਜੈਕਟ ਸ਼ੁਰੂ ਕੀਤੇ ਗਏ। ਜਿਨਾਂ ਉਪਰ ਬੇਲੋੜਾ ਖਰਚ ਕੀਤਾ ਗਿਆ ਹੈ। ਗੋਲਫ ਦੇ ਹਰੇ ਪਰੇ ਪੈਚ ਨੂੰ ਉਖਾੜ ਕੇ ਬਾਕਸ ਕ੍ਰਿਕਟ ਦਾ ਇੱਕ ਨਵਾਂ ਪ੍ਰੋਜੈਕਟ ਬਿਨਾਂ ਕੁਝ ਡਾਇਰੈਕਟਰ ਦੀ ਪ੍ਰਵਾਨਗੀ ਤੋਂ ਸ਼ੁਰੂ ਕੀਤਾ ਗਿਆ ਸੀ। ਜਿਸ ਦਾ ਕਲੱਬ ਮੈਂਬਰਾਂ ਵਿੱਚ ਭਾਰੀ ਰੋਸ ਹੈ। ਇਸ ਮੌਕੇ ਨਰੇਸ਼ ਪਾਠਕ, ਡਾ.ਬੀ.ਐਲ ਭਾਰਦਵਾਜ, ਐਡ.ਕਰਮਜੀਤ ਸਿੰਘ, ਗੁਰਵਿੰਦਰ ਸਿੰਘ ਵਿਰਕ, ਹਰਭਜਨ ਸਿੰਘ, ਸਰਵਦੀਪ ਸਿੰਘ ਸ਼ਾਲੂ, ਅਬਦੁਲ ਵਾਹਿਦ ਅਤੇ ਹੋਰ ਵੀ ਮੈਂਬਰ ਮੌਕੇ ਤੇ ਹਾਜ਼ਰ ਸਨ।

# ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਖੋਲ੍ਹੇ ਫਰੀ ਸਿਲਾਈ ਕਢਾਈ ਸੈਂਟਰ ਵਿਖੇ ਵਿਨੇ ਸ਼ਰਮਾ ਦੀ ਅਗਵਾਈ ਹੇਠ ਲੋੜਵੰਦ ਔਰਤਾਂ ਅਤੇ ਲੜਕੀਆਂ ਦੀ ਕੀਤੀ ਆਰਥਿਕ ਮਦਦ

**ਪਟਿਆਲਾ, 28 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਯੂਥ ਫੈਡਰੇਸ਼ਨ ਆਫ ਇੰਡੀਆ,ਪਾਵਰ ਹਾਊਸ ਯੂਥ ਕਲੱਬ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਲੋੜਵੰਦ ਔਰਤਾਂ ਅਤੇ ਲੜਕੀਆਂ ਲਈ ਰਣਬੀਰਪੁਰਾ ਵਿਖੇ ਫਰੀ ਸਿਲਾਈ ਕਢਾਈ ਸੈਂਟਰ ਖੋਲਿਆ ਗਿਆ ਸੀ। ਇਸ ਸਿਖਲਾਈ ਸੈਂਟਰ ਵਿਚ ਸਿਖਲਾਈ ਦੇ ਰਹੀ ਟੀਚਰ ਕਰਮਜੀਤ ਕੌਰ ਅਤੇ ਹੋਰ ਲੜਕੀਆਂ ਨੂੰ ਆਰਥਿਕ ਸਹਾਇਤਾ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਜਿਸ ਵਿਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ , ਮੈਬਰ ਜ਼ਿਲ੍ਹਾ ਸਾਂਝ ਕੇਂਦਰ, ਮੈਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਬਰ ਵੂਮੈਨ ਕੌਸਲਿੰਗ ਸੈਲ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।ਪ੍ਰੋਗਰਾਮ ਦਾ ਉਦਘਾਟਨ ਰਿਟਾਇਰ ਐਸ ਡੀ ਓ ਬਿਜਲੀ ਬੋਰਡ ਵਿਨੇ ਸ਼ਰਮਾ ਪ੍ਰਧਾਨ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਨੇ ਕੀਤਾ।ਇਸ ਮੌਕੇ ਵਿਸ਼ੇਸ਼ ਤੌਰ ਤੇ ਉਪਕਾਰ ਸਿੰਘ ,ਰੁਦਰਪ੍ਰਤਾਪ ਸਿੰਘ ,ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ, ਭਿੰਦਰ ਜਲਵੇੜਾ ਨੇ ਵੀ ਸ਼ਮੂਲੀਅਤ ਕੀਤੀ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਔਰਤਾਂ ਅਤੇ ਲੜਕੀਆਂ ਨੂੰ ਆਤਮ ਨਿਰਭਰ ਹੋਣਾ ਸਮੇਂ ਦੀ ਮੁੱਖ ਲੋੜ ਹੈ। ਉਹਨਾਂ ਕਿਹਾ ਕਿ ਔਰਤਾਂ ਅਤੇ ਲੜਕੀਆਂ ਹੱਥੀਂ ਕੰਮ ਸਿੱਖ ਕੇ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਬਹੁਤ ਵਧੀਆ ਢੰਗ ਨਾਲ ਕਰ ਸਕਦੀਆਂ ਹਨ ਕਿਉਂਕਿ ਹਰ ਰੋਜ਼ ਘਰੇਲੂ ਜ਼ਰੂਰਤ ਦੀਆਂ ਚੀਜ਼ਾਂ ਵਿੱਚ ਦੇ ਰੇਟ ਵੱਧ ਰਹੇ ਹਨ ਜਿਸ ਕਾਰਨ ਕਈ ਪਰਿਵਾਰਾਂ ਨੂੰ ਬਹੁਤ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।ਇਸ ਲਈ ਲੋੜਵੰਦ ਔਰਤਾਂ ਅਤੇ ਲੜਕੀਆਂ ਲਈ ਫਰੀ ਸਿਲਾਈ ਕਢਾਈ ਸੈਂਟਰ ਖੋਲਣਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਔਰਤਾਂ ਅਤੇ ਲੜਕੀਆਂ ਇਸ ਸਿਲਾਈ ਕਢਾਈ ਸੈਂਟਰ ਵਿਚੋਂ ਸਿਖਲਾਈ ਲੈ ਕੇ ਆਪਣਾ ਸਵੈਰੋਜ਼ਗਾਰ ਚਲਾ ਸਕਦੀਆਂ ਹਨ । ਇਸ ਮੌਕੇ ਵਿਨੇ ਸ਼ਰਮਾ ਨੇ ਕਿਹਾ ਕਿ ਉਹਨਾਂ ਦੀ ਸੰਸਥਾ ਸਤਿਆਵਤੀ ਹਿਮਾਂਸ਼ੂ ਸ਼ਰਮਾ ਮੈਮੋਰੀਅਲ ਫਾਊਂਡੇਸ਼ਨ ਵਲੋਂ ਅੱਗੇ ਤੋਂ ਵੀ ਹਮੇਸ਼ਾ ਲੋਕ ਭਲਾਈ ਦੇ ਕੰਮਾਂ ਲਈ ਹਰ ਸੰਭਵ ਮਦਦ ਕੀਤੀ ਜਾਂਦੀ ਰਹੇਗੀ ਅਤੇ ਸਿਲਾਈ ਕਢਾਈ ਸੈਂਟਰ ਦਾ ਕੋਰਸ ਪੂਰਾ ਹੋਣ ਤੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ।

ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵੱਲੋਂ ਸਿਲਾਈ ਕਢਾਈ ਸੈਂਟਰ ਦੀਆਂ ਔਰਤਾਂ ਅਤੇ ਲੜਕੀਆਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ ਅਤੇ ਕਿਹਾ ਕਿ ਉਹਨਾਂ ਵੱਲੋ ਸਿਲਾਈ ਕਢਾਈ ਸੈਂਟਰ ਦੌਰਾਨ ਸਿਖਲਾਈ ਲੈ ਰਹੀਆਂ ਸਿਖਿਆਰਥੀਆਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।

# ਸੁਲਤਾਨਪੁਰ ਲੋਧੀ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 38 ਹਜ਼ਾਰ ਲੀਟਰ ਡੀਜ਼ਲ ਦਾ ਪ੍ਰਬੰਧ

ਕੌਮੀ ਪਤ੍ਰਿਕਾ

ਅੰਮ੍ਰਿਤਸਰ 28 ਸਤੰਬਰ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਸੁਲਤਾਨਪੁਰ ਲੋਧੀ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਮੋਹਤਬਰ ਵਿਅਕਤੀਆਂ ਨਾਲ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਸ਼?ਰੋਮਣੀ ਕਮੇਟੀ ਵੱਲੋਂ ਹਰ ਸੰਭਵ ਸਹਿਯੋਗ ਦੀ ਵਚਨਬੱਧਤਾ ਪ੍ਰਗਟਾਈ। ਵਾਰਤਾ ਦੌਰਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਹੜ੍ਹਾਂ ਦੀ ਮਾਰ ਕੁਦਰਤੀ ਕਰੋਪੀ ਨਹੀਂ, ਸਗੋਂ ਸਰਕਾਰਾਂ ਦੀ ਨਾਲਾਇਕੀ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਮੇਂ ਸਿਰ ਡੈਮਾਂ ਤੋਂ ਥੋੜ੍ਹਾ-ਥੋੜ੍ਹਾ ਪਾਣੀ ਛੱਡਿਆ ਜਾਂਦਾ ਤਾਂ ਪੰਜਾਬ ਅੰਦਰ ਇੰਨੀ ਤਬਾਹੀ ਨਹੀਂ ਸੀ ਹੋਣੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਨੂੰ ਆਪਣੇ ਹਾਲ ’ਤੇ ਛੱਡ ਦਿੱਤਾ ਗਿਆ ਅਤੇ ਲੋਕਾਂ ਨੂੰ ਸਰਕਾਰਾਂ ਵਾਲੇ ਕੰਮ ਵੀ ਖ਼ੁਦ ਕਰਨੇ ਪੈ ਰਹੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਬੰਨ੍ਹਾਂ ਦੀ ਮਜ਼ਬੂਤੀ ਦਾ ਕਾਰਜ ਸਰਕਾਰਾਂ ਨੇ ਕਰਨਾ ਸੀ ਪਰ ਦੁੱਖ ਦੀ ਗੱਲ ਹੈ ਕਿ ਸਰਕਾਰ ਦਾ ਇਸ ਪਾਸੇ ਵੱਲ ਉੱਕਾ ਹੀ ਧਿਆਨ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕ ਆਪਣੇ ਪਿੰਡਾਂ ਦੀ ਸੁਰੱਖਿਆ ਲਈ ਆਪ ਬੰਨਾਂ ’ਤੇ ਮਿੱਟੀ ਪਾਉਣ ਕੰਮ ਕਰ ਰਹੇ ਹਨ। ਸ਼?ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਉਨ੍ਹਾਂ ਅੱਜ ਹੜ੍ਹ ਪ੍ਰਭਾਵਿਤ ਪਿੰਡਾਂ ਦੇ ਜ਼ਿੰਮੇਵਾਰ ਵਿਅਕਤੀਆਂ ਨੂੰ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਲੋੜਾਂ ਸਬੰਧੀ ਵਿਚਾਰ ਲਏ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼?ਰੋਮਣੀ ਕਮੇਟੀ ਹੜ੍ਹ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ ਮਦਦ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸੰਗਤਾਂ ਦੀ ਮੰਗ ਅਨੁਸਾਰ ਅੱਜ ਸੁਲਤਾਨਪੁਰ ਲੋਧੀ ਦੇ ਵੱਖ-ਵੱਖ ਬੰਨ੍ਹਾਂ ਦੀ ਮਜ਼ਬੂਤੀ ਲਈ ਕਾਰਜ ਕਰ ਰਹੀਆਂ ਸੰਗਤਾਂ ਨੂੰ 38 ਹਜ਼ਾਰ ਲੀਟਰ ਡੀਜ਼ਲ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ, ਜਦਕਿ ਅੱਜ 8 ਹਜ਼ਾਰ ਲੀਟਰ ਡੀਜ਼ਲ ਮੌਕੇ ’ਤੇ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਆਹਲੀ ਕਲਾਂ ਦੇ ਬੰਨ੍ਹ ਦਾ ਏਰੀਆ ਸਭ ਤੋਂ ਵੱਧ ਹੈ, ਜਿਸ ਵਾਸਤੇ ਮੰਗ ਅਨੁਸਾਰ 20 ਹਜ਼ਾਰ ਲੀਟਰ ਡੀਜ਼ਲ ਦਾ ਪ੍ਰਬੰਧ ਕੀਤਾ ਗਿਆ ਹੈ। ਇਸੇ ਤਰ੍ਹਾਂ ਪਿੰਡ ਬਾਊਪੁਰ, ਧੁੰਦਾਂ, ਚੱਕਵਾਲਾ, ਸਾਗੜਾਂ ਆਦਿ ਪਿੰਡਾਂ ਦੇ ਬੰਨ੍ਹਾਂ ਵਾਸਤੇ ਵੀ ਡੀਜ਼ਲ ਦਿੱਤਾ ਗਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼?ਰੋਮਣੀ ਕਮੇਟੀ ਕਿਸਾਨਾਂ ਦੀ ਕਣਕ ਬਿਜਾਈ ਵਾਸਤੇ ਵੀ ਲਗਾਤਾਰ ਯਤਨਸ਼ੀਲ ਹੈ। ਕਿਸਾਨਾਂ ਨੂੰ ਕਣਕ ਦੀ ਬਿਜਲਾਈ ਲਈ ਇਕ ਲੱਖ ਏਕੜ ਦੇ ਕਰੀਬ ਬੀਜ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ। ਇਸ ਲਈ ਖੇਤੀਬਾੜੀ ਯੂਨੀਵਰਸਿਟੀ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤਾਂ ਜੋ ਮਿਆਰੀ ਬੀਜ ਮਿਲ ਸਕੇ। ਸ਼?ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪ੍ਰਭਾਵਿਤ ਖੇਤਰਾਂ ਦੇ ਗੁਰਦੁਆਰਾ ਸਾਹਿਬਾਨ ਨੂੰ ਵੀ 50-50 ਹਜ਼ਾਰ ਰੁਪਏ ਮਾਲੀ ਸਹਾਇਤਾ ਵੀ ਦਿੱਤੀ ਜਾਵੇਗੀ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼?ਰੋਮਣੀ ਕਮੇਟੀ ਸਿੱਖਾਂ ਦੀ ਚੁਣੀ ਹੋਈ ਸੰਸਥਾ ਹੈ, ਜਿਸ ਦੇ ਆਰਥਿਕ ਵਸੀਲੇ ਭਾਵੇਂ ਸੀਮਤ ਹਨ ਪਰ ਦੁਖ਼ਦ ਸਮੇਂ ਲੋਕਾਂ ਨਾਲ ਖੜ੍ਹਨਾ ਸਾਡੀ ਵਿਰਾਸਤ ਹੈ। ਉਨ੍ਹਾਂ ਕਿਹਾ ਕਿ ਸ਼?ਰੋਮਣੀ ਕਮੇਟੀ ਵੱਲੋਂ ਕਿਸਾਨਾਂ ਨੂੰ ਮੁਹੱਈਆ ਕਰਵਾਏ ਜਾਣ ਵਾਲੇ ਡੀਜ਼ਲ ’ਤੇ ਸਰਕਾਰਾਂ ਨੂੰ ਟੈਕਸ ਹਟਾਉਣ ਵਾਸਤੇ ਕਿਹਾ ਗਿਆ ਸੀ ਪਰ ਸਰਕਾਰਾਂ ਵੱਲੋਂ ਇਸ ਪ੍ਰਤੀ ਵੀ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਔਖੇ ਸਮੇਂ ਵੱਧ ਤੋਂ ਵੱਧ ਸਹਿਯੋਗ ਕਰਨ ਤਾਂ ਜੋ ਹੜ੍ਹ ਪ੍ਰਭਾਵਿਤ ਲੋਕਾਂ ਦੀ ਵੱਧ ਤੋਂ ਵੱਧ ਮਦਦ ਹੋ ਸਕੇ। ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਮੈਂਬਰ ਸਾਹਿਬਾਨ ਨੇ ਆਹਲੀ ਕਲਾਂ ਦੇ ਬੰਨ੍ਹ ’ਤੇ ਜਾ ਕੇ ਚੱਲ ਰਹੇ ਕਾਰਜਾਂ ਬਾਰੇ ਜਾਣਕਾਰੀ ਵੀ ਲਈ ਅਤੇ ਟਰੈਕਟਰਾਂ ਲਈ ਡੀਜ਼ਲ ਦਿੱਤਾ। ਇਸੇ ਦੌਰਾਨ ਇਲਾਕਾ ਨਿਵਾਸੀਆਂ ਨੇ ਸ਼?ਰੋਮਣੀ ਕਮੇਟੀ ਪ੍ਰਧਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਔਖੀ ਘੜੀ ਵਿਚ ਸੰਸਥਾ ਨੇ ਉਨ੍ਹਾਂ ਦੀ ਬਾਂਹ ਫੜ੍ਹ ਕੇ ਵੱਡਾ ਧਰਵਾਸ ਦਿੱਤਾ ਹੈ। ਉਨ੍ਹਾਂ ਭਵਿੱਖ ਵਿਚ ਵੀ ਸ਼?ਰੋਮਣੀ ਕਮੇਟੀ ਪਾਸੋਂ ਇਸੇ ਤਰ੍ਹਾਂ ਸਹਿਯੋਗ ਦੀ ਆਸ ਪ੍ਰਗਟਾਈ। ਇਸ ਮੌਕੇ ਸ਼?ਰੋਮਣੀ ਕਮੇਟੀ ਮੈਂਬਰ ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਗੁਰਮੀਤ ਸਿੰਘ ਬੂਹ, ਬਾਬਾ ਬੂਟਾ ਸਿੰਘ, ਬੀਬੀ ਗੁਰਪ੍ਰੀਤ ਕੌਰ, ਸਕੱਤਰ ਸ. ਪ੍ਰਤਾਪ ਸਿੰਘ, ਸਾਬਕਾ ਸਕੱਤਰ ਸ. ਮਹਿੰਦਰ ਸਿੰਘ ਆਹਲੀ, ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਮੈਨੇਜਰ ਸ. ਅਵਤਾਰ ਸਿੰਘ, ਸੁਪਰਵਾਈਜ਼ਰ ਸ. ਗੁਰਮੀਤ ਸਿੰਘ ਸਿੰਘਪੁਰਾ, ਸ. ਜਸਬੀਰ ਸਿੰਘ, ਸ. ਗੁਰਜੰਟ ਸਿੰਘ ਆਹਲੀ ਕਲਾਂ ਅਤੇ ਇਲਾਕਾ ਨਿਵਾਸੀ ਮੌਜੂਦ ਸਨ।



## ਸ਼ਰਮਨਾਕ ! ਪਿਓ ਨੇ ਨਾਬਾਲਗ ਧੀ ਨਾਲ ਕੀਤਾ ਜਬਰ ਜ਼ਿਨਾਹ

ਮਹਰਾਜਗੰਜ 28 ਸਤੰਬਰ। ਉੱਤਰ ਪ੍ਰਦੇਸ਼ ਦੇ ਮਹਰਾਜਗੰਜ ਜ਼ਿਲ੍ਹੇ ’ਚ ਆਪਣੀ 11 ਸਾਲਾ ਧੀ ਨਾਲ ਜਬਰ ਜ਼ਿਨਾਹ ਕਰਨ ਦੇ ਦੋਸ਼ ’ਚ ਇਕ ਵਿਅਕਤੀ ਨੂੰ ਸ਼ੁੱਕਰਵਾਰ ਨੂੰ ਗ੍ਰਿਫ਼ਤਾਰ ਕੀਤਾ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਮਾਮਲਾ ਸ਼ੁੱਕਰਵਾਰ ਨੂੰ ਨਾਬਾਲਗ ਕੁੜੀ ਦੀ ਮਾਂ ਵਲੋਂ ਦਰਜ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਅਧਿਕਾਰੀਆਂ ਦੇ ਨੋਟਿਸ ’ਚ ਆਇਆ। ਕੋਤਵਾਲੀ ਥਾਣੇ ਦੇ ਇੰਚਾਰਜ ਸਤੇਂਦਰ ਕੁਮਾਰ ਰਾਏ ਨੇ ਕਿਹਾ ਕਿ ਪੀੜਤ ਕੁੜੀ ਨੇ ਆਪਣੇ ਪਿਤਾ ’ਤੇ ਵੀਰਵਾਰ ਰਾਤ ਉਸ ਨਾਲ ਜਬਰ ਜ਼ਿਨਾਹ ਕਰਨ ਦਾ ਦੋਸ਼ ਲਗਾਇਆ ਹੈ, ਜਦੋਂ ਕੁੜੀ ਦੀ ਮਾਂ ਆਪਣੇ ਮਾਤਾ-ਪਿਤਾ ਦੇ ਘਰ ਗਈ ਸੀ। ਕੁੜੀ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਜੇਕਰ ਉਸ ਨੇ ਕਿਸੇ ਨੂੰ ਆਪਣੇ ਪਿਤਾ ਦੀ ਸ਼ਿਕਾਇਤ ਕੀਤੀ ਤਾਂ ਉਹ ਉਸ ਨੂੰ ਜ਼ਹਿਰ ਦੇ ਕੇ ਮਾਰ ਦੇਵੇਗਾ।

## ਪਤੀ ਅਤੇ ਸੱਸ ਤੋਂ ਦੁੱਖੀ ਹੋ ਕੇ ਔਰਤ ਨੇ ਪੀਤਾ ਜ਼ਹਿਰ

ਅਬੋਹਰ 28 ਸਤੰਬਰ। ਇਕ ਪਾਸੇ ਅੱਜ ਦੇਸ਼ ਭਰ ਵਿਚ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾ ਰਿਹਾ ਹੈ। ਦੂਜੇ ਪਾਸੇ, ਉਪ ਮੰਡਲ ਦੇ ਪਿੰਡ ਤੂਤਾਂ ਪੰਜਾਬਾ ਦੀ ਰਹਿਣ ਵਾਲੀ ਇਕ ਔਰਤ ਨੇ ਆਪਣੇ ਪਤੀ ਅਤੇ ਸੱਸ ਤੋਂ ਪਰੇਸ਼ਾਨ ਹੋ ਕੇ ਕਥਿਤ ਤੌਰ ’ਤੇ ਘਰ ਵਿਚ ਕੀਟਨਾਸ਼ਕ ਖਾ ਲਿਆ। ਉਸਦੇ ਮਾਪਿਆਂ ਨੇ ਉਸਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਹੈ ਅਤੇ ਪੁਲਸ ਤੋਂ ਉਸਦੇ ਸਹੁਰਿਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਜਾਣਕਾਰੀ ਦਿੰਦੇ ਹੋਏ ਪਿੰਡ ਮਮੂਖੇੜਾ ਦੇ ਵਸਨੀਕ ਸੋਨੂੰ ਅਤੇ ਪਰਮਜੀਤ ਨੇ ਦੱਸਿਆ ਕਿ ਉਨ੍ਹਾਂ ਦੀ ਭੈਣ ਸਰਬਜੀਤ ਕੌਰ, ਜਿਸਦੀ ਉਮਰ ਲਗਭਗ 40 ਸਾਲ ਹੈ, ਦਾ ਵਿਆਹ ਲਗਭਗ 16 ਸਾਲ ਪਹਿਲਾਂ ਤੂਤਾਂ ਦੇ ਰਹਿਣ ਵਾਲੇ ਗੁਰਭੇਜ ਸਿੰਘ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਉਨ੍ਹਾਂ ਦੇ ਦੋ ਬੱਚੇ ਹੋਏ। ਉਨ੍ਹਾਂ ਨੇ ਕਥਿਤ ਤੌਰ ’ਤੇ ਦੱਸਿਆ ਕਿ ਗੁਰਭੇਜ ਨਸ਼ੇ ਦਾ ਆਦੀ ਹੈ ਅਤੇ ਅਕਸਰ ਆਪਣੇ ਬੱਚਿਆਂ ਅਤੇ ਪਤਨੀ ਨੂੰ ਕਮਰਿਆਂ ਤੋਂ ਬਾਹਰ ਸੁੱਟ ਕੇ ਕਮਰਿਆਂ ਨੂੰ ਤਾਲਾ ਲਗਾ ਕੇ ਚਲਾ ਜਾਂਦਾ ਅਤੇ ਉਸਦੀ ਮਾਂ ਵੀ ਆਪਣੇ ਪੁੱਤਰ ਦਾ ਸਮਰਥਨ ਕਰਦੀ ਹੈ। ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਤਿੰਨ ਵਾਰ ਪੰਚਾਇਤਾਂ ਹੋ ਚੁੱਕੀਆਂ ਸਨ ਪਰ ਉਹ ਆਪਣੀਆਂ ਗਤੀਵਿਧੀਆਂ ਤੋਂ ਬਾਜ਼ ਨਹੀਂ ਆਇਆ। ਅੱਜ ਵੀ ਗੁਰਭੇਜ ਨੇ ਉਨ੍ਹਾਂ ਨੂੰ ਕਮਰਿਆਂ ਤੋਂ ਬਾਹਰ ਸੁੱਟ ਦਿੱਤਾ ਅਤੇ ਤਾਲੇ ਲਗਾ ਦਿੱਤੇ। ਜਦੋਂ ਉਸਦੀ ਭੈਣ ਨੇ ਬੱਚਿਆਂ ਦੇ ਕੱਪੜੇ ਕੱਢਣ ਲਈ ਕਮਰੇ ਦਾ ਤਾਲਾ ਤੋੜਿਆ ਤਾਂ ਉਸਦੇ ਪਤੀ ਨੇ ਸਰਬਜੀਤ ਕੌਰ ’ਤੇ ਚੋਰੀ ਦਾ ਦੋਸ਼ ਲਗਾ ਕੇ ਕੁੱਟਮਾਰ ਕੀਤੀ। ਜਿਸ ਕਾਰਨ, ਉਸਦੀ ਭੈਣ ਨੇ ਦੁੱਖੀ ਹੋ ਕੇ ਜ਼ਹਿਰ ਨਿਗਲ ਲਿਆ। ਇਹ ਜਾਣਨ ਤੋਂ ਬਾਅਦ ਉਨ੍ਹਾਂ ਨੇ ਉਸਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਜਿੱਥੇ ਡਾਕਟਰਾਂ ਅਨੁਸਾਰ, ਉਸਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਹਸਪਤਾਲ ਦੀਆਂ ਡਾਕਟਰਾਂ ਸ਼ਿਲਪਾ ਅਤੇ ਪ੍ਰੇਰਨਾ ਨੇ ਦੱਸਿਆ ਕਿ ਔਰਤ ਦਾ ਇੱਥੇ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਮਹਿਲਾ ਦਿਵਸ ’ਤੇ ਇਸ ਤਰ੍ਹਾਂ ਦੀ ਘਟਨਾ ’ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਇਸਦੀ ਸਖ਼ਤ ਨਿੰਦਾ ਕੀਤੀ ਹੈ। ਔਰਤ ਦੇ ਪਰਿਵਾਰ ਨੇ ਉਸਦੇ ਪਤੀ ਅਤੇ ਸੱਸ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਹੈ।

## ਬਠਿੰਡਾ ਕੇਂਦਰੀ ਜੇਲ੍ਹ ’ਚ ਕੈਦੀਆਂ ਵਿਚਾਲੇ ਖ਼ੂਨੀ ਝੜਪ, ਮੌਕੇ ’ਤੇ ਪੈ ਗਈਆਂ ਭਾਜੜਾਂ

ਬਠਿੰਡਾ 28 ਸਤੰਬਰ। ਬਠਿੰਡਾ ਕੇਂਦਰੀ ਜੇਲ੍ਹ ’ਚ ਅੱਜ ਦੁਪਹਿਰ ਤਿੰਨ ਕੈਦੀਆਂ ਅਤੇ ਇੱਕ ਹਵਾਲਤੀ ਵਿਚਕਾਰ ਵੱਡੀ ਝੜਪ ਹੋ ਗਈ। ਇਹ ਝੜਪ ਇਸ ਹੱਦ ਤੱਕ ਵੱਧ ਗਈ ਕਿ ਇਸ ਨੇ ਖ਼ੂਨੀ ਰੂਪ ਧਾਰਨ ਕਰ ਗਿਆ। ਕੁੱਟਮਾਰ ਦੌਰਾਨ 4 ਕੈਦੀਆਂ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਜ਼ਖਮੀਆਂ ਨੂੰ ਤੁਰੰਤ ਬਠਿੰਡਾ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਅਨੁਸਾਰ ਤਿੰਨ ਕੈਦੀਆਂ ਦੀ ਹਾਲਤ ਨਾਜ਼ੁਕ ਹੈ। ਜ਼ਖਮੀਆਂ ਵਿੱਚ ਗੁਰਪ੍ਰੀਤ ਸਿੰਘ, ਅਨੂਪ, ਸਾਜਨ ਅਤੇ ਦੂਜਾ ਗੁਰਪ੍ਰੀਤ ਸਿੰਘ ਸ਼ਾਮਲ ਹਨ।

## ਮਥੁਰਾ ’ਚ ਇਸਕਾਨ ਮੰਦਰ ’ਚ ਕਰੋੜਾਂ ਦਾ ਘਪਲਾ, ਦਾਨ ਕੀਤੇ ਪੈਸੇ ਤੇ ਰਸੀਦ ਬੁੱਕਾਂ ਲੈ ਕੇ ਮੁਲਾਜਮ ਫਰਾਰ

ਮਥੁਰਾ 28 ਸਤੰਬਰ। ਯੂ. ਪੀ. ਦੇ ਮਥੁਰਾ ਜ਼?ਲੇ ’ਚ ਵ੍ਰਿੰਦਾਵਨ ਵਿਖੇ ਸਥਿਤ ਕ੍ਰਿਸਨਾ-ਬਲਰਾਮ ਇਸਕਾਨ ਮੰਦਰ ’ਚ ਕਰੋੜਾਂ ਰੁਪਏ ਦਾ ਘਪਲਾ ਸਾਹਮਣੇ ਆਇਆ ਹੈ। ਇਸਕਾਨ ਮੰਦਿਰ ਦੇ ਮੈਂਬਰਸ਼?ਪ ਵਿਭਾਗ ’ਚ ਮੁਰਲੀਧਰ ਦਾਸ ਪੁੱਤਰ ਨਿਮਾਚੰਦ ਯਾਦਵ ਮੂਲ ਵਾਸੀ ਸ੍ਰੀਰਾਮ ਕਾਲੋਨੀ, ਰਾਉਗੰਜ , ਇੰਦੌਰ (ਮੱਧ ਪ੍ਰਦੇਸ) ਤੇ ਹਾਲ ਵਾਸੀ ਛੱਤੀਕਾਰਾ ਥਾਣਾ ਜੈਤ ਨੂੰ ਦਾਨੀਆਂ ਕੋਲੋਂ ਦਾਨ ਲੈ ਕੇ ਰਸੀਦਾਂ ਦੇਣ ਲਈ ਨਿਯੁਕਤ ਕੀਤਾ ਗਿਆ ਸੀ। ਦੋਸ਼ ਹੈ ਕਿ ਮੁਰਲੀਧਰ ਨੇ ਇਸਕਾਨ ਦੇ ਪ੍ਰਬੰਧਕਾਂ ਕੋਲੋਂ 32 ਰਸੀਦ ਬੁੱਕਾਂ ਲੈ ਕੇ ਆਪਣੇ ਕੋਲ ਰੱਖ ਲਈਆਂ ਅਤੇ ਦਾਨੀਆਂ ਵੱਲੋਂ ਦਿੱਤੇ ਗਏ ਕਰੋੜਾਂ ਰੁਪਏ ਦਾ ਗਬਨ ਕੀਤਾ। ਉਹ ਰਸੀਦ ਬੁੱਕਾਂ ਅਤੇ ਦਾਨ ਦੇ ਪੈਸੇ ਲੈ ਕੇ ਮੰਦਰ ਛੱਡ ਕੇ ਭੱਜ ਗਿਆ। ਦੋਸ ਹੈ ਕਿ ਜਦੋਂ ਉਸ ਨਾਲ ਫੋਨ ’ਤੇ ਸੰਪਰਕ ਕੀਤਾ ਗਿਆ ਤੇ ਰਸੀਦ ਬੁੱਕਾਂ




ਵਾਪਸ ਕਰਨ ਤੇ ਪੈਸੇ ਜਮ੍ਹਾ ਕਰਵਾਉਣ ਲਈ ਕਿਹਾ ਗਿਆ ਤਾਂ ਉਸ ਨੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। 27 ਦਸੰਬਰ ਨੂੰ ਮੰਦਰ ਦੇ ਮੁੱਖ ਵਿੱਤ ਅਧਿਕਾਰੀ ਵਿਸਵਨਾਮ ਦਾਸ ਨੇ ਫਰਾਰ ਮੁਲਾਜਮ ਖ਼?ਲਾਫ ਐੱਸ. ਐੱਸ. ਪੀ. ਕੋਲ ਸ਼?ਕਾਇਤ ਦਰਜ ਕਰਵਾਈ। ਐੱਸ. ਐੱਸ. ਪੀ ਦੇ ਹੁਕਮਾਂ ’ਤੇ ਵੀਰਵਾਰ ਦੇਰ ਰਾਤ ਮੁਰਲੀਧਰ ਖਿਲਾਫ ਥਾਣਾ ਸਦਰ ’ਚ ਮਾਮਲਾ ਦਰਜ ਕਰ ਲਿਆ ਗਿਆ। ਮਾਮਲੇ ਦੀ ਜਾਂਚ ਰਾਮਾਰੇਤੀ ਪੁਲਸ ਚੌਕੀ ਦੇ ਇੰਚਾਰਜ ਸ਼?ਵਸਰਨ ਸਿੰਘ ਨੂੰ ਸੌਂਪ ਦਿੱਤੀ ਗਈ ਹੈ। ਪੁਲਸ ਮੁਲਜਮ ਦੀ ਭਾਲ ਕਰ ਰਹੀ ਹੈ। ਮੰਦਰ ਦੇ ਪੀ. ਆਰ.ਓ. ਰਵਿਲੋਚਨ ਦਾਸ ਨੇ ਦੱਸਿਆ ਕਿ ਕਿੰਨਾ ਦਾਨ ਸੀ ਤੇ ਕਿੱਥੋਂ ਪ੍ਰਾਪਤ ਹੋਇਆ ਸੀ, ਬਾਰੇ ਪੂਰੀ ਜਾਣਕਾਰੀ ਰਸੀਦ ਬੁੱਕਾਂ ਮਿਲਣ ਤੋਂ ਬਾਅਦ ਹੀ ਲੱਗੇਗੀ।

## ਪੁਰਾਣੀ ਰੰਜਿਸ਼ਨ ਤਹਿਤ ਸੱਟਾਂ ਮਾਰ ਕੇ ਕੀਤਾ ਜ਼ਖਮੀ

ਬਟਾਲਾ 28 ਸਤੰਬਰ। ਪੁਰਾਣੀ ਰੰਜਿਸ਼ਨ ਤਹਿਤ ਸੱਟਾਂ ਮਾਰ ਕੇ ਜ਼ਖਮੀ ਕਰਨ ਦੇ ਕਥਿਤ ਦੋਸ਼ ਹੇਠ ਔਰਤ ਸਣੇ 6 ਜਣਿਆਂ ਖ਼?ਲਾਫ ਥਾਣਾ ਸਦਰ ਦੀ ਪੁਲਸ ਵੱਲੋਂ ਕੇਸ ਦਰਜ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਰਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਏ ਬਿਆਨ ਭੁਪਿੰਦਰ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਪਿੰਡ ਧੀਰ ਨੇ ਦੱਸਿਆ ਕਿ ਉਹ ਬੀਤੀ 5 ਦਸੰਬਰ ਨੂੰ ਸ਼ਾਮ ਸਾਢੇ 6 ਵਜੇ ਦੇ ਕਰੀਬ ਆਪਣੇ ਚਾਚੇ ਅਵਤਾਰ ਸਿੰਘ ਦੇ ਘਰ ਜਾ ਰਿਹਾ ਸੀ ਕਿ ਪਿੰਡ ਦੇ ਰਹਿਣ ਵਾਲੇ 5 ਵਿਅਕਤੀਆਂ ਨੇ ਪਿੰਡ ਦੀ ਇਕ ਔਰਤ ਵੱਲੋਂ ਦਿੱਤੀ ਹੱਲਾਸ਼ੇਰੀ ’ਤੇ ਉਧਾਰ ਦਿੱਤੇ ਪੈਸੇ ਮੰਗਣ ਦੀ ਰੰਜਿਸ਼ ਰੱਖਦੇ ਹੋਏ ਉਸ ਨੂੰ ਸੱਟਾਂ ਮਾਰ ਕੇ ਜ਼ਖਮੀ ਕਰ ਦਿੱਤਾ।

## ਚਾਈਨ ਡੋਰ ਦੇ 8 ਗੱਟੂਆਂ ਸਮੇਤ 2 ਨੌਜਵਾਨ ਗ੍ਰਿਫਤਾਰ

ਬਟਾਲਾ 28 ਸਤੰਬਰ। ਥਾਣਾ ਘੁਮਾਣ ਅਤੇ ਸਿਟੀ ਦੀ ਪੁਲਸ ਵਲੋਂ ਚਾਈਨਾ ਡੋਰ ਦੇ ਗੱਟੂਆਂ ਸਮੇਤ 2 ਨੌਜਵਾਨਾਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ ਜੋਗਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਪੁਲ ਡਰੇਨ ਪਿੰਡ ਪੰਡੋਰੀ ਤੋਂ ਹਰਪਾਲ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਘੁਮਾਣ ਨੂੰ ਕਾਬੂ ਕਰਕੇ ਇਸ ਕੋਲੋਂ 5 ਗੱਟੂ ਚਾਈਨਾ ਡੋਰ ਦੇ ਬਰਾਮਦ ਕੀਤੇ ਹਨ ਅਤੇ ਇਸ ਨੂੰ ਗ੍ਰਿਫਤਾਰ ਉਪਰੰਤ ਇਸ ਵਿਰੁੱਧ ਉਪਰੋਕਤ ਥਾਣੇ ਵਿਚ ਬਣਦੀ ਧਾਰਾ ਹੇਠ ਕੇਸ ਦਰਜ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ, ਥਾਣਾ ਸਿਟੀ ਦੇ ਏ.ਐੱਸ.ਆਈ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਰਾਮੇਸ਼ ਕੁਮਾਰ ਪੁੱਤਰ ਧਰਮਬੀਰ ਵਾਸੀ ਸੇਖੜੀਆਂ ਮੁਹੱਲਾ ਬਟਾਲਾ ਨੂੰ ਕਾਬੂ ਕਰਕੇ ਇਸ ਕੋਲੋਂ 3 ਗੱਟੂ ਪਾਬੰਦੀਸ਼ੁਦਾ ਚਾਈਨਾ ਡੋਰ ਬਰਾਮਦ ਕਰਨ ਉਪਰੰਤ ਇਸ ਵਿਰੁੱਧ ਬਣਦੀ ਧਾਰਾ ਹੇਠ ਥਾਣਾ ਸਿਟੀ ਵਿਚ ਕੇਸ ਦਰਜ ਕਰ ਦਿੱਤਾ

## ਪਾਵਰਕਾਮ ਦਾ ਵੱਡਾ ਐਕਸ਼ਨ, 7 ਕਰੋੜ ਰੁਪਏ ਦੱਬੀ ਬੈਠੇ ਖਪਤਕਾਰਾਂ ਖ਼ਿਲਾਫ਼ ਕੱਸਿਆ ਸ਼ਿਕੰਜਾ

ਏਜੰਸੀਆਂ

ਗੁਰਦਾਸਪੁਰ 28 ਸਤੰਬਰ। ਪਾਵਰਕਾਮ ਨੇ ਬਿਜਲੀ ਬਿੱਲ ਜਮਹਾ ਨਾ ਕਰਵਾਉਣ ਵਾਲੇ ਡਿਫਾਲਟਰ ਖਪਤਕਾਰਾਂ ਦੇ ਖਿਲਾਫ ਸ਼ਿਕੰਜਾ ਕੱਸਿਆ ਹੈ। ਇਸ ਤਹਿਤ ਇਕੱਲੇ ਸ਼ਹਿਰੀ ਸਬ-ਡਵੀਜ਼ਨ ਅਧੀਨ ਕਰੀਬ ਸਾਢੇ 7 ਕਰੋੜ ਰੁਪਏ ਦੱਬੀ ਬੈਠੇ ਖਪਤਕਾਰਾਂ ਦੇ ਖਿਲਾਫ ਕਾਰਵਾਈ ਸ਼ੁਰੂ ਕੀਤੀ ਗਈ ਹੈ। ਜਿਸ ਦੇ ਚਲਦਿਆਂ ਪਾਵਰਕਾਮ ਦੀਆਂ ਟੀਮਾਂ ਨੇ ਦੋ ਦਿਨਾਂ ਵਿਚ ਕਾਰਵਾਈ ਕਰ ਕੇ ਵੱਡਾ ਐਕਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼ਹਿਰੀ ਸਬ-ਡਵੀਜ਼ਨ ਦੇ ਉਪ ਮੰਡਲ ਅਫਸਰ ਇੰਜੀਨੀਅਰ ਭੁਪਿੰਦਰ ਸਿੰਘ ਕਲੇਰ ਨੇ ਦੱਸਿਆ ਕਿ ਪਾਵਰਕਾਮ ਦੇ ਅਨੇਕਾਂ ਖਪਤਕਾਰਾਂ ਵੱਲੋਂ ਸਮੇਂ ਸਿਰ ਬਿੱਲ ਜਮ?ਹਾ ਨਹੀਂ ਕਰਵਾਏ ਜਾਂਦੇ, ਜਿਸ ਕਾਰਨ ਪਾਵਰਕਾਮ ਵੱਲੋਂ ਅਨੇਕਾਂ ਅਪੀਲਾਂ ਕੀਤੀਆਂ ਜਾ ਚੁੱਕੀਆਂ ਹਨ ਪਰ ਇਸ ਦੇ ਬਾਵਜੂਦ ਉਕਤ ਖਪਤਕਾਰਾਂ ਦੇ ਬਕਾਇਆ ਬਿੱਲਾਂ ਦੀ ਰਾਸ਼ੀ ਨਿਰੰਤਰ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਇਕੱਲੀ ਸ਼ਹਿਰੀ ਸਬ-ਡਵੀਜ਼ਨ ਗੁਰਦਾਸਪੁਰ ਵਿਚ ਕਰੀਬ ਸਾਢੇ 7 ਕਰੋੜ ਰੁਪਏ ਬਿਜਲੀ ਬਿੱਲਾਂ ਵਜੋਂ ਬਕਾਇਆ ਹਨ। ਜਿਨ੍ਹਾਂ ’ਚੋਂ 497 ਦੇ ਕਰੀਬ



ਖਪਤਕਾਰ ਅਜਿਹੇ ਹਨ, ਜਿਨ੍ਹਾਂ ਦੇ ਬਿੱਲਾਂ ਦੀ ਰਾਸ਼ੀ 50-50 ਹਜ਼ਾਰ ਤੋਂ ਵੀ ਜ਼ਿਆਦਾ ਹੈ। ਇਨ੍ਹਾਂ ਬਿੱਲਾਂ ਦੀ ਵਸੂਲੀ ਕਰਨ ਅਤੇ ਬਿੱਲ ਜਮ?ਹਾ ਨਾ ਕਰਵਾਉਣ ਵਾਲੇ ਖਪਤਕਾਰਾਂ ਦੇ ਕਨੈਕਸ਼ਨ ਕੱਟਣ ਲਈ ਪਾਵਰਕਾਮ ਦੇ ਵਧੀਕ ਇੰਜੀਨੀਅਰ ਦੀਆਂ ਹਦਾਇਤਾਂ ’ਤੇ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਤਹਿਤ ਐਕਸੀਅਨ ਕੁਲਦੀਪ ਸਿੰਘ ਦੀ ਅਗਵਾਈ ਹੇਠ ਪਾਵਰਕਾਮ ਦੀਆਂ ਟੀਮਾਂ ਨੇ ਸ਼ਹਿਰੀ ਸਬ-ਡਵੀਜ਼ਨ ਅਧੀਨ ਇਕੱਲੇ ਦੋ ਦਿਨਾਂ ’ਚ 156 ਡਿਫਾਲਟਰ ਖਪਤਕਾਰਾਂ ਦੇ ਖਿਲਾਫ ਕਾਰਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖਪਤਕਾਰਾਂ ਨੂੰ ਕਨੈਕਸ਼ਨ ਕੱਟਣ ਦੀ ਦਿੱਤੀ ਗਈ ਚਿਤਾਵਨੀ ਦੇ ਬਾਅਦ ਖਪਤਕਾਰਾਂ ਵੱਲੋਂ 45 ਲੱਖ ਰੁਪਏ ਦੀ ਰਾਸ਼ੀ ਜਮ?ਹਾ ਕਰਵਾਈ ਗਈ ਹੈ। ਇਸ ਦੇ ਨਾਲ ਜਿਹੜੇ ਖਪਤਕਾਰਾਂ ਨੇ ਕਈ ਨੋਟਿਸ ਦੇਣ ਦੇ ਬਾਵਜੂਦ ਬਿੱਲ ਜਮ?ਹਾ ਨਹੀਂ ਕਰਵਾਏ। ਉਨ੍ਹਾਂ ’ਚੋਂ 31 ਖਤਰਕਾਰਾਂ ਦੇ ਬਿਜਲੀ ਕਨੈਕਸ਼ਨ ਘੱਟ ਦਿੱਤੇ ਗਏ ਹਨ। ਉਨ੍ਹਾਂ ਸਮੂਹ ਖਫਤਕਾਰਾਂ ਨੂੰ ਅਪੀਲ ਕੀਤੀ ਕਿ ਬਿਜਲੀ ਦੇ ਬਕਾਇਆ ਬਿੱਲ ਸਮੇਂ ਸਿਰ ਜਮ?ਹਾ ਕਰਵਾ ਦਿੱਤੇ ਜਾਣ ਅਤੇ ਜੇਕਰ ਨਿਰਧਾਰਤ ਸਮੇਂ ਅੰਦਰ ਬਿੱਲ ਜਮ?ਹਾ ਨਾ ਕਰਵਾਏ ਗਏ ਤਾਂ ਬਿਜਲੀ ਦਾ ਕਨੈਕਸ਼ਨ ਕੱਟ ਦਿੱਤੇ ਜਾਣਗੇ।

## ਟੈਂਪੂ ਡਰਾਈਵਰ ’ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ, ਜ਼ਖ਼ਮੀ ਕਰ ਖੇਤਾਂ ’ਚ ਸੁੱਟਿਆ

ਜਲੰਧਰ 28 ਸਤੰਬਰ। ਰਾਏਪੁਰ-ਰਸੂਲਪੁਰ ਤੋਂ ਬੱਲਾਂ ਨੂੰ ਜਾਂਦੇ ਹੋਏ ਨਹਿਰ ਦੇ ਸੂਏ ਨਜ਼ਦੀਕ ਖੇਤਾਂ ਵਿਚ ਇਕ ਵਿਅਕਤੀ ਨੂੰ ਗੰਭੀਰ ਸੱਟਾਂ ਮਾਰ ਕੇ ਸੁੱਟਿਆ ਗਿਆ ਸੀ। ਸਵੇਰੇ ਲੱਗਭਗ 8 ਵਜੇ ਜਦੋਂ ਪਿੰਡ ਦੇ ਲੋਕਾਂ ਨੇ ਖ਼ੂਨ ਵਿਚ ਲੱਥਪਥ ਵਿਅਕਤੀ ਨੂੰ ਖੇਤਾਂ ਵਿਚ ਪਿਆ ਦੇਖਿਆ ਤਾਂ ਥਾਣਾ ਮਕਸੂਦਾਂ ਦੀ ਪੁਲਸ ਨੂੰ ਸੂਚਿਤ ਕੀਤਾ। ਸੂਚਨਾ ਮਿਲਣ ਤੋਂ ਬਾਅਦ ਏ. ਐੱਸ. ਆਈ. ਨਿਰੰਜਣ ਸਿੰਘ ਪੁਲਸ ਪਾਰਟੀ ਸਮੇਤ ਮੌਕੇ ’ਤੇ ਪੁੱਜੇ ਅਤੇ ਜਾਂਚ ਸ਼ੁਰੂ ਕੀਤੀ। ਜ਼ਖ਼ਮੀ ਵਿਅਕਤੀ ਦੀ ਜਾਂਚ ਦੌਰਾਨ ਉਸ ਦਾ ਮੋਬਾਈਲ ਫੋਨ ਏ. ਐੱਸ. ਆਈ. ਨੂੰ ਮਿਲਿਆ, ਜਿਸ ਵਿਚੋਂ ਉਸ ਦੇ ਪਰਿਵਾਰਕ ਮੈਂਬਰਾਂ ਦਾ ਨੰਬਰ ਕੱਢ ਕੇ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ।

## ਹੁਣ ਸਾਦੇ ਵਿਆਹ ਕਰਨ ‘ਤੇ ਮਿਲੇਗਾ ਸ਼ਗਨ, ਬੱਚਿਆਂ ਦੀ ਪੜ੍ਹਾਈ ਵੀ ਮੁਫਤ

ਚਾਉਕੇ 28 ਸਤੰਬਰ। ਗ੍ਰਾਮ ਪੰਚਾਇਤ ਬੱਲ੍ਹੋ ਦੀ ਮਹਿਲਾ ਸਰਪੰਚ ਅਮਰਜੀਤ ਕੌਰ ਨੇ ਆਮ ਇਜਲਾਸ ਦੀ ਮੀਟਿੰਗ ‘ਚ ਵਿਆਹਾਂ ‘ਤੇ ਹੁੰਦੇ ਫਜ਼ੂਲ ਖਰਚੇ ਰੋਕਣ ਲਈ ਸਾਦੇ ਢੰਗ ਨਾਲ ਵਿਆਹ ਕਰਨ ਦੀ ਚੇਟਕ ਲਾਉਣ ਲਈ ਗ੍ਰਾਮ ਸਭਾ ਦੇ ਮੈਂਬਰਾਂ ਦੀ ਸਹਿਮਤੀ ਨਾਲ ਅਹਿਮ ਫੈਸਲਾ ਲਿਆ ਹੈ। ਉਨ੍ਹਾਂ ਨੇ ਕਈ ਮਤੇ ਪਾਸ ਕਰ ਦਿੱਤੇ ਅਤੇ ਕਿਹਾ ਕਿ ਜੋ ਪਰਿਵਾਰ ਨਸਾ ਰਹਿਤ ਅਤੇ ਵਗੈਰ ਡੀ. ਜੇ. ਲਾਉਣ ਦੇ ਸਾਦੇ ਢੰਗ ਨਾਲ ਵਿਆਹ ਕਰੇਗਾ ਤਾਂ ਪੰਚਾਇਤ 21 ਹਜਾਰ ਰੁਪਏ ਦਾ ਸ਼ਗਨ ਦੇਵੇਗੀ। ਇਸ ਦੇ ਨਾਲ ਹੀ ਲੋਕਾਂ ਨੂੰ ਜਹਿਰ ਮੁਕਤ ਸਬਜੀਆਂ ਦੇਣ ਲਈ ਗੁਰੂ ਨਾਨਕ ਬਗੀਚੀ ਸਕੀਮ ਤਹਿਤ ਕੁਦਰਤੀ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਗ੍ਰਾਮ ਪੰਚਾਇਤ ਮੁਫਤ ‘ਚ ਸਬਜੀਆਂ ਅਤੇ ਫਲਾਂ ਦੇ ਬੀਜ ਦੇਵੇਗੀ। ਪੰਚਾਇਤ ਨੇ ਬੇਜਮੀਨੇ ਤੇ ਢਾਈ ਏਕੜ ਤੋਂ ਘੱਟ ਜਮੀਨ ਵਾਲੇ ਪਰਿਵਾਰਾਂ ਦੀ ਚੋਣ ਕਰਕੇ ਬਾਇਓ ਗੈਸ ਪਲਾਂਟ ਲਾਉਣ ਦਾ ਮਤਾ ਪਾਸ ਕਰ ਦਿੱਤਾ। ਪੰਚਾਇਤ ਨੇ ਪਿੰਡ ‘ਚ ਚੰਗੇ ਕਾਰਜਾਂ ਲਈ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ‘ਤੇ ਮੈਨ ਆਫ ਦਾ ਵਿਲੇਜ ਅਤੇ ਵੂਮੈਨ ਆਫ ਦਾ ਵਿਲੇਜ ਚੁਣ ਕੇ 11 ਹਜਾਰ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕਰਨ ਦਾ ਫੈਸਲਾ ਲਿਆ ਹੈ। ਇਹ ਸਨਮਾਨ ਉਨ੍ਹਾਂ ਲੋਕਾਂ ਨੂੰ ਮਿਲੇਗਾ, ਜੋ ਗ੍ਰਾਮ ਪੰਚਾਇਤ ਦੇ ਵਿਕਾਸ ਕਾਰਜਾਂ ਦੇ ਕੰਮਾਂ ਅਤੇ ਲੜਾਈ-ਝਗੜੇ ਦੇ ਕੇਸਾਂ ਨੂੰ ਸਲਝਾਉਣ ਲਈ ਯੋਗਦਾਨ ਪਾਉਣਗੇ ਅਤੇ ਔਰਤਾਂ ਦੇ ਕੇਸਾਂ ਵਿੱਚ ਔਰਤਾਂ ਦੇ ਹਿੱਤ ਲਈ ਕੰਮ ਕਰਨ ਤੇ ਭਲਾਈ ਸਕੀਮਾਂ ਦਾ ਲਾਭ ਦਿਵਾਉਣਾ ਸ਼ਾਮਲ ਹੈ। ਹੋਰਨਾ ਫੈਸਲਿਆਂ ‘ਚ ਪਿੰਡ ਦੇ ਜੋ ਬੱਚੇ ਪੀ. ਸੀ. ਐੱਸ. ਅਤੇ ਆਈ. ਏ. ਐੱਸ. ਦੀ ਪੜ੍ਹਾਈ ਕਰਨਗੇ, ਉਨ੍ਹਾਂ ਦੀ ਫੀਸ ਗ੍ਰਾਮ ਪੰਚਾਇਤ ਭਰੇਗੀ। ਇਸ ਤੋਂ ਇਲਾਵਾ ਦੁਕਾਨਾਂ ਅਤੇ ਸਟਿੰਗ ‘ਤੇ ਕੂਲਿੱਪ ਵੇਚਣ ‘ਤੇ ਪਾਬੰਦੀ ਹੋਵੇਗੀ ਅਤੇ ਵਿਕਾਸ ਕਾਰਜਾਂ ਦੇ ਹੋਏ ਖਰਚੇ ਦੀ ਸੂਚੀ ਪ੍ਰਾਜੈਕਟ ਵਾਲੀ ਜਗ੍ਹਾ ‘ਤੇ ਨਸਰ ਕੀਤੀ ਜਾਵੇਗੀ। ਇਨ੍ਹਾਂ ਲੋਕ ਹਿੱਤ ਦੇ ਭਲਾਈ ਕਾਰਜਾਂ ਟਿਕਾਊ ਵਿਕਾਸ ਦੇ 9 ਟੀਚਿਆਂ ‘ਚੋਂ 6 ਥੀਮਾਂ ਨੂੰ ਜੀ. ਪੀ. ਡੀ. ਪੀ. ‘ਚ ਸ਼ਾਮਲ ਕਰਕੇ ਸਾਲ 2025-26 ਦੀ ਗ੍ਰਾਮ ਪੰਚਾਇਤ ਵਿਕਾਸ ਯੋਜਨਾ ਦਾ ਅਨੁਮਾਨਤ ਬਜਟ 98 ਲੱਖ 74 ਹਜਾਰ ਰੁਪਏ ਦਾ ਪਾਸ ਕੀਤਾ ਗਿਆ।

## ਇਹ ਹੈ ਭਾਰਤ ਦਾ ਅਨੋਖਾ ਹਨੂੰਮਾਨ ਮੰਦਰ, ਗਿਨੀਜ਼ ਬੁੱਕ ’ਚ ਵੀ ਦਰਜ ਹੈ ਨਾਮ

ਏਜੰਸੀਆਂ

ਧਰਮ ਡੈਸਕ 28 ਸਤੰਬਰ। ਭਾਰਤ ਨੂੰ ਮੰਦਰਾਂ ਦਾ ਦੇਸ਼ ਕਿਹਾ ਜਾਂਦਾ ਹੈ। ਭਾਰਤ ਵਿੱਚ ਭਗਵਾਨ ਸ਼੍ਰੀ ਰਾਮ ਦੇ ਮਹਾਨ ਭਗਤ ਹਨੂੰਮਾਨ ਜੀ ਦੇ ਬਹੁਤ ਸਾਰੇ ਮੰਦਰ ਹਨ। ਇਨ੍ਹਾਂ ਮੰਦਰਾਂ ਦੀ ਮਹਿਮਾ ਬੇਅੰਤ ਹੈ। ਗੁਜਰਾਤ ਦੇ ਜਾਮਨਗਰ ਵਿੱਚ ਸਥਿਤ ਬਾਲਾ ਹਨੂੰਮਾਨ ਮੰਦਰ ਬਜਰੰਗਬਲੀ ਦੇ ਇਨ੍ਹਾਂ ਮੰਦਰਾਂ ਵਿੱਚ ਸ਼ਾਮਲ ਹੈ। ਦੱਸਿਆ ਜਾਂਦਾ ਹੈ ਕਿ ਹਰ ਸਾਲ ਵੱਡੀ ਗਿਣਤੀ ’ਚ ਸ਼ਰਧਾਲੂ ਇਸ ਮੰਦਰ ’ਚ ਹਨੂੰਮਾਨ ਦੇ ਦਰਸ਼ਨਾਂ ਲਈ ਆਉਂਦੇ ਹਨ। ਹਨੂੰਮਾਨ ਜੀ ਦੇ ਇਸ ਮੰਦਰ ਦਾ ਬਹੁਤ ਮਹੱਤਵ ਹੈ। ਬਾਲਾ ਹਨੂੰਮਾਨ ਮੰਦਰ ਦਾ ਨਾਂ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿੱਚ ਵੀ ਦਰਜ ਹੈ। ਆਓ ਜਾਣਦੇ ਹਾਂ ਕਿ ਇਸ ਮੰਦਰ ਦਾ ਨਾਂ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ’ਚ ਕਿਉਂ ਸ਼ਾਮਲ ਹੈ। ਗੁਜਰਾਤ ਦੇ ਜਾਮਨਗਰ ਵਿੱਚ ਸਥਿਤ ਇਸ ਬਾਲਾ ਹਨੂੰਮਾਨ ਮੰਦਰ ਦੀ ਸਥਾਪਨਾ ਸਾਲ 1963-64 ਵਿੱਚ ਹੋਈ ਸੀ। ਪ੍ਰੇਮਭਿਖਸ਼ੂਜੀ ਮਹਾਰਾਜ ਨੇ ਇਸ ਬਾਲਾ ਹਨੂੰਮਾਨ ਮੰਦਰ ਦਾ ਨਿਰਮਾਣ ਕਰਵਾਇਆ ਸੀ। ਪੂਰੇ ਭਾਰਤ ਤੋਂ ਸ਼ਰਧਾਲੂ ਇਸ ਬਾਲਾ ਹਨੂੰਮਾਨ ਮੰਦਰ ਵਿੱਚ ਬਜਰੰਗਬਲੀ ਦੇ ਦਰਸ਼ਨ ਕਰਨ ਲਈ ਆਉਂਦੇ ਹਨ। ਇਸ ਮੰਦਰ ’ਚ ਸ਼ਰਧਾਲੂਆਂ ਦੇ ਦਰਸ਼ਨਾਂ



ਲਈ ਆਉਣ ਦਾ ਇਕ ਕਾਰਨ ਇਹ ਹੈ ਕਿ ਇਸ ਮੰਦਰ ਦਾ ਨਾਂ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ’ਚ ਦਰਜ ਹੈ। ਦਰਅਸਲ, ਬਾਲਾ ਹਨੂੰਮਾਨ ਮੰਦਰ ਦੀ ਸਥਾਪਨਾ ਤੋਂ ਬਾਅਦ, ਇੱਥੇ ਰਾਮ ਦੇ ਨਾਮ ਦਾ ਜਾਪ ਸ਼ੁਰੂ ਹੋਇਆ। 1 ਅਗਸਤ 1964 ਤੋਂ ਮੰਦਰ ਵਿੱਚ ਰਾਮ ਦੇ ਨਾਮ ਦਾ ਜਾਪ ਸ਼ੁਰੂ ਹੋ ਗਿਆ ਸੀ। ਦੱਸਿਆ ਜਾਂਦਾ ਹੈ ਕਿ ਉਦੋਂ ਤੋਂ ਹੀ ਇਸ ਮੰਦਰ ਵਿੱਚ ਸਵੇਰੇ, ਸ਼ਾਮ ਅਤੇ ਦਿਨ ਰਾਤ ਭਗਵਾਨ ਰਾਮ ਦੇ ਨਾਮ ਦਾ ਜਾਪ ਕੀਤਾ ਜਾ ਰਿਹਾ ਹੈ। ਬਾਲਾ ਹਨੂੰਮਾਨ ਮੰਦਰ ਵਿੱਚ ਭਗਵਾਨ ਰਾਮ ਦੇ ਨਾਮ ਦਾ ਜਾਪ ਕਿਸੇ ਸਮੇਂ ਵੀ ਨਹੀਂ ਰੁਕਦਾ। 1964 ਤੋਂ ਮੰਦਰ ਵਿੱਚ ਭਗਵਾਨ ਰਾਮ ਦੇ ਨਾਮ ਦਾ ਲਗਾਤਾਰ ਜਾਪ ਹੋਣ ਕਾਰਨ ਇਸ ਦਾ ਨਾਂ ਗਿਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿੱਚ ਦਰਜ ਹੈ। ਸੰਸਾਰ ਵਿੱਚ ਹੋਰ ਕੋਈ ਥਾਂ ਨਹੀਂ ਜਿੱਥੇ ਇੰਨੇ ਲੰਬੇ ਸਮੇਂ ਤੋਂ ਜਾਪ ਚੱਲ ਰਿਹਾ ਹੋਵੇ। ਭਗਵਾਨ ਰਾਮ ਦੇ ਨਾਮ ਦਾ ਲਗਾਤਾਰ ਜਾਪ ਕਰਨ ਨਾਲ ਇਸ ਮੰਦਰ ਦਾ ਮਾਹੌਲ ਬਹੁਤ ਸਕਾਰਾਤਮਕ ਅਤੇ ਊਰਜਾ ਨਾਲ ਭਰਪੂਰ ਰਹਿੰਦਾ ਹੈ। ਭਾਵੇਂ ਸ਼ਰਧਾਲੂ ਬਾਲਾ ਹਨੂੰਮਾਨ ਮੰਦਰ ’ਚ ਬਜਰੰਗਬਲੀ ਦੇ ਦਰਸ਼ਨ ਕਿਸੇ ਵੀ ਸਮੇਂ ਕਰ ਸਕਦੇ ਹਨ ਪਰ ਮੰਗਲਾ ਦੇ ਦਰਸ਼ਨਾਂ ਲਈ ਸਵੇਰੇ ਹੀ ਵੱਡੀ ਗਿਣਤੀ ’ਚ ਸ਼ਰਧਾਲੂ ਮੰਦਰ ’ਚ ਪਹੁੰਚ ਜਾਂਦੇ ਹਨ। ਫਿਰ ਸ਼ਾਮ 6.30 ਵਜੇ ਸ਼ਰਧਾਲੂ ਸਿੰਗਾਰ ਦਰਸ਼ਨ ਕਰ ਸਕਦੇ ਹਨ। ਮੰਦਰ ਵਿੱਚ ਸੱਤ ਵਜੇ ਮੰਗਲਾ ਆਰਤੀ ਹੁੰਦੀ ਹੈ। ਇਸ ਉਪਰੰਤ ਦੁਪਹਿਰ 12 ਵਜੇ ਸ਼ਰਧਾਲੂ ਭੋਗ ਦੇ ਦਰਸ਼ਨ ਕਰ ਸਕਦੇ ਹਨ। ਸ਼ਾਮ ਨੂੰ ਸੱਤ ਵਜੇ ਮੰਦਰ ਵਿੱਚ ਸ਼ਾਮ ਦੀ ਆਰਤੀ ਹੁੰਦੀ ਹੈ।

## ਲੁਧਿਆਣਾ ’ਚ ਵਾਪਰਿਆ ਵੱਡਾ ਹਾਦਸਾ

ਲੁਧਿਆਣਾ 28 ਸਤੰਬਰ। ਪੰਜਾਬ ਦੇ ਲੁਧਿਆਣਾ ਸ਼ਹਿਰ ਵਿੱਚ ਇਕ ਵੱਡਾ ਹਾਦਸਾ ਵਾਪਰਿਆ ਹੈ। ਇਹ ਹਾਦਸਾ ਫੋਕਲ ਪੁਆਇੰਟ ਦੇ ਫੇਜ਼-8 ਸਥਿਤ ਕੋਹਲੀ ਡਾਇੰਗ ਇੰਡਸਟਰੀ ਵਿੱਚ ਸ਼ਾਮ 6 ਵਜੇ ਵਾਪਰਿਆ, ਜਿਥੇ ਇੱਕ 2 ਮੰਜ਼ਿਲਾ ਇਮਾਰਤ ਢਹਿ ਢੇਰੀ ਹੋ ਗਈ। ਇਸ ਹਾਦਸੇ ਵਿੱਚ ਛੇ ਲੋਕ ਮਲਬੇ ਹੇਠ ਦੱਬੇ ਗਏ। ਫਿਲਹਾਲ ਮਲਬੇ ਹੇਠ ਦੱਬੇ ਲੋਕਾਂ ਲੋਕਾਂ ਨੂੰ ਬਚਾਉਣ ਲਈ ਟੀਮ ਕੋਸ਼ਿਸ਼ ਕਰ ਰਹੀ ਹੈ। ਜਾਣਕਾਰੀ ਮੁਤਾਬਕ 25 ਸਾਲ ਪੁਰਾਣੀ ਇਮਾਰਤ ਵਿੱਚ ਪਿੱਲਰ ਸ਼ਿਫਟ ਕਰਨ ਦਾ ਕੰਮ ਚੱਲ ਰਿਹਾ ਸੀ। ਇਸ ਦੌਰਾਨ ਅਚਾਨਕ ਇਮਾਰਤ ਡਿੱਗ ਗਈ। ਜਿਸ ਸਮੇਂ ਹਾਦਸਾ ਹੋਇਆ ਉਸ ਸਮੇਂ ਇੰਡਸਟਰੀ ’ਚ 15 ਤੋਂ 20 ਲੋਕ ਕੰਮ ਕਰ ਰਹੇ ਸਨ। ਐਸ.ਐਚ.ਓ. ਅਮਨਦੀਪ ਸਿੰਘ ਬਰਾੜ ਨੇ ਦੱਸਿਆ ਕਿ ਫਿਲਹਾਲ ਬਚਾਅ ਕਾਰਜ ਜਾਰੀ ਹੈ। 12 ਤੋਂ 14 ਲੋਕਾਂ ਨੂੰ ਬਾਹਰ ਕੱਢਿਆ ਗਿਆ ਹੈ। 4 ਲੋਕਾਂ ਨੂੰ ਫੋਰਟਿਸ ਹਸਪਤਾਲ ’ਚ ਭਰਤੀ ਕਰਵਾਇਆ ਗਿਆ ਹੈ। ਉਥੇ ਹੀ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ, ਫੈਕਟਰੀ ਮਾਲਕ ਨੇ ਦੱਸਿਆ ਕਿ ਸਵੇਰੇ 29 ਲੋਕ ਪਿੱਲਰ ਦੀ ਮੁਰੰਮਤ ਦਾ ਕੰਮ ਕਰ ਰਹੇ ਸਨ। ਜਦੋਂ ਪਿੱਲਰ ਡਿੱਗਿਆ ਤਾਂ ਸੱਤ ਲੋਕ ਅੰਦਰ ਸਨ। ਇਨ੍ਹਾਂ ਵਿੱਚੋਂ ਇੱਕ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ। ਫਿਲਹਾਲ 6 ਲੋਕ ਅੰਦਰ ਫਸੇ ਹੋਏ ਹਨ। ਉੱਥੋਂ ਕੱਢੇ ਗਏ ਵਿਅਕਤੀ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਅਜੇ ਤੱਕ ਕਿਸੇ ਦੀ ਮੌਤ ਨਹੀਂ ਹੋਈ ਹੈ। ਬਚਾਅ ਕਾਰਜ ਚੱਲ ਰਿਹਾ ਹੈ। ਮੈਡੀਕਲ ਟੀਮਾਂ ਨੂੰ ਵੀ ਮੌਕੇ ’ਤੇ ਬੁਲਾਇਆ ਗਿਆ ਹੈ। ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਅੰਦਰੋਂ ਹਰ ਕੋਈ ਸੁਰੱਖਿਅਤ ਹੋਵੇ। ਕਈ ਸੂਤਰਾਂ ਦੇ ਹਵਾਲੇ ਤੋਂ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਇਹ ਹਾਦਸਾ ਬੁਆਇਲਰ ਫਟਣ ਕਾਰਨ ਵਾਪਰਿਆ ਹੈ।

## 5ਵੀਂ ਜਮਾਤ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਵਿਚਕਾਰ ਈ-ਮੇਲ ਪ੍ਰਣਾਲੀ ਨੇ ਭੰਬਲਭੂਸੇ ’ਚ ਪਾਏ ਸੂਕਲ ਪ੍ਰਬੰਧਕ

ਏਜੰਸੀਆਂ

ਬੁਢਲਾਡਾ 28 ਸਤੰਬਰ। ਪ੍ਰੀਖਿਆ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਭਾਗ ਵੱਲੋਂ ਈ-ਮੇਲ ਆਈ. ਡੀ. ਨਵੀਂ ਬਣਾਉਣ ਦੇ ਭੰਬਲਭੂਸੇ ਕਾਰਨ ਸਕੂਲਾਂ ਅੰਦਰ ਭਗਦੜ ਨਜ਼ਰ ਆ ਰਹੀ ਹੈ। ਕਿਸੇ ਨੂੰ ਵੀ ਇਸ ਸਮੱਸਿਆ ਦਾ ਹੱਲ ਲਈ ਰਾਹ ਨਹੀਂ ਮਿਲ ਰਿਹਾ। ਵਿਭਾਗ ਦੀ ਢਿੱਲੀ ਚਾਲ ਅਤੇ ਮੌਕੇ ’ਤੇ ਈਮੇਲ ਦਾ ਭੰਬਲਭੂਸਾ ਪ੍ਰੀਖਿਆ ਨੂੰ ਪ੍ਰਭਾਵਿਤ ਕਰ ਸਕਦਾ ਹੈ। ਸਕੂਲਾਂ ’ਚ ਅੱਜ 10 ਮਾਰਚ ਤੋਂ 5ਵੀਂ ਜਮਾਤ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਜਾ ਰਹੀਆਂ ਹਨ, ਜਿਸ ਲਈ ਸਿੱਖਿਆ ਵਿਭਾਗ ਨੇ ਮੁਲਾਂਕਣ ਸਾਧਨ ਮੁਹੱਈਆ ਕਰਵਾਉਣ ਦੀ ਯੋਜਨਾ ਬਣਾਈ ਹੈ। ਇਸ ਪ੍ਰਕਿਰਿਆ ਤਹਿਤ ਸਿੱਖਿਆ ਵਿਭਾਗ ਨੇ ਸਾਰੇ ਪ੍ਰਾਇਮਰੀ ਸਕੂਲਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਨਵੇਂ ਈ-ਮੇਲ ਆਈਡੀਜ਼ ਬਣਾਉਣ, ਤਾਂ ਜੋ ਇਨ੍ਹਾਂ ਆਈਡੀਜ਼ ਤੇ ਮੁਲਾਂਕਣ ਟੂਲ ਭੇਜੇ ਜਾ ਸਕਣ ਪਰ ਇਸ ਦੇ ਲਾਗੂ ਹੋਣ ਤੋਂ ਪਹਿਲਾਂ ਹੀ ਇਹ ਪ੍ਰਣਾਲੀ ਸਕੂਲਾਂ ਅਤੇ ਉਨ੍ਹਾਂ ਦੇ ਅਧਿਆਪਕਾਂ ਲਈ ਸਿਰਦਰਦੀ ਬਣ ਗਈ ਹੈ। ਹਾਲਾਤ ਇਹ ਹਨ ਕਿ ਸਕੂਲ ਪਿਛਲੇ 6 ਦਿਨਾਂ ਤੋਂ ਇਸ ਦੁਵਿਧਾ ’ਚ ਫਸੇ ਹੋਏ ਹਨ ਪਰ ਵਿਭਾਗ ਕੋਲ ਵੀ ਇਸ ਗੱਲ ਦਾ ਜਵਾਬ ਨਹੀਂ ਹੈ ਕਿ ਇਨ੍ਹਾਂ ਨੂੰ ਇਥੋਂ ਕੌਣ ਕੱਢੇਗਾ। ਜਾਣਕਾਰੀ ਅਨੁਸਾਰ ਬਹੁਤੇ



ਸਕੂਲਾਂ ਨੇ ਸਮੇਂ ਸਿਰ ਆਪਣੀ ਨਵੀਂ ਈ-ਮੇਲ ਆਈ.ਡੀ. ਬਣਾ ਕੇ ਵਿਭਾਗ ਨੂੰ ਉਪਲਬਧ ਕਰਵਾ ਦਿੱਤੀ ਪਰ ਇਸ ਦੇ ਬਾਵਜੂਦ ਕਈ ਸਕੂਲਾਂ ਨੂੰ ਅਜੇ ਤੱਕ ਵਿਭਾਗ ਵੱਲੋਂ ਵੈਲਕਮ ਮੇਲ ਨਹੀਂ ਮਿਲੀ । ਇਸ ਕਾਰਨ ਉਨ੍ਹਾਂ ਨੂੰ ਵਿਭਾਗ ਵਲੋਂ ਕੋਈ ਈਮੇਲ ਨਹੀਂ ਮਿਲ ਰਹੀ, ਜਿਸ ਕਾਰਨ ਪ੍ਰੀਖਿਆ ਦੀਆਂ ਤਿਆਰੀਆਂ ’ਚ ਦੇਰੀ ਹੋ ਰਹੀ ਹੈ। ਸਕੂਲ ਦੇ ਇਕ ਅਧਿਆਪਕ ਨੇ ਕਿਹਾ ਕਿ ਅਸੀਂ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਈ-ਮੇਲ ਆਈ. ਡੀ. ਬਣਾਈ ਸੀ ਪਰ ਵਿਭਾਗ ਹੁਣ ਇਸ ਨੂੰ ਆਪਣੇ ਸਿਸਟਮ ਨਾਲ ਲਿੰਕ ਕਰਨ ’ਚ ਅਸਮਰੱਥ ਜਾਪਦਾ ਹੈ। ਕਈ ਵਾਰ ਮੇਲ ਚੈੱਕ ਕਰਨ ਦੇ ਬਾਵਜੂਦ ਸਾਨੂੰ ਕੋਈ ਜਾਣਕਾਰੀ ਨਹੀਂ ਮਿਲ ਰਹੀ, ਜਿਸ ਨਾਲ ਸਾਡੀਆਂ ਯੋਜਨਾਵਾਂ ਪ੍ਰਭਾਵਿਤ ਹੋ ਰਹੀਆਂ ਹਨ। ਇਸੇ ਤਰ੍ਹਾਂ ਇਕ ਹੋਰ ਅਧਿਆਪਕਾਂ ਨੇ ਆਪਣੀ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਪਹਿਲਾਂ ਕਿਹਾ ਜਾਂਦਾ ਸੀ ਕਿ ਮੁਲਾਂਕਣ ਟੂਲ ਈਮੇਲ ਰਾਹੀਂ ਭੇਜੇ ਜਾਣਗੇ ਪਰ ਜਦੋਂ ਈ-ਮੇਲ ਆਈ. ਡੀ. ’ਤੇ ਕੋਈ ਜਾਣਕਾਰੀ ਨਹੀਂ ਆ ਰਹੀ ਸੀ, ਤਾਂ ਅਸੀਂ ਇਸ ਪ੍ਰਣਾਲੀ ਦਾ ਫਾਇਦਾ ਕਿਵੇਂ ਉਠਾਉਂਦੇ ਹਾਂ ? ਵਿਭਾਗ ਨੂੰ ਖੁਦ ਇਸ ਪ੍ਰਕਿਰਿਆ ਨੂੰ ਬਿਹਤਰ ਢੰਗ ਨਾਲ ਸੰਭਾਲਣਾ ਚਾਹੀਦਾ ਹੈ। ਇਸ ਤਕਨੀਕੀ ਖ਼ਰਾਬੀ ਕਾਰਨ ਅਧਿਆਪਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਵਿਭਾਗ ਵਲੋਂ ਬਣਾਏ ਗਏ ਵਟਸਐਪ ਗਰੁੱਪ ’ਚ ਇਸ ਵਿਸ਼ੇ ’ਤੇ ਲਗਾਤਾਰ ਚਰਚਾ ਚੱਲ ਰਹੀ ਹੈ, ਜਿਸ ਕਾਰਨ ਸਕੂਲਾਂ ਦੇ ਹੋਰ ਜ਼ਰੂਰੀ ਕੰਮ ਪ੍ਰਭਾਵਿਤ ਹੋ ਰਹੇ ਹਨ। ਕਈ ਅਧਿਆਪਕ ਵਿਭਾਗ ਨਾਲ ਲਗਾਤਾਰ ਸੰਪਰਕ ਕਰ ਰਹੇ ਹਨ ਪਰ ਅਜੇ ਤੱਕ ਕੋਈ ਹੱਲ ਨਹੀਂ ਨਿਕਲਿਆ। ਵਟਸਐਪ ਗਰੁੱਪ ’ਚ ਦਿਨ ਭਰ ਇਸ ਸਮੱਸਿਆ ਦੀ ਚਰਚਾ ਹੁੰਦੀ ਰਹੀ। ਕੋਈ ਕਹਿ ਰਿਹਾ ਹੈ ਕਿ ਸਰਵਰ ਦੀ ਸਮੱਸਿਆ ਹੈ, ਕੁਝ ਕਹਿ ਰਹੇ ਹਨ ਕਿ ਮੇਲ ਭੇਜਣ ’ਚ ਦੇਰੀ ਹੋ ਰਹੀ ਹੈ ਪਰ ਅਸਲ ਸਮੱਸਿਆ ਇਹ ਹੈ ਕਿ ਵਿਭਾਗ ਖੁਦ ਵੀ ਇਸ ਸਾਰੀ ਪ੍ਰਕਿਰਿਆ ਨੂੰ ਸਹੀ ਢੰਗ ਨਾਲ ਨਜਿੱਠਣ ਦੇ ਸਮਰੱਥ ਨਹੀਂ ਹੈ। ਅਧਿਆਪਕਾਂ ਦਾ ਕਹਿਣਾ ਹੈ ਕਿ ਵਿਭਾਗ ਨੂੰ ਖੁਦ ਪ੍ਰਕਿਰਿਆ ਨੂੰ ਸੰਭਾਲਣਾ ਚਾਹੀਦਾ ਹੈ ਅਤੇ ਈ-ਮੇਲ ਆਈ.ਡੀ. ਜੋੜਨ ਅਤੇ ਮੁਲਾਂਕਣ ਟੂਲ ਭੇਜਣ ’ਚ ਹਰੇਕ ਸਕੂਲ ਦੀ ਵਿਅਕਤੀਗਤ ਤੌਰ ’ਤੇ ਮਦਦ ਕਰਨੀ ਚਾਹੀਦੀ ਹੈ।